13-AUG-PAGE-1.qxd 8/12/2025 9:24 PM Page 1

ਬੁੱਧਵਾਰ, 13 ਅਗਸਤ, 2025

29 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 73

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 13 AUGUST, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਲੈਂਡ ਪੂਲਿੰਗ ਨੀਤੀ ਦਾ ਨੋਟੀਫਿਕੇਸ਼ਨ 20 ਤੱਕ ਰੱਦ ਕਰੋ : ਐੱਸ ਕੇ ਐੱਮ



**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਸੰਬੰਧੀ ਕੀਤੇ ਐਲਾਨ ਤੋਂ ਬਾਅਦ ਮੰਗਲਵਾਰ ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਨੇ ਇੱਥੇ ਵਿਚਾਰ-ਚਰਚਾ ਕਰਕੇ ਫੈਸਲਾ ਕੀਤਾ ਕਿ ਜਦੋਂ ਤੱਕ ਪੰਜਾਬ ਸਰਕਾਰ ਲੈਂਡ ਪੂਲਿੰਗ ਨੀਤੀ ਦਾ ਨੋਟੀਫਿਕੇਸ਼ਨ ਰੱਦ ਨਹੀਂ ਕਰਦੀ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਬਲਬੀਰ ਸਿੰਘ ਰਾਜੇਵਾਲ, ਰਮਿੰਦਰ ਸਿੰਘ ਪਟਿਆਲਾ ਅਤੇ ਹੋਰਨਾਂ ਆਗੂਆਂ ਨੇ ਕਿਹਾ ਕਿ ਮੋਰਚੇ ਵੱਲੋਂ ਸਰਕਾਰ ਨੂੰ 20 ਅਗਸਤ ਤੱਕ ਦਾ ਸਮਾਂ ਦਿੱਤਾ ਗਿਆ ਹੈ। ਜੇ ਸਰਕਾਰ ਉਦੋਂ ਤੱਕ ਸਥਿਤੀ ਸਪੱਸ਼ਟ ਨਹੀਂ ਕਰਦੀ ਤਾਂ ਮੋਰਚਾ ਸੰਘਰਸ਼ ਨੂੰ ਹੋਰ ਤੇਜ਼ ਕਰੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 24 ਅਗਸਤ ਨੂੰ ਸਮਰਾਲਾ ਵਿਖੇ ਕਿਸਾਨ ਮਹਾਂ ਰੈਲੀ ਕੀਤੀ ਜਾਵੇਗੀ, ਜਿੱਥੇ ਕਿਸਾਨਾਂ ਦੀਆਂ ਮੰਗਾਂ ਉੱਤੇ ਸੰਘਰਸ਼ ਦੀ ਅਗਲੀ ਰੂਪ-ਰੇਖਾ ਉਲੀਕੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੁਫਤ ਵਪਾਰ ਸਮਝੌਤਿਆਂ ਦੇ ਖਿਲਾਫ 13 ਅਗਸਤ ਨੂੰ ਪੰਜਾਬ ਭਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੁਤਲੇ ਸਾੜੇ ਜਾਣਗੇ।

## ਸਜ਼ਾ ਪੂਰੀ ਕਰ ਚੁੱਕੇ ਕੈਦੀ ਤੁਰੰਤ ਛੱਡੇ ਜਾਣ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਉਨ੍ਹਾਂ ਕੈਦੀਆਂ ਬਾਰੇ ਚਿੰਤਾ ਜ਼ਾਹਰ ਕੀਤੀ, ਜੋ ਆਪਣੀ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਜੇਲ੍ਹਾਂ ਵਿੱਚ ਬੰਦ ਹਨ। ਉਸ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਨਿਰਦੇਸ਼ ਦਿੱਤੇ ਕਿ ਜੇ ਅਜਿਹੇ ਕਿਸੇ ਦੋਸ਼ੀ ਦੀ ਕਿਸੇ ਹੋਰ ਕੇਸ ਵਿੱਚ ਲੋੜ ਨਹੀਂ ਹੈ ਤਾਂ ਉਸ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਜਸਟਿਸ ਬੀ ਵੀ ਨਾਗਰਤਨਾ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ 2002 ਦੇ ਨੀਤੀਸ਼ ਕਟਾਰਾ ਕਤਲ ਕੇਸ ਵਿੱਚ ਸੁਖਦੇਵ ਯਾਦਵ ਉਰਫ ਪਹਿਲਵਾਨ ਦੀ ਰਿਹਾਈ ਦਾ ਹੁਕਮ ਦਿੰਦੇ ਹੋਏ ਇਹ ਨਿਰਦੇਸ਼ ਦਿੱਤਾ। ਅਦਾਲਤ ਨੇ ਕਿਹਾ ਕਿ ਯਾਦਵ ਨੇ ਇਸ ਸਾਲ ਮਾਰਚ ਵਿੱਚ ਬਿਨਾਂ ਕਿਸੇ ਛੋਟ ਦੇ ਆਪਣੀ 20 ਸਾਲ ਦੀ ਸਜ਼ਾ ਪੂਰੀ ਕਰ ਲਈ ਸੀ।

ਬੈਂਚ ਨੇ ਕਿਹਾ, "ਇਸ ਹੁਕਮ ਦੀ ਕਾਪੀ ਰਜਿਸਟਰੀ ਰਾਹੀਂ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਗ੍ਰਹਿ ਸਕੱਤਰਾਂ ਨੂੰ ਭੇਜੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਕੀ ਕੋਈ ਦੋਸ਼ੀ ਜਾਂ ਕੈਦੀ ਸਜ਼ਾ ਦੀ ਮਿਆਦ ਤੋਂ ਬਾਅਦ ਵੀ ਜੇਲ੍ਹ ਵਿੱਚ ਰਿਹਾ ਹੈ। ਜੇ ਅਜਿਹਾ ਹੈ ਤਾਂ ਅਜਿਹੇ ਦੋਸ਼ੀਆਂ ਨੂੰ ਰਿਹਾਅ ਕਰਨ ਲਈ ਨਿਰਦੇਸ਼ ਜਾਰੀ ਕੀਤੇ ਜਾਣ, ਜੇ ਉਨ੍ਹਾਂ ਦੀ ਕਿਸੇ ਹੋਰ ਮਾਮਲੇ ਵਿੱਚ ਲੋੜ ਨਾ ਹੋਵੇ। ਇਸੇ ਤਰ੍ਹਾਂ ਦੀ ਇੱਕ ਕਾਪੀ ਮੈਂਬਰ ਸਕੱਤਰ ਨੈਸ਼ਨਲ ਲੀਗਲ ਸਰਵਿਸ ਅਥਾਰਟੀਜ਼ ਨੂੰ ਅੱਗੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਲੀਗਲ ਸਰਵਿਸ ਅਥਾਰਟੀਜ਼ ਦੇ ਮੈਂਬਰ ਸਕੱਤਰਾਂ ਨੂੰ ਭੇਜੀ ਜਾਵੇ ਤਾਂ ਜੋ ਰਾਜਾਂ ਵਿੱਚ ਜ਼ਿਲ੍ਹਾ ਲੀਗਲ ਸਰਵਿਸ ਅਥਾਰਟੀਜ਼ ਨੂੰ ਇਸ ਫੈਸਲੇ ਨੂੰ ਲਾਗੂ ਕਰਨ ਲਈ ਕਿਹਾ ਜਾ ਸਕੇ।"

ਸੁਪਰੀਮ ਕੋਰਟ ਨੇ ਕਿਹਾ ਕਿ ਯਾਦਵ ਨੂੰ ਆਪਣੀ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਅ ਕਰ ਦਿੱਤਾ ਜਾਣਾ ਚਾਹੀਦਾ ਸੀ। ਬੈਂਚ ਨੇ ਕਿਹਾ, "9 ਮਾਰਚ, 2025 ਤੋਂ ਬਾਅਦ ਅਪੀਲਕਰਤਾ ਦੀ ਕੋਈ ਹੋਰ ਕੈਦ ਨਹੀਂ ਹੋ ਸਕਦੀ... ਅਸਲ ਵਿੱਚ 10 ਮਾਰਚ, 2025 ਨੂੰ ਅਪੀਲਕਰਤਾ ਨੂੰ ਰਿਹਾਅ ਕਰ ਦਿੱਤਾ ਜਾਣਾ ਚਾਹੀਦਾ ਸੀ, ਕਿਉਂਕਿ ਉਸ ਨੇ ਆਪਣੀ ਸਜ਼ਾ ਪੂਰੀ ਕਰ ਲਈ ਸੀ।" ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਯਾਦਵ ਨੂੰ ਤਿੰਨ ਮਹੀਨਿਆਂ ਦੀ ਫਰਲੋ ਦਿੱਤੀ ਸੀ, ਕਿਉਂਕਿ ਉਸ ਨੇ ਬਿਨਾਂ ਕਿਸੇ ਛੋਟ ਦੇ ਲਗਾਤਾਰ 20 ਸਾਲ ਕੈਦ ਕੱਟੀ ਸੀ। (ਫਰਲੋ ਜੇਲ੍ਹ ਤੋਂ ਇੱਕ ਅਸਥਾਈ ਰਿਹਾਈ ਹੁੰਦੀ ਹੈ, ਪੂਰੀ ਸਜ਼ਾ ਦੀ ਮੁਅੱਤਲੀ ਜਾਂ ਛੋਟ ਨਹੀਂ ਹੁੰਦੀ, ਅਤੇ ਇਹ ਆਮ ਤੌਰ 'ਤੇ ਲੰਬੇ ਸਮੇਂ ਦੇ ਕੈਦੀਆਂ ਨੂੰ ਦਿੱਤੀ ਜਾਂਦੀ ਹੈ, ਜਿਨ੍ਹਾਂ ਨੇ ਆਪਣੀ ਸਜ਼ਾ ਦਾ ਕੁਝ ਹਿੱਸਾ ਕੱਟਿਆ ਹੁੰਦਾ ਹੈ।)

ਯਾਦਵ ਦੀ ਪਟੀਸ਼ਨ ਨੇ ਦਿੱਲੀ ਹਾਈ ਕੋਰਟ ਦੇ ਨਵੰਬਰ 2024 ਦੇ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸ ਨੇ ਉਸ ਨੂੰ ਤਿੰਨ ਹਫਤਿਆਂ ਲਈ ਫਰਲੋ 'ਤੇ ਰਿਹਾਅ ਕਰਨ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ।

3 ਅਕਤੂਬਰ 2016 ਨੂੰ ਸੁਪਰੀਮ ਕੋਰਟ ਨੇ ਨੀਤੀਸ਼ ਕਟਾਰਾ ਦੇ ਸਨਸਨੀਖੇਜ਼ ਅਗਵਾ ਅਤੇ ਕਤਲ ਵਿੱਚ ਭੂਮਿਕਾ ਲਈ ਵਿਕਾਸ ਯਾਦਵ ਅਤੇ ਉਸ ਦੇ ਚਚੇਰੇ ਭਰਾ ਵਿਸ਼ਾਲ ਯਾਦਵ ਨੂੰ ਬਿਨਾਂ ਕਿਸੇ ਛੋਟ ਦੇ 25 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਸੀ। ਸਹਿ-ਦੋਸ਼ੀ ਸੁਖਦੇਵ ਯਾਦਵ ਨੂੰ 20 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ ਸੀ।

ਉਨ੍ਹਾਂ ਨੂੰ 16 ਅਤੇ 17 ਫਰਵਰੀ, 2002 ਦੀ ਦਰਮਿਆਨੀ ਰਾਤ ਨੂੰ ਇੱਕ ਵਿਆਹ ਦੀ ਪਾਰਟੀ ਤੋਂ ਕਟਾਰਾ ਨੂੰ ਅਗਵਾ ਕਰਨ ਅਤੇ ਫਿਰ ਵਿਕਾਸ ਦੀ ਭੈਣ ਭਾਰਤੀ ਯਾਦਵ ਨਾਲ ਉਸ ਦੇ ਕਥਿਤ ਸੰਬੰਧਾਂ ਕਾਰਨ ਉਸ ਨੂੰ ਮਾਰਨ ਲਈ ਦੋਸ਼ੀ ਠਹਿਰਾਇਆ ਗਿਆ ਸੀ। ਭਾਰਤੀ ਯੂ ਪੀ ਦੇ ਸਿਆਸਤਦਾਨ ਡੀ ਪੀ ਯਾਦਵ ਦੀ ਧੀ ਹੈ। ਟਰਾਇਲ ਕੋਰਟ ਨੇ ਕਿਹਾ ਕਿ ਕਟਾਰਾ ਦਾ ਕਤਲ ਇਸ ਲਈ ਕੀਤਾ ਗਿਆ ਕਿਉਂਕਿ ਵਿਸ਼ਾਲ ਅਤੇ ਵਿਕਾਸ ਯਾਦਵ ਉਨ੍ਹਾਂ ਦੀਆਂ ਵੱਖ-ਵੱਖ ਜਾਤਾਂ ਕਾਰਨ ਭਾਰਤੀ ਨਾਲ ਉਸ ਦੇ ਸੰਬੰਧਾਂ ਨੂੰ ਮਨਜ਼ੂਰੀ ਨਹੀਂ ਦਿੰਦੇ ਸਨ।

## ਗਾਂ ਨੂੰ ਕੌਮੀ ਜਾਨਵਰ ਐਲਾਨਣ ਦੀ ਯੋਜਨਾ ਨਹੀਂ



**ਨਵੀਂ ਦਿੱਲੀ** : ਕੇਂਦਰੀ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਰਾਜ ਮੰਤਰੀ ਐੱਸ ਪੀ ਸਿੰਘ ਬਘੇਲ ਨੇ ਮੰਗਲਵਾਰ ਲੋਕ ਸਭਾ ਨੂੰ ਦੱਸਿਆ ਕਿ ਕੇਂਦਰ ਸਰਕਾਰ ਦੀ ਗਾਂ ਨੂੰ ਕੌਮੀ ਜਾਨਵਰ/ਪਸ਼ੂ ਐਲਾਨਣ ਲਈ ਕਾਨੂੰਨ ਬਣਾਉਣ ਦੀ ਕੋਈ ਯੋਜਨਾ ਨਹੀਂ ਹੈ।

ਸੀਨੀਅਰ ਭਾਜਪਾ ਨੇਤਾ ਅਤੇ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਦੇ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਬਘੇਲ ਨੇ ਕਿਹਾ, 'ਨਹੀਂ, ਸ੍ਰੀਮਾਨ, ਸੰਵਿਧਾਨ ਦੀ ਧਾਰਾ 246 (3) ਦੇ ਅਨੁਸਾਰ ਕੇਂਦਰ ਅਤੇ ਰਾਜਾਂ ਵਿਚਕਾਰ ਵਿਧਾਨਕ ਸ਼ਕਤੀਆਂ ਦੀ ਵੰਡ ਦੇ ਤਹਿਤ ਜਾਨਵਰਾਂ ਦੀ ਸੰਭਾਲ ਇੱਕ ਅਜਿਹਾ ਮਾਮਲਾ ਹੈ, ਜਿਸ 'ਤੇ ਰਾਜ ਵਿਧਾਨ ਸਭਾਵਾਂ ਕੋਲ ਕਾਨੂੰਨ ਬਣਾਉਣ ਦੀਆਂ ਵਿਸ਼ੇਸ਼ ਸ਼ਕਤੀਆਂ ਹਨ।'

ਬਘੇਲ ਨੇ ਕਿਹਾ ਕਿ ਕੇਂਦਰ ਸਰਕਾਰ ਦਸੰਬਰ 2014 ਤੋਂ ਰਾਸ਼ਟਰੀ ਗੋਕੁਲ ਮਿਸ਼ਨ ਨੂੰ ਲਾਗੂ ਕਰ ਰਹੀ ਹੈ, ਤਾਂ ਜੋ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵੱਲੋਂ ਗਾਵਾਂ ਦੀ ਸੁਰੱਖਿਆ ਅਤੇ ਪਾਲਣ-ਪੋਸ਼ਣ ਲਈ ਕੀਤੀਆਂ ਗਈਆਂ ਪਹਿਲਕਦਮੀਆਂ ਦਾ ਸਮਰਥਨ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਮਜ਼ਬੂਤੀ ਦਿੱਤੀ ਜਾ ਸਕੇ।

ਦੁੱਧ ਉਤਪਾਦਨ ਬਾਰੇ ਬਘੇਲ ਨੇ ਸਦਨ ਨੂੰ ਦੱਸਿਆ ਕਿ 2024 ਵਿੱਚ ਦੇਸ਼ 'ਚ ਕੁੱਲ 23.93 ਕਰੋੜ ਟਨ ਦੁੱਧ ਦੀ ਪੈਦਾਵਾਰ ਹੋਈ ਅਤੇ ਇਸ ਵਿੱਚ ਗਾਂ ਦੇ ਦੁੱਧ ਦਾ ਯੋਗਦਾਨ 53.12 ਫੀਸਦੀ ਸੀ, ਜਦੋਂ ਕਿ ਮੱਝਾਂ ਦੇ ਦੁੱਧ ਦਾ ਯੋਗਦਾਨ 43.62 ਫੀਸਦੀ ਸੀ।

## ਲੈਂਡ ਪੂਲਿੰਗ ਨੀਤੀ ਵਾਪਸ ਲੈਣਾ ਕਿਸਾਨਾਂ ਤੇ ਲੋਕ ਸ਼ਕਤੀਆਂ ਦੀ ਜਿੱਤ : ਬੰਤ ਬਰਾੜ

**ਚੰਡੀਗੜ੍ਹ** : ਪੰਜਾਬ ਸਰਕਾਰ ਦੀਆਂ ਕਿਸਾਨ ਵਿਰੋਧੀ ਅਤੇ ਲੋਕ ਵਿਰੋਧੀ ਨੀਤੀਆਂ ਤੇ ਕਾਰਵਾਈਆਂ ਨੂੰ ਉਦੋਂ ਮੂੰਹ ਦੀ ਖਾਣੀ ਪਈ, ਜਦੋਂ ਉਹ ਕਿਸਾਨਾਂ ਦੀ ਜ਼ਮੀਨ ਖੋਹ ਕੇ ਬਿਲਡਰਾਂ, ਕਾਰਪੋਰੇਟਾਂ ਨੂੰ ਦੇਣ ਵਾਲੀ ਲੈਂਡ ਪੂਲਿੰਗ ਨੀਤੀ ਨੂੰ ਵਾਪਸ ਲੈਣ ਲਈ ਮਜਬੂਰ ਹੋ ਗਈ।

ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਇਸ ਜਿੱਤ ਉਤੇ ਕਿਸਾਨ ਜਥੇਬੰਦੀਆਂ ਅਤੇ ਉਹਨਾਂ ਨਾਲ ਖੜ੍ਹੀਆਂ ਕਿਸਾਨ ਹਿੱਤੂ ਜਮਹੂਰੀ ਤਾਕਤਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਕਿਸਾਨਾਂ ਦੇ ਸਾਂਝੇ ਅੰਦੋਲਨਕਾਰੀ ਸੰਘਰਸ਼ ਨੇ ਕੇਜਰੀਵਾਲ ਨੂੰ, ਜਿਸ ਨੇ ਭਾਜਪਾ ਸਰਕਾਰ ਦੇ ਤਿੰਨ ਕਾਲੇ ਕਾਨੂੰਨਾਂ ਦੀ ਹਮਾਇਤ ਕੀਤੀ ਸੀ ਅਤੇ ਉਹਨਾਂ ਦੇ ਸ਼ਿਕੰਜੇ ਵਿਚ ਆਈ ਪੰਜਾਬ ਸਰਕਾਰ ਨੂੰ ਉਵੇਂ ਹੀ ਮਾਤ ਦਿੱਤੀ ਹੈ, ਜਿਵੇਂ ਉਹਨਾਂ ਮੋਦੀ ਸਰਕਾਰ ਦੇ ਕੇਜਰੀਵਾਲ ਸਮਰਥਿਤ ਤਿੰਨ ਕਾਲੇ ਕਾਨੂੰਨਾਂ ਨੂੰ ਮਾਤ ਦਿੱਤੀ ਸੀ ਅਤੇ ਕੇਂਦਰ ਨੂੰ ਕਈ ਸਾਲ ਚੱਲੇ ਜ਼ਬਰਦਸਤ ਕਿਸਾਨ ਅੰਦੋਲਨ ਅੱਗੇ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ ਸੀ। ਸਾਥੀ ਬਰਾੜ ਨੇ ਕਿਹਾ ਕਿ ਦਿੱਲੀ ਵਿਚ ਹਾਰ ਕੇ ਕੇਜਰੀਵਾਲ ਅਤੇ ਉਹਨਾ ਦੇ ਸਾਥੀ ਪੰਜਾਬ ਵਿਚ ਨਾ ਕੇਵਲ ਦਖਲ ਦੇ ਰਹੇ ਹਨ, ਸਗੋਂ ਅਮਲ ਵਿਚ ਪੰਜਾਬ ਸਰਕਾਰ ਨੂੰ ਹੀ ਚਲਾ ਰਹੇ ਹਨ ਅਤੇ ਲੋਕ ਵਿਰੋਧੀ ਫੈਸਲੇ ਲੈ ਰਹੇ ਹਨ ਅਤੇ ਲੱਖਾਂ ਦਾ ਖਰਚਾ ਪੰਜਾਬ ਦੇ ਲੋਕਾਂ ਸਿਰੋਂ ਲੈ ਰਹੇ ਹਨ। ਪੰਜਾਬ ਦੇ ਲੋਕ ਇਸ ਧੱਕੜ ਦਖਲਅੰਦਾਜ਼ੀ ਨੂੰ ਨਾਪਸੰਦ ਕਰਦੇ ਹਨ ਅਤੇ ਬਰਦਾਸ਼ਤ ਨਹੀਂ ਕਰਨਗੇ।

ਉਹਨਾ ਮੰਗ ਕੀਤੀ ਕਿ ਬਿੱਲ ਵਾਪਸ ਲੈਣ ਦੇ ਫੈਸਲੇ ਬਾਰੇ ਵਿਧਾਨ ਸਭਾ ਵਿਚ ਬਕਾਇਦਾ ਪਾਸ ਕੀਤਾ ਜਾਵੇ ਅਤੇ ਨੋਟੀਫਿਕੇਸ਼ਨ ਨੂੰ ਰੱਦ ਕੀਤਾ ਜਾਵੇ. ਨਾਲ ਹੀ ਉਨ੍ਹਾ ਕਿਸਾਨ ਜਥੇਬੰਦੀਆਂ ਅਤੇ ਪੰਜਾਬ ਦੇ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ ਹੈ।

## ਦੁੱਧ 'ਚ ਮਿਲਾਵਟ ਦੇ ਮਾਮਲੇ ਵਧੇ

**ਨਵੀਂ ਦਿੱਲੀ** : ਸਰਕਾਰ ਨੇ ਮੰਗਲਵਾਰ ਸੰਸਦ ਨੂੰ ਦੱਸਿਆ ਕਿ ਵਿੱਤੀ ਸਾਲ 2024-25 ਦੌਰਾਨ ਨਕਲੀ ਅਤੇ ਮਿਲਾਵਟੀ ਦੁੱਧ ਨਾਲ ਸੰਬੰਧਤ 8815 ਮਾਮਲਿਆਂ ਵਿੱਚ 36.72 ਕਰੋੜ ਰੁਪਏ ਦੇ ਜੁਰਮਾਨੇ ਲਗਾਏ ਗਏ ਹਨ, ਜੋ ਕਿ ਪਿਛਲੇ ਵਿੱਤੀ ਸਾਲਾਂ ਨਾਲੋਂ ਵੱਧ ਹਨ। ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਰਾਜ ਮੰਤਰੀ ਐੱਸ ਪੀ ਸਿੰਘ ਬਘੇਲ ਨੇ ਲੋਕ ਸਭਾ ਵਿੱਚ ਲਿਖਤੀ ਜਵਾਬ ਵਿੱਚ ਕਿਹਾ ਕਿ ਦੁੱਧ ਵਿੱਚ ਮਿਲਾਵਟ ਨੂੰ ਰੋਕਣ ਲਈ ਤਿਉਹਾਰਾਂ ਦੇ ਸੀਜ਼ਨ ਦੌਰਾਨ ਨਿਗਰਾਨੀ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ।

ਮੰਤਰੀ ਬਘੇਲ ਨੇ ਕਿਹਾ ਕਿ ਪੂਰੇ ਸਾਲ ਦੌਰਾਨ 33,405 ਦੁੱਧ ਦੇ ਨਮੂਨੇ ਲਏ ਗਏ ਅਤੇ ਵਿਸਲੇਸ਼ਣ ਤੋਂ ਬਾਅਦ ਇਸ ਦੇ ਨਤੀਜੇ ਵਜੋਂ 12,057 ਮਾਮਲੇ ਦਰਜ ਕੀਤੇ ਗਏ। ਇਨ੍ਹਾਂ ਵਿੱਚੋਂ 8,815 ਮਾਮਲਿਆਂ ਵਿੱਚ ਜ਼ਿੰਮੇਵਾਰ ਵਿਅਕਤੀ ਦੋਸ਼ੀ ਠਹਿਰਾਏ ਗਏ ਅਤੇ 36.72 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਪਿਛਲੇ ਤਿੰਨ ਸਾਲਾਂ ਵਿੱਚ ਜੁਰਮਾਨੇ ਦੀ ਰਕਮ ਵਿੱਚ ਲਗਾਤਾਰ ਵਾਧਾ ਹੋਇਆ ਹੈ। 2023-24 ਵਿੱਚ 34.83 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਸੀ, ਜਦੋਂ ਕਿ 2022-23 ਵਿੱਚ ਇਹ ਜੁਰਮਾਨਾ 24.30 ਕਰੋੜ ਰੁਪਏ ਸੀ।

## ਬਿਹਾਰ ਵੋਟਰ ਸੂਚੀਆਂ ਦੀ ਸੁਧਾਈ ਦਾ ਵਿਵਾਦ ਭਰੋਸੇ ਦੀ ਘਾਟ ਦਾ ਮੁੱਦਾ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਦੇ ਵਿਵਾਦ ਨੂੰ 'ਮੁੱਖ ਤੌਰ 'ਤੇ ਭਰੋਸੇ ਦੀ ਘਾਟ ਵਾਲਾ ਮੁੱਦਾ' ਕਰਾਰ ਦਿੱਤਾ, ਕਿਉਂਕਿ ਭਾਰਤੀ ਚੋਣ ਕਮਿਸ਼ਨ ਨੇ ਦਾਅਵਾ ਕੀਤਾ ਸੀ ਕਿ ਕੁੱਲ 7.9 ਕਰੋੜ ਵੋਟਰ ਆਬਾਦੀ ਵਿੱਚੋਂ ਲਗਭਗ 6.5 ਕਰੋੜ ਲੋਕਾਂ ਨੂੰ 2003 ਦੀ ਵੋਟਰ ਸੂਚੀ ਵਿੱਚ ਸ਼ਾਮਲ ਆਪਣੇ ਜਾਂ ਆਪਣੇ ਮਾਪਿਆਂ ਲਈ ਕੋਈ ਦਸਤਾਵੇਜ਼ ਦਾਖਲ ਕਰਨ ਦੀ ਲੋੜ ਨਹੀਂ ਸੀ।

ਸੁਪਰੀਮ ਕੋਰਟ ਬਿਹਾਰ ਵਿੱਚ ਚੋਣ ਕਮਿਸ਼ਨ ਵੱਲੋਂ ਕੀਤੀ ਜਾ ਰਹੀ ਵੋਟਰ ਸੂਚੀਆਂ ਦੀ ਵਿਆਪਕ ਸੋਧ ਦੀ ਕਾਰਵਾਈ ਖਿਲਾਫ ਪਟੀਸ਼ਨਾਂ ਦੇ ਇੱਕ ਸਮੂਹ ਦੀ ਸੁਣਵਾਈ ਕਰ ਰਹੀ ਹੈ।

ਸੁਣਵਾਈ ਦੌਰਾਨ ਜਸਟਿਸ ਸੂਰੀਆ ਕਾਂਤ ਨੇ ਚੋਣ ਕਮਿਸ਼ਨ ਦੇ ਇਸ ਦਾਅਵੇ ਦੀ ਹਮਾਇਤ ਕੀਤੀ ਕਿ ਆਧਾਰ ਕਾਰਡ ਨੂੰ ਨਾਗਰਿਕਤਾ ਦਾ ਨਿਰਣਾਇਕ ਸਬੂਤ ਨਹੀਂ ਮੰਨਿਆ ਜਾ ਸਕਦਾ। ਤਾਂ ਵੀ, ਕੋਰਟ ਨੇ ਕਿਹਾ ਕਿ ਜੇ ਵੋਟਰ ਸੁਧਾਈ ਵਿੱਚ ਗੜਬੜ ਸਿੱਧ ਹੋ ਗਈ ਤਾਂ ਪ੍ਰਕ੍ਰਿਆ ਦੇ ਨਤੀਜੇ ਨੂੰ ਰੱਦ ਕੀਤਾ ਜਾ ਸਕਦਾ ਹੈ।

ਪਟੀਸ਼ਨਰਾਂ ਨੇ ਕਿਹਾ ਕਿ ਵੋਟਰ ਸੁਧਾਈ ਦੌਰਾਨ ਸੰਵਿਧਾਨਕ ਵਿਵਸਥਾਵਾਂ ਨੂੰ ਖੁੱਲ੍ਹੇਆਮ ਦਰਕਿਨਾਰ ਕਰਕੇ ਬੀ ਐੱਲ ਓ ਤੇ ਹੋਰਨਾਂ ਅਧਿਕਾਰੀਆਂ ਨੇ ਮਨਮਾਨੀ ਕੀਤੀ ਹੈ। ਸੁਣਵਾਈ ਬੁੱਧਵਾਰ ਵੀ ਜਾਰੀ ਰਹੇਗੀ।

## 50 ਕਿਸਾਨ ਪਾਕਿਸਤਾਨ ਵੱਲ ਰੁੜ੍ਹ ਚੱਲੇ ਸੀ...

**ਮਮਦੋਟ** : ਸਤਲੁਜ ਦਰਿਆ ਵਿੱਚ ਪਾਣੀ ਦਾ ਵਹਾਅ ਅਚਾਨਕ ਵਧਣ ਕਾਰਨ ਕਰੀਬ 50 ਕਿਸਾਨਾਂ ਦਾ ਬੇੜਾ ਪਾਕਿਸਤਾਨ ਵੱਲ ਰੁੜ੍ਹਨ ਤੋਂ ਮਸਾਂ ਬਚਿਆ। ਦਰਿਆ ਤੋਂ ਪਾਰ ਖੇਤੀ ਕਰਦੇ ਕਿਸਾਨ, ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਸਨ, ਵਾਪਸ ਪਰਤ ਰਹੇ ਸਨ। ਬੇੜਾ ਪਾਣੀ ਦੇ ਤੇਜ਼ ਵਹਾਅ ਕਾਰਨ ਕਾਫੀ ਦੂਰ ਤੱਕ ਦਰਿਆ ਵਿੱਚ ਚਲਿਆ ਗਿਆ, ਜਿਸ ਨੂੰ ਕੁਝ ਹਿੰਮਤੀ ਕਿਸਾਨਾਂ ਨੇ ਛੋਟੀ ਬੇੜੀ ਰਾਹੀਂ ਰੱਸੇ ਦੀ ਮਦਦ ਨਾਲ ਕਿਨਾਰੇ 'ਤੇ ਲਿਆਂਦਾ। ਪਿੰਡ ਗਜਨੀਵਾਲਾ ਦੇ ਕਿਸਾਨਾਂ ਦੀ ਜ਼ਮੀਨ ਸਤਲੁਜ ਦਰਿਆ ਤੋਂ ਪਾਰ ਹੋਣ ਕਰਕੇ ਉਨ੍ਹਾਂ ਨੂੰ ਰੋਜ਼ਾਨਾ ਖੇਤੀ ਕਰਨ ਲਈ ਆਪਣੀਆਂ ਜ਼ਮੀਨਾਂ ਵਿੱਚ ਬੇੜੇ ਰਾਹੀਂ ਦਰਿਆ ਤੋਂ ਪਾਰ ਜਾਣਾ ਪੈਂਦਾ ਹੈ ਅਤੇ ਸ਼ਾਮ ਨੂੰ ਰੋਜ਼ਾਨਾ ਵਾਪਸ ਆਉਣਾ ਪੈਂਦਾ ਹੈ। ਉਕਤ ਪਿੰਡ ਦੀ ਕਰੀਬ 2500 ਤੋਂ 3000 ਏਕੜ ਦੇ ਕਰੀਬ ਜ਼ਮੀਨ ਦਰਿਆ ਤੋਂ ਪਾਰ ਹੈ।

### ਜਸਟਿਸ ਵਰਮਾ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਕਾਇਮ

**ਨਵੀਂ ਦਿੱਲੀ** : ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਹਾਈ ਕੋਰਟ ਦੇ ਜੱਜ ਜਸਟਿਸ ਯਸ਼ਵੰਤ ਵਰਮਾ ਖਿਲਾਫ ਦੋਸ਼ਾਂ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਐਲਾਨ ਦਿੱਤੀ ਹੈ। ਸੁਪਰੀਮ ਕੋਰਟ ਦੇ ਜੱਜ ਅਰਵਿੰਦ ਕੁਮਾਰ, ਮਦਰਾਸ ਹਾਈ ਕੋਰਟ ਦੇ ਚੀਫ ਜਸਟਿਸ ਮਨਿੰਦਰ ਮੋਹਨ ਸ੍ਰੀਵਾਸਤਵ ਅਤੇ ਕਾਨੂੰਨਦਾਨ ਬੀ ਵੀ ਆਚਾਰੀਆ ਜਸਟਿਸ ਵਰਮਾ ਵਿਰੁੱਧ ਦੋਸ਼ਾਂ ਦੀ ਜਾਂਚ ਕਰਨਗੇ। ਸਪੀਕਰ ਨੇ ਮੰਗਲਵਾਰ ਨੂੰ ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਖਿਲਾਫ ਮਹਾਂਦੋਸ਼ ਲਈ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ।

### ਹੇਮਕੁੰਟ ਯਾਤਰਾ ਰੋਕੀ

**ਦੇਹਰਾਦੂਨ** : ਉੱਤਰਾਖੰਡ ਵਿਚ ਲਗਾਤਾਰ ਪੈ ਰਹੇ ਮੀਂਹ ਤੇ ਅਗਲੇ ਦਿਨਾਂ ਵਿਚ ਹੋਰ ਮੀਂਹ ਪੈਣ ਦੀ ਭਵਿੱਖਬਾਣੀ ਦੇ ਮੱਦੇਨਜ਼ਰ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੋ ਦਿਨ 13 ਅਤੇ 14 ਅਗਸਤ ਲਈ ਰੋਕ ਦਿੱਤੀ ਗਈ ਹੈ।

### ਮਜੀਠੀਆ ਨੂੰ ਰਾਹਤ ਨਹੀਂ

**ਮੁਹਾਲੀ** : ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕਥਿਤ ਦੋਸ਼ਾਂ ਅਧੀਨ ਨਾਭਾ ਦੀ ਨਿਊ ਜੇਲ੍ਹ ਵਿੱਚ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮੁਹਾਲੀ ਦੀ ਅਦਾਲਤ ਵਿੱਚੋਂ ਮੰਗਲਵਾਰ ਵੀ ਕੋਈ ਰਾਹਤ ਨਹੀਂ ਮਿਲ ਸਕੀ। ਸਰਕਾਰੀ ਅਤੇ ਬਚਾਓ ਪੱਖ ਦੇ ਵਕੀਲਾਂ ਨੂੰ ਸੁਣਨ ਤੋਂ ਬਾਅਦ ਅਦਾਲਤ ਨੇ ਮਾਮਲੇ ਦੀ ਸੁਣਵਾਈ 13 ਅਗਸਤ 'ਤੇ ਪਾ ਦਿੱਤੀ। ਇਸੇ ਤਰ੍ਹਾਂ ਮਜੀਠੀਆ ਦੀ ਬੈਰਕ ਬਦਲਣ ਦੀ ਮੰਗ ਉੱਤੇ ਸੁਣਵਾਈ 21 ਅਗਸਤ 'ਤੇ ਪੈ ਗਈ ਹੈ।


### ਰੰਗਦਾਰ ਵਿਸ਼ੇਸ਼ ਸਪਲੀਮੈਂਟ



15 ਅਗਸਤ ਅਤੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ **ਗੜ੍ਹਸ਼ੰਕਰ** ਤੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਫੂਲਾ ਰਾਮ ਬੀਰਮਪੁਰ** ਨਾਲ ਮੋਬਾਇਲ ਨੰਬਰ 82830-11843 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ


## ਪੰਜਾਬ ਏਟਕ ਵੱਲੋਂ ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ

**ਪਟਿਆਲਾ** : ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਬਿਆਨ ਜਾਰੀ ਕਰਦਿਆਂ ਪੰਜਾਬ ਏਟਕ ਵੱਲੋਂ ਬਿਜਲੀ ਮੁਲਾਜ਼ਮਾਂ ਦੇ ਸਾਂਝੇ ਸੰਘਰਸ਼ ਦੀ ਪੁਰਜੋਰ ਹਮਾਇਤ ਕੀਤੀ ਅਤੇ ਪੰਜਾਬ ਦੇ ਮੁੱਖ ਮੰਤਰੀ, ਬਿਜਲੀ ਮੰਤਰੀ, ਬਿਜਲੀ ਅਦਾਰੇ ਦੀ ਸਮੁੱਚੀ ਮੈਨੇਜਮੈਂਟ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੀ ਐੱਸ ਈ ਬੀ ਇੰਪਲਾਈਜ਼ ਜਾਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ ਤੋਂ ਇਲਾਵਾ ਬਿਜਲੀ ਅਦਾਰੇ ਵਿੱਚ ਕੰਮ ਕਰਦੀਆਂ ਕਈ ਹੋਰ ਜਥੇਬੰਦੀਆਂ ਵੱਲੋਂ ਕਾਫੀ ਸਮੇਂ ਤੋਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਦੇ ਵਿਰੋਧ ਵਿੱਚ 80 ਫੀਸਦੀ ਤੋਂ ਵੱਧ ਕਰਮਚਾਰੀਆਂ ਵੱਲੋਂ 11 ਅਗਸਤ ਤੋਂ ਤਿੰਨ ਦਿਨ ਲਈ ਸਮੂਹਿਕ ਛੁੱਟੀ 'ਤੇ ਚਲੇ ਜਾਣਾ ਸਾਬਤ ਕਰਦਾ ਹੈ ਕਿ ਬਿਜਲੀ ਅਦਾਰੇ ਦੀ ਮੈਨੇਜਮੈਂਟ ਅਤੇ ਬਿਜਲੀ ਮੰਤਰਾਲਾ ਕਿੰਨਾ ਨਿਰਦਈ ਤਰੀਕੇ ਨਾਲ ਮੁਲਾਜ਼ਮਾਂ ਦੇ ਕਾਨੂੰਨੀ ਹੱਕਾਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਜਦੋਂ ਕਰਮਚਾਰੀਆਂ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਏਨੀ ਵਿਆਪਕ ਬੇਚੈਨੀ ਅਤੇ ਬੇਵਿਸ਼ਵਾਸੀ ਪਾਈ ਜਾ ਰਹੀ ਹੈ ਅਤੇ ਉਹਨਾਂ ਵੱਲੋਂ ਵਿਆਪਕ ਪੈਮਾਨੇ 'ਤੇ ਛੁੱਟੀਆਂ ਲੈ ਕੇ ਜ਼ਬਰਦਸਤ ਰੋਸ ਪ੍ਰਗਟ ਕੀਤਾ ਜਾ ਰਿਹਾ ਹੋਵੇ ਤਾਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਬਿਜਲੀ ਖੇਤਰ ਦੀ ਮੈਨੇਜਮੈਂਟ ਅਤੇ ਸਰਕਾਰ ਕਿਸ ਕਦਰ ਧੱਕੇਸ਼ਾਹੀ ਕਰ ਰਹੀ ਹੈ ਅਤੇ ਆਪਣੇ ਲੋਕ ਵਿਰੋਧੀ ਚਿਹਰੇ ਦਾ ਪ੍ਰਗਟਾਵਾ ਕਰ ਰਹੀ ਹੈ।



ਬਰਾੜ ਅਤੇ ਧਾਲੀਵਾਲ ਨੇ ਪੰਜਾਬ ਸਰਕਾਰ, ਬਿਜਲੀ ਮੰਤਰੀ ਅਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਨੂੰ ਪੰਜਾਬ ਏਟਕ ਵੱਲੋਂ ਜ਼ੋਰ ਦੇ ਕੇ ਕਿਹਾ ਕਿ 2 ਜੂਨ ਨੂੰ ਬਿਜਲੀ ਮੰਤਰੀ ਅਤੇ ਮੈਨੇਜਮੈਂਟ ਨਾਲ ਬਿਜਲੀ ਮੁਲਾਜ਼ਮ ਜਥੇਬੰਦੀਆਂ ਦੀ ਹੋਈ ਮੀਟਿੰਗ ਵਿੱਚ ਮੰਨੀਆਂ ਮੰਗਾਂ ਵਾਅਦੇ ਮੁਤਾਬਕ ਲਾਗੂ ਕੀਤੀਆਂ ਜਾਣ, ਜਿਸ ਕਾਰਨ 27 ਜੁਲਾਈ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮੁਲਾਜ਼ਮਾਂ ਨੇ ਮੰਤਰੀ ਦੀ ਰਿਹਾਇਸ਼ ਦੇ ਬਾਹਰ ਧਰਨਾ ਦੇ ਕੇ ਅਤੇ ਹੁਣ 11 ਅਗਸਤ ਤੋਂ 13 ਅਗਸਤ ਤੱਕ 80 ਫੀਸਦੀ ਮੁਲਾਜ਼ਮਾਂ ਵੱਲੋਂ ਸਮੂਹਿਕ ਛੁੱਟੀ ਲੈ ਕੇ ਜ਼ਬਰਦਸਤ ਰੋਸ ਪ੍ਰਗਟ ਕੀਤਾ ਜਾ ਰਿਹਾ ਹੈ।

ਆਗੂਆਂ ਕਿਹਾ ਕਿ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ, ਜਿਵੇਂ ਕਿ ਬੋਰਡ ਵਿੱਚ ਖਾਲੀ ਪਈਆਂ 50000 ਤੋਂ ਵੱਧ ਪੋਸਟਾਂ ਦੀ ਭਰਤੀ ਕਰਨਾ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਕੇਂਦਰੀ ਪੇ ਸਕੇਲ ਨਾ ਠੋਸਣਾ, ਹਾਦਸਿਆਂ ਵਿੱਚ ਮੁਲਾਜ਼ਮਾਂ ਦੀਆਂ ਹੋ ਰਹੀਆਂ ਮੌਤਾਂ, ਕੰਟਰੈਕਟ ਵਰਕਰਾਂ ਨੂੰ ਰੈਗੂਲਰ ਕਰਨਾ, ਸਿਆਸੀ ਬਦਲੀਆਂ ਰੋਕਣਾ, ਵਿਕਾਸ ਟੈਕਸ 200 ਰੁਪਏ ਦਾ ਜਜੀਆ ਬੰਦ ਕਰਨਾ ਅਤੇ ਹੋਰ ਅਨੇਕਾਂ ਵਾਜਬ ਮੰਗਾਂ ਹਨ, ਜਿਹੜੀਆਂ ਬਿਨਾਂ ਦੇਰੀ ਮੰਨੀਆਂ ਜਾਣੀਆਂ ਚਾਹੀਦੀਆਂ ਹਨ। ਪੰਜਾਬ ਏਟਕ ਬਿਜਲੀ ਕਾਮਿਆਂ ਦੇ ਇਸ ਸੰਘਰਸ਼ ਨੂੰ ਹਰ ਪੜਾਅ 'ਤੇ ਪੂਰਨ ਸਹਿਯੋਗ ਦੇਵੇਗੀ।

## ਬਿਜਲੀ ਮੁਲਾਜ਼ਮਾਂ ਦੇ ਸਮੂਹਕ ਛੁੱਟੀ 'ਤੇ ਜਾਣ ਕਾਰਨ ਅਦਾਰੇ ਦਾ ਕੰਮ ਠੱਪ

### ਮੈਨੇਜਮੈਂਟ ਵੱਲੋਂ ਐਸਮਾ ਲਗਾਉਣ ਦੀਆਂ ਗਿੱਦੜ ਭਬਕੀਆਂ ਦੀ ਜ਼ੋਰਦਾਰ ਨਿੰਦਾ



**ਪਟਿਆਲਾ** : ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ 'ਤੇ ਅਧਾਰਤ ਪੀ ਐਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ 24), ਪੈਨਸ਼ਨਰਜ਼ ਯੂਨੀਅਨ (ਸੰਬੰਧਤ ਏਟਕ), ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਪਾਵਰ ਟਰਾਂਸਮਿਸ਼ਨ ਇੰਪਲਾਈਜ਼ ਐਸੋਸੀਏਸ਼ਨ ਦੇ ਸੱਦੇ 'ਤੇ ਸਮੁੱਚੇ ਪੰਜਾਬ ਅੰਦਰ ਬਿਜਲੀ ਕਾਮਿਆਂ ਵਲੋਂ ਲਗਾਤਾਰ ਦੂਸਰੇ ਦਿਨ ਸਮੂਹਕ ਛੁੱਟੀ ਲੈ ਕੇ ਵੱਖ ਵੱਖ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਜਾਰੀ ਰਹੇ। ਇਸ ਬਾਰੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਿਹਾ ਕਿ ਜਥੇਬੰਦੀਆਂ ਵੱਲੋਂ 11 ਅਪ੍ਰੈਲ ਨੂੰ ਆਪਣਾ ਮੰਗ ਪੱਤਰ ਮੈਨੇਜਮੈਂਟ ਨੂੰ ਦਿੱਤਾ, ਜਿਸ ਉਪਰੰਤ 2 ਜੂਨ 25 ਨੂੰ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਮੁਲਾਜ਼ਮ ਮੰਗਾਂ ਉੱਪਰ ਸਹਿਮਤੀਆਂ ਬਣੀਆਂ ਸਨ, ਪਰੰਤੂ ਦੋ ਮਹੀਨੇ ਤੋਂ ਉਪਰ ਸਮਾਂ ਲੰਘ ਜਾਣ ਉਪਰੰਤ ਵੀ ਸਹਿਮਤੀਆਂ ਲਾਗੂ ਨਹੀਂ ਕੀਤੀਆਂ ਗਈਆਂ, ਜਿਸ ਉਪਰੰਤ ਬਿਜਲੀ ਕਾਮਿਆਂ ਵੱਲੋਂ 25 ਜੂਨ ਤੋਂ ਵਰਕ ਟੂ ਰੂਲ ਮੁਤਾਬਕ ਆਪਣੀ ਬਣਦੀ ਡਿਊਟੀ ਕੀਤੀ ਜਾ ਰਹੀ ਹੈ ਅਤੇ 27 ਜੁਲਾਈ ਨੂੰ ਬਿਜਲੀ ਮੰਤਰੀ ਦੀ ਅੰਮ੍ਰਿਤਸਰ ਰਿਹਾਇਸ਼ ਅੱਗੇ ਵਿਸ਼ਾਲ ਰੋਸ ਧਰਨਾ ਲਗਾਉਣ ਉਪਰੰਤ 11 ਅਗਸਤ ਤੋਂ 13 ਅਗਸਤ ਤੱਕ ਸਮੂਹਕ ਛੁੱਟੀ 'ਤੇ ਚੱਲ ਰਹੇ ਹਨ, ਕਈ ਸਰਕਲਾਂ ਵਿੱਚ 90% ਤੋਂ ਵੱਧ ਕਾਮੇ ਸਮੂਹਕ ਛੁੱਟੀ 'ਤੇ ਹਨ। ਆਗੂਆਂ ਨੇ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਮੈਨੇਜਮੈਂਟ ਦੀ ਨਿਖੇਧੀ ਕਰਦਿਆਂ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਨੂੰ ਲਾਗੂ ਕਰਨ ਦੀ ਥਾਂ ਟਕਰਾਅ ਦੀ ਨੀਤੀ ਅਪਣਾਈ ਜਾ ਰਹੀ ਹੈ। ਆਗੂਆਂ ਨੇ ਦੱਸਿਆ ਕਿ ਬਿਜਲੀ ਕਾਮਿਆਂ ਦੀਆਂ ਪ੍ਰਮੁੱਖ ਮੰਗਾਂ ਜਿਵੇਂ ਹਜ਼ਾਰਾਂ ਖ਼ਾਲੀ ਅਸਾਮੀਆਂ ਉਪਰ ਰੈਗੂਲਰ ਭਰਤੀ ਨਹੀਂ ਕੀਤੀ ਜਾ ਰਹੀ, ਇੱਕੋ ਅਸਾਮੀ ਉਪਰ

• ਬਾਕੀ ਸਫਾ 2 'ਤੇ

## ਅਮਰੀਕਾ 'ਚ ਸਿੱਖ ਬਜ਼ੁਰਗ 'ਤੇ ਹਮਲਾ

**ਵਾਸ਼ਿੰਗਟਨ** : ਅਮਰੀਕਾ ਦੇ ਨੌਰਥ ਹਾਲੀਵੁੱਡ ਦੇ ਇੱਕ ਗੁਰਦੁਆਰੇ ਨੇੜੇ ਰੋਜ਼ਾਨਾ ਵਾਂਗ ਸੈਰ ਕਰ ਰਹੇ ਹਰਪਾਲ ਸਿੰਘ (70) 'ਤੇ ਗੋਲਫ ਸਟਿੱਕ ਨਾਲ ਹਮਲਾ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। 4 ਅਗਸਤ ਨੂੰ ਵਾਪਰੀ ਇਸ ਘਟਨਾ ਵਿੱਚ ਜ਼ਖਮੀ ਹਰਪਾਲ ਸਿੰਘ ਆਈ ਸੀ ਯੂ ਵਿੱਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ। ਉਸ ਦੇ ਸਿਰ ਅਤੇ ਚਿਹਰੇ ਦੇ ਤਿੰਨ ਅਪ੍ਰੇਸ਼ਨ ਕੀਤੇ ਗਏ ਹਨ। ਉਸ ਨੂੰ ਲੈਂਕਰਸ਼ਿਮ ਗੁਰਦੁਆਰੇ ਦੇ ਨੇੜੇ ਇੱਕ 7-ਇਲੈਵਨ ਦੇ ਕੋਲ ਗੰਭੀਰ ਜ਼ਖਮੀ ਹਾਲਤ ਵਿੱਚ ਪਾਇਆ ਗਿਆ। ਉਸ ਦੇ ਭਰਾ ਨੇ ਦੱਸਿਆ ਕਿ ਦਿਮਾਗ ਵਿੱਚੋਂ ਖੂਨ ਵਹਿਣ ਕਾਰਨ ਉਹ ਬੇਹੋਸ਼ ਹੈ ਅਤੇ ਬੋਲਣ ਵਿੱਚ ਅਸਮਰੱਥ ਹੈ। ਉਸ ਨੇ ਭਾਵੁਕ ਹੁੰਦਿਆਂ ਕਿਹਾ, "ਅਸੀਂ ਹੁਣ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਉਹ ਰੋਜ਼ਾਨਾ ਵਾਂਗ ਸਿਰਫ ਸੈਰ 'ਤੇ ਗਿਆ ਸੀ।" ਅਧਿਕਾਰੀਆਂ ਨੇ ਅਜੇ ਤੱਕ ਹਮਲਾਵਰ ਦੀ ਪਛਾਣ ਨਹੀਂ ਕੀਤੀ ਹੈ ਅਤੇ ਨਾ ਹੀ ਇਸ ਹਮਲੇ ਦੇ ਪਿਛਲੇ ਅਸਲ ਕਾਰਨਾਂ ਦੀ ਪੁਸ਼ਟੀ ਕੀਤੀ ਹੈ। ਪੁਲਸ ਵੱਲੋਂ ਘਟਨਾ ਸਥਾਨ ਨੇੜਲੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਅਤੇ ਗਵਾਹਾਂ ਦੀ ਭਾਲ ਕੀਤੀ ਜਾ ਰਹੀ ਹੈ।

## ਗਾਜ਼ਾ 'ਚ ਪੱਤਰਕਾਰਾਂ ਦੇ ਕਤਲੇਆਮ ਖ਼ਿਲਾਫ਼ ਆਵਾਜ਼ ਉਠਾਓ : ਦੇਸ਼ ਭਗਤ ਯਾਦਗਾਰ ਕਮੇਟੀ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਜਾਰੀ ਕੀਤੇ ਬਿਆਨ ਵਿੱਚ ਕਿਹਾ ਹੈ ਕਿ ਗਾਜ਼ਾ ਖੇਤਰ ਦੀ ਦੁਰਲੱਭ ਹਕੀਕੀ ਤਸਵੀਰ ਦੁਨੀਆ ਸਾਹਮਣੇ ਲਿਆਉਣ ਵਾਲੇ ਪੱਤਰਕਾਰਾਂ ਨੂੰ ਡਰੋਨ ਹਮਲੇ ਦਾ ਚੋਣਵਾਂ ਨਿਸ਼ਾਨਾ ਬਣਾਇਆ ਜਾਣਾ ਅਤੇ ਬੁਜ਼ਦਿਲਾਨਾ ਕਾਰੇ ਦੀ ਬੇਹਯਾਈ ਨਾਲ ਜ਼ਿੰਮੇਵਾਰੀ ਵੀ ਚੁੱਕਣਾ ਇਹ ਦਰਸਾਉਂਦਾ ਹੈ ਕਿ ਅਮਰੀਕੀ ਹਾਕਮਾਂ ਦਾ ਥਾਪੜਾ ਪ੍ਰਾਪਤ ਇਜ਼ਰਾਈਲੀ ਹਾਕਮ ਦੁਨੀਆ ਦੇ ਲੋਕਾਂ ਨੂੰ ਸੁਣਾਉਣੀ ਕਰ ਰਹੇ ਹਨ ਕਿ ਜੇ ਕਿਤੇ ਵੀ ਕੋਈ ਵੀ ਪੱਤਰਕਾਰ, ਕਲਮਕਾਰ, ਪ੍ਰੈੱਸ ਫੋਟੋਗ੍ਰਾਫਰ, ਸਮਾਜਿਕ ਜਮਹੂਰੀ ਕਾਮਾ ਲੋਕਾਂ ਦੇ ਹਿੱਤ ਵਿੱਚ ਹਕੀਕਤ ਉਪਰ ਰੌਸ਼ਨੀ ਪਾਏਗਾ, ਉਸ ਦਾ ਇਹੋ ਹਸ਼ਰ ਹੋਏਗਾ। ਲੋਕਾਂ ਦੀ ਜ਼ੁਬਾਨਬੰਦੀ ਅਤੇ ਜਮਹੂਰੀ ਹੱਕਾਂ ਦੇ ਘਾਣ ਦਾ ਇਹ ਵਰਤਾਰਾ ਦੁਨੀਆ ਭਰ ਦੀਆਂ ਇਨਸਾਫ਼ਪਸੰਦ ਅਤੇ ਜਮਹੂਰੀਅਤ ਪਸੰਦ ਸ਼ਕਤੀਆਂ ਨੂੰ ਤਿੱਖੀ ਵੰਗਾਰ ਹੈ।

ਉਹਨਾਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦਾ ਵਿਚਾਰ ਹੈ ਕਿ ਪੱਤਰਕਾਰਾਂ ਦੀ ਕਰਨੀ ਨੂੰ ਸਿਜਦਾ ਕਰਨ ਲਈ ਕਾਲਜਾਂ, ਯੂਨੀਵਰਸਿਟੀਆਂ, ਪਿੰਡਾਂ, ਸ਼ਹਿਰਾਂ ਅਤੇ ਆਪਣੀਆਂ ਚੱਲਦੀਆਂ ਲੋਕ ਸਰਗਰਮੀਆਂ ਦਾ ਹਿੱਸਾ ਬਣਾਉਂਦੇ ਹੋਏ ਉਹਨਾਂ ਸੂਰਮੇ ਪੱਤਰਕਾਰਾਂ ਨੂੰ ਸਲਾਮ ਕਰਨੀ ਬਣਦੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦਾ ਵਿਚਾਰ ਹੈ ਕਿ ਸਾਮਰਾਜੀ ਸਿੱਧੇ-ਅਸਿੱਧੇ ਧਾਵੇ ਕਰਕੇ ਜਿਵੇਂ ਪੂਰੀ ਦੁਨੀਆ ਨੂੰ ਆਪਣੇ ਗੋਡਿਆਂ ਹੇਠ ਲੈਣਾ ਚਾਹੁੰਦੇ ਨੇ, ਇਸ ਵਰਤਾਰੇ ਖਿਲਾਫ਼ ਨਾਬਰੀ ਦੀ ਆਵਾਜ਼ ਬਣਦੇ ਸਭਨਾਂ ਪੱਤਰਕਾਰਾਂ ਅਤੇ ਲੋਕ-ਪੱਖੀ ਤਾਕਤਾਂ ਨੂੰ ਇਹ ਚਿਤਾਵਨੀ ਦਿੱਤੀ ਜਾ ਰਹੀ ਹੈ ਕਿ ਜੇਕਰ ਕੋਈ ਵੀ ਸਾਡੇ ਖਿਲਾਫ਼ ਆਵਾਜ਼ ਬੁਲੰਦ ਕਰੇਗਾ ਤਾਂ ਅਗਲਾ ਨੰਬਰ ਉਸ ਦਾ ਹੋਏਗਾ। ਕਮੇਟੀ ਨੇ ਕਿਹਾ ਕਿ ਇਸ ਹੱਲੇ ਖ਼ਿਲਾਫ਼ ਖੜ੍ਹੇ ਹੋਣ ਅਤੇ ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਬੁਲੰਦ ਕਰਨ ਦੀ ਲੋੜ ਹੈ।

### ਅੱਜ-ਨਾਮਾ

ਅਕਾਲੀ ਦਲ ਫਿਰ ਇੱਕ ਦਾ ਦੋ ਹੋਇਆ,
ਪਾਟਦਾ-ਪਾਟਦਾ ਗਿਆ ਉਹ ਪਾਟ ਬੇਲੀ।
ਦੂਸ਼ਣਬਾਜ਼ੀ ਫਿਰ ਛਿੜੀ ਹੈ ਦੋਂਹ ਤਰਫੀਂ,
ਉਹ ਹੀ ਛਿੜ ਪਿਆ ਰਾਗ ਘਰਾਟ ਬੇਲੀ।
ਪਾਟੇ ਮੂੰਹ ਨਾਲ ਇੱਕ ਜੇ ਦੋਸ਼ ਲਾਉਂਦਾ,
ਦੂਸਰਾ ਕਰੇ ਪਿਆ ਓਸ ਦੀ ਕਾਟ ਬੇਲੀ।
ਹਰ ਕੋਈ ਬੋਲਦਾ ਏਦਾਂ ਹੈ ਪਿਆ ਆਗੂ,
ਹੁੰਦਾ ਜਿਉਂ ਓਸੇ ਨੂੰ ਦਲ ਅਲਾਟ ਬੇਲੀ।
ਅੱਜ ਜੋ ਲੜੇ ਨੇ ਭਲਕ ਨੂੰ ਮਿਲ ਸਕਦੇ,
ਚੋਣਾਂ ਦੀ ਲੋੜ ਜਦ ਕਰੂ ਮਜਬੂਰ ਬੇਲੀ।
ਵਿੱਛੜੀ ਡਾਰ ਸਭ ਇੱਕ ਥਾਂ ਚੁਗੂ ਚੋਗਾ,
ਪੁਰਾਣੇ ਦਾਅ ਇਹ ਬੜੇ ਮਸ਼ਹੂਰ ਬੇਲੀ।

-ਤੀਸ ਮਾਰ ਖਾਂ

## ਮੋਦੀ ਟਰੰਪ ਅੱਗੇ ਗੋਡੇ ਟੇਕਣੇ ਬੰਦ ਕਰੇ : ਹਰਦੇਵ ਅਰਸ਼ੀ

**ਕੋਟਕਪੂਰਾ (ਰਛਪਾਲ ਭੁੱਲਰ)**

ਜਦੋਂ ਦਾ ਟਰੰਪ ਨੇ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਹੈ, ਉਹ ਵੱਖ-ਵੱਖ ਮੁੱਦਿਆਂ 'ਤੇ ਲਗਾਤਾਰ ਭਾਰਤ ਨੂੰ ਧਮਕਾਉਣ ਅਤੇ ਜ਼ਲੀਲ ਕਰਨ ਵਾਲੀਆਂ ਕਰਵਾਈਆਂ ਕਰ ਰਿਹਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਉਸ ਨੂੰ ਆਪਣਾ ਪਰਮ ਮਿੱਤਰ ਕਹਿਣ ਵਾਲੇ ਮੋਦੀ ਹੁਣ ਭਿੱਜੀ ਬਿੱਲੀ ਵਾਂਗ ਚੁੱਪ ਹਨ। ਇਹ ਸ਼ਬਦ ਮੰਗਲਵਾਰ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿੱਚ ਸੀ ਪੀ ਆਈ ਦੀ ਜ਼ਿਲ੍ਹਾ ਕੌਂਸਲ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੀ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਕਹੇ। ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਬੋਲਦੇ ਹੋਏ ਕਾਮਰੇਡ ਅਰਸ਼ੀ ਨੇ ਕਿਹਾ ਕਿ ਟਰੰਪ ਨੇ ਆਉਣ ਸਾਰ 'ਗੈਰਕਾਨੂੰਨੀ ਪ੍ਰਵਾਸੀ' ਕਹਿ ਕੇ ਸਾਡੇ ਨੌਜਵਾਨਾਂ ਨੂੰ ਬੇੜੀਆਂ ਵਿੱਚ ਜਕੜ ਕੇ ਅੰਮ੍ਰਿਤਸਰ ਭੇਜਿਆ, ਪਰ ਮੋਦੀ ਜੀ ਕੁਝ ਨਾ ਬੋਲੇ। ਫਿਰ ਭਾਰਤ-ਪਾਕਿਸਤਾਨ ਵਿਚਕਾਰ ਜੰਗਬੰਦੀ ਕਰਵਾਉਣ ਦੇ ਕਈ ਵਾਰ ਬਿਆਨ ਦਿੱਤੇ, ਪਰ ਮੋਦੀ ਜੀ ਨੇ ਇਕ ਵਾਰ ਵੀ ਟਰੰਪ ਦਾ ਦਾਅਵਾ ਝੁਠਲਾਇਆ ਨਹੀਂ। ਹੁਣ ਰੂਸ ਤੋਂ ਸਸਤਾ ਤੇਲ ਖਰੀਦਣ ਤੋਂ ਚਿੜ੍ਹ ਕੇ ਟਰੰਪ ਨੇ ਭਾਰਤੀ ਵਸਤੂਆਂ 'ਤੇ 50 ਫ਼ੀਸਦੀ ਟੈਰਿਫ ਠੋਕ ਦਿੱਤਾ ਹੈ, ਜਦਕਿ ਆਪਣੇ ਖੇਤੀ ਅਤੇ ਡੇਅਰੀ ਉਤਪਾਦ ਬਿਨਾਂ ਰੋਕ-ਟੋਕ ਦੇ ਭਾਰਤੀ ਬਜ਼ਾਰਾਂ ਵਿੱਚ ਵੇਚ ਕੇ ਸਾਡੇ ਛੋਟੇ ਕਿਸਾਨਾਂ ਨੂੰ ਉਜਾੜਨਾ ਚਾਹੁੰਦਾ ਹੈ, ਪਰ ਮੋਦੀ ਹਾਲੇ ਵੀ ਡਟਵਾਂ ਸਟੈਂਡ ਲੈਣ ਦੀ ਬਜਾਏ ਖਾਮੋਸ਼ ਹਨ। ਉਹਨਾ ਕਿਹਾ ਕਿ ਇਹ ਸ਼ੰਕਾ ਬਣਿਆ ਹੋਇਆ ਹੈ ਕਿ ਕਮਜ਼ੋਰ ਵਿਦੇਸ਼ ਨੀਤੀ ਦੇ ਚੱਲਦੇ ਕੇਂਦਰ ਦੀ ਭਾਜਪਾ ਸਰਕਾਰ ਸਾਮਰਾਜੀ ਮੁਲਕਾਂ ਅੱਗੇ ਭਾਰਤ ਦੇ ਹਿੱਤ ਗਹਿਣੇ ਪਾ ਦੇਵੇਗੀ। ਉਨਾ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦੇ ਅਗਲੇ ਮਹੀਨੇ ਚੰਡੀਗੜ੍ਹ ਵਿੱਚ ਹੋਣ ਜਾ ਰਹੇ ਆਲ ਇੰਡੀਆ ਮਹਾਂ-ਸੰਮੇਲਨ ਵਿੱਚ ਸਾਮਰਾਜਵਾਦ ਅਤੇ ਕਾਰਪੋਰੇਟ ਘਰਾਣਿਆਂ ਦੀ ਲੁੱਟ-ਖਸੁੱਟ ਖਿਲਾਫ਼ ਸਾਰੀਆਂ ਖੱਬੀਆਂ ਅਤੇ ਧਰਮ ਨਿਰਪੱਖ ਪਾਰਟੀਆਂ ਨੂੰ ਇਕਜੁੱਟ ਕਰਨ ਲਈ ਵਿਚਾਰਾਂ ਕੀਤੀਆਂ ਜਾਣਗੀਆਂ।



ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਦੱਸਿਆ ਕਿ 21 ਅਗਸਤ ਨੂੰ ਹੁਸੈਨੀਵਾਲਾ ਤੋਂ ਚੱਲਣ ਵਾਲਾ ਚੇਤਨਾ ਮਾਰਚ ਜੱਥਾ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੁੰਦਾ ਹੋਇਆ 24 ਅਗਸਤ ਨੂੰ ਫਰੀਦਕੋਟ ਜ਼ਿਲ੍ਹੇ ਵਿੱਚ ਪ੍ਰਵੇਸ਼ ਕਰੇਗਾ, ਜਿਸ ਨੂੰ ਲੈ ਕੇ ਪਹਿਲਾ ਜਲਸਾ ਕੋਟਕਪੂਰਾ ਦੇ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਦੁਪਹਿਰ ਤੋਂ ਪਹਿਲਾਂ ਕੀਤਾ ਜਾਵੇਗਾ। 24 ਅਗਸਤ ਨੂੰ ਹੀ ਦੁਪਹਿਰ ਬਾਅਦ 2: 00 ਵਜੇ ਦੂਜਾ ਜਲਸਾ ਫਰੀਦਕੋਟ ਦੇ ਸ਼ਹੀਦ ਕਾਮਰੇਡ ਅਮੋਲਕ ਭਵਨ ਵਿੱਚ ਕੀਤਾ ਜਾਵੇਗਾ। ਇਹਨਾਂ ਜਲਸਿਆਂ ਨੂੰ ਅਰਸ਼ੀ ਤੋਂ ਇਲਾਵਾ ਜਗਰੂਪ ਮੈਂਬਰ ਕੌਮੀ ਕੌਂਸਲ ਅਤੇ ਹੋਰ ਆਗੂ ਸੰਬੋਧਨ ਕਰਨਗੇ। ਮੀਟਿੰਗ ਨੂੰ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਮਾਸਟਰ ਗੁਰਚਰਨ ਸਿੰਘ ਮਾਨ, ਹਰਪਾਲ ਸਿੰਘ ਮਚਾਕੀ, ਪ੍ਰਦੀਪ ਸਿੰਘ ਬਰਾੜ, ਨਰੇਗਾ ਆਗੂ ਵੀਰ ਸਿੰਘ ਕੰਮੇਆਣਾ, ਸੁਖਦਰਸ਼ਨ ਰਾਮ, ਸ਼ਾਮ ਸੁੰਦਰ, ਬੋਹੜ ਸਿੰਘ ਔਲਖ, ਚਰਨਜੀਤ ਸਿੰਘ ਚੰਮੇਲੀ ਅਤੇ ਪੰਜਾਬ ਇਸਤਰੀ ਸਭਾ ਦੇ ਆਗੂ ਸ਼ਸ਼ੀ ਸ਼ਰਮਾ ਨੇ ਵੀ ਸੰਬੋਧਨ ਕੀਤਾ। ਬੁਲਾਰਿਆਂ ਨੇ 25ਵੀਂ ਪਾਰਟੀ ਕਾਂਗਰਸ ਦੀ ਸਫਲਤਾ ਲਈ ਕੀਤੇ ਜਾ ਰਹੇ ਜਥਾ ਮਾਰਚ ਅਤੇ 21 ਸਤੰਬਰ ਨੂੰ ਮੁਹਾਲੀ ਦੀ ਸਬਜ਼ੀ ਮੰਡੀ ਵਿੱਚ ਹੋਣ ਜਾ ਰਹੀ ਸੂਬਾਈ ਰੈਲੀ ਨੂੰ ਤਨ-ਮਨ-ਧਨ ਨਾਲ ਕਾਮਯਾਬ ਕਰਨ ਦਾ ਪ੍ਰਣ ਕੀਤਾ।

ਹੋਰਨਾਂ ਤੋਂ ਇਲਾਵਾ ਮੁਖਤਿਆਰ ਸਿੰਘ ਭਾਣਾ, ਗੁਰਦੀਪ ਸਿੰਘ, ਜਗਤਾਰ ਸਿੰਘ ਰਾਜੋਵਾਲਾ, ਟਰੇਡ ਯੂਨੀਅਨ ਆਗੂ ਕੁਲਵੰਤ ਸਿੰਘ ਚਾਨੀ, ਸੋਮ ਨਾਥ ਅਰੋੜਾ ਅਤੇ ਬਲਕਾਰ ਸਿੰਘ ਸਹੋਤਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਮਾਸਟਰ ਸੁਖਚੈਨ ਸਿੰਘ ਥਾਂਦੇਵਾਲਾ ਨੇ ਆਪਣੇ ਭਰ ਜਵਾਨ ਉਮਰੇ ਸਦੀਵੀ ਵਿਛੋੜਾ ਦੇ ਗਏ ਬੇਟੇ ਬਲਜੋਤ ਪਾਲ ਸਿੰਘ ਅਤੇ ਭਤੀਜੇ ਤਰਕਦੀਪ ਸਿੰਘ ਦੀ ਯਾਦ ਵਿੱਚ ਪਾਰਟੀ ਕਾਂਗਰਸ ਲਈ ਦਸ ਹਜ਼ਾਰ ਰੁਪਏ ਦਾ ਚੈੱਕ ਪਾਰਟੀ ਆਗੂਆਂ ਨੂੰ ਸੌਂਪਿਆ। ਕਾਮਰੇਡ ਅਰਸ਼ੀ ਅਤੇ ਅਸ਼ੋਕ ਕੌਸ਼ਲ ਨੇ ਪਾਰਟੀ ਦੇ ਮਹਾਂ-ਸੰਮੇਲਨ ਲਈ ਮਦਦ ਦੇਣ ਵਾਲੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

## ਕੌਮੀ ਇਨਸਾਫ ਮੋਰਚੇ 'ਚ 15 ਨੂੰ ਹੋਵੇਗਾ ਭਾਰੀ ਇਕੱਠ : ਤਾਲਮੇਲ ਕਮੇਟੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕੌਮੀ ਇਨਸਾਫ ਮੋਰਚਾ ਮੋਹਲੀ ਤਾਲਮੇਲ ਕਮੇਟੀ ਦੀ ਅਹਿਮ ਮੀਟਿੰਗ ਸਰਪ੍ਰਸਤ ਬਾਪੂ ਗੁਰਚਰਨ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿੱਚ 15 ਅਗਸਤ ਨੂੰ ਕੌਮੀ ਇਨਸਾਫ ਮੋਰਚੇ ਵਿੱਚ ਵੱਡਾ ਇਕੱਠ ਕਰਕੇ ਰੋਸ ਜਿਤਾਉਣ, ਘਰਾਂ 'ਤੇ ਕਾਲੇ ਝੰਡੇ ਲਗਾਉਣ, ਪੱਗਾਂ 'ਤੇ ਕਾਲੀਆਂ ਪੱਟੀਆਂ ਜਾਂ ਕਾਲੀਆਂ ਪੱਗਾਂ ਬੰਨ੍ਹ ਕੇ ਆਉਣ ਲਈ ਸੁਨੇਹਾ ਦਿੱਤਾ ਗਿਆ। ਜਥੇਦਾਰ ਗੁਰਦੀਪ ਸਿੰਘ ਬਠਿੰਡਾ ਨੇ ਬੋਲਦਿਆਂ ਕਿਹਾ ਕਿ ਪੁਲਸ ਵੱਲੋਂ ਖੱਬੇ ਪੱਖੀਆਂ ਜਾਂ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਪੰਜਾਬ ਸਰਕਾਰ ਵੱਲੋਂ ਪੁਲਸ ਨੂੰ ਗੁੰਡਾ ਰਾਜ ਕਰਨ ਦੇ ਅਦੇਸ਼ ਦੇਣਾ ਪੰਜਾਬ ਸਰਕਾਰ ਦੀ ਨਲਾਇਕੀ ਹੈ। ਇਸ ਮੌਕੇ ਬਲਜੀਤ ਸਿੰਘ ਭਾਊ, ਪਾਲ ਸਿੰਘ ਘੜੂੰਆਂ, ਬਲਜਿੰਦਰ ਸਿੰਘ ਗੁੱਡੂ, ਸੁੱਖ ਗਿੱਲ ਮੋਗਾ, ਪ੍ਰਵਿੰਦਰ ਸਿੰਘ ਕਾਲਾ, ਪਰਮਜੀਤ ਸਿੰਘ ਖਰੜ, ਅਵਤਾਰ ਸਿੰਘ ਬੜੈਲ, ਜੀਤ ਸਿੰਘ ਔਲਖ, ਗੁਰਜੰਟ ਸਿੰਘ, ਨਛੱਤਰ ਸਿੰਘ, ਮੱਖਣ ਸਿੰਘ ਮਾਨਸਾ, ਸੁਰਿੰਦਰ ਸਿੰਘ, ਕੁਲਬੀਰ ਸਿੰਘ ਪੱਪੀ ਤੇ ਬਲਜੀਤ ਸਿੰਘ ਰੁੜਕੀ ਹਾਜ਼ਰ ਸਨ।

## ਭਾਜਪਾ 'ਚ ਸ਼ਾਮਲ ਹੋਏ ਸਾਥੀਆਂ ਦਾ ਸਵਾਗਤ



**ਦੋਰਾਹਾ (ਹਰਮਿੰਦਰ ਸੇਠ)**-ਬੀਜੇਪੀ ਪੰਜਾਬ ਦੇ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ ਤੇ ਪ੍ਰੋ. ਭੁਪਿੰਦਰ ਸਿੰਘ ਚੀਮਾ ਜ਼ਿਲ੍ਹਾ ਪ੍ਰਧਾਨ ਬੀਜੇਪੀ ਦੀ ਸੁਚੱਜੀ ਅਗਵਾਈ ਹੇਠ ਸਰਪੰਚ ਬਲਜੀਤ ਸਿੰਘ ਮੰਜਾਲੀ, ਮਿੰਦੀ ਤੇ ਸਾਥੀ ਬੀਜੇਪੀ ਵਿੱਚ ਸ਼ਾਮਲ ਹੋਏ। ਇਸ ਮੌਕੇ ਸਮਰਾਲਾ ਚਾਹਲਾਂ ਤੋਂ ਨਿਸ਼ੂ ਜੀ ਤੇ ਆਸ਼ੂ ਜੀ ਨੂੰ ਵੀ ਆਸ਼ੀਰਵਾਦ ਦਿੱਤਾ ਅਤੇ ਤਕੜੇ ਹੋ ਕੇ ਪਾਰਟੀ ਲਈ ਕੰਮ ਕਰਨ ਨੂੰ ਕਿਹਾ। ਪਾਰਟੀ 'ਚ ਸ਼ਾਮਲ ਹੋਏ ਬਲਜੀਤ ਸਿੰਘ ਮਜਾਲੀ ਤੇ ਸਾਥੀਆਂ ਨੇ ਕਿਹਾ ਕਿ ਅਸੀਂ ਬੀਜੇਪੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਇੱਕ ਹੋ ਕੇ ਕੰਮ ਕਰਾਂਗੇ, ਜੋ ਅਗਲੀ ਸਰਕਾਰ ਪੰਜਾਬ ਵਿੱਚ ਬਣੇਗੀ, ਉਹ ਬੀਜੇਪੀ ਦੀ ਹੀ ਬਣੇਗੀ।

## 69ਵੀਆਂ ਜ਼ਿਲ੍ਹਾ ਪੱਧਰੀ ਖੇਡਾਂ ਲਈ ਤਿਆਰੀ ਕੈਂਪ ਸ਼ੁਰੂ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਸਿੱਖਿਆ ਵਿਭਾਗ ਪੰਜਾਬ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਮਮਤਾ ਖੁਰਾਣਾ ਸੇਠੀ ਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਸਵੀਰ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਜ਼ੋਨਲ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਲਾਲੇਆਣਾ ਦੀ ਅਗਵਾਈ ਵਿੱਚ ਤਲਵੰਡੀ ਸਾਬੋ ਜ਼ੋਨ ਦੇ ਖਿਡਾਰੀਆਂ ਲਈ ਜ਼ਿਲ੍ਹਾ ਪੱਧਰੀ ਕੈਂਪ ਲਾਏ ਗਏ ਹਨ।ਇਨ੍ਹਾਂ ਕੈਂਪਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਰਮੰਦਰ ਸਿੰਘ ਲਾਲੇਆਣਾ ਨੂੰ ਕੈਂਪਾਂ ਦਾ ਕੋਆਰਡੀਨੇਟਰ ਲਾਇਆ ਗਿਆ ਹੈ।ਕੈਂਪ ਦੀ ਤਿਆਰੀ ਲਈ ਇੰਚਾਰਜ ਅਮਨਦੀਪ ਸਿੰਘ ਸ਼ੇਖਪੁਰਾ, ਕੈਂਪ ਟ੍ਰੇਨਰ ਰੇਹੀ ਸਿੰਘ, ਅੰਡਰ 14, 17 ਲੜਕੀਆਂ ਲਈ ਹਰਵਿੰਦਰ ਸਿੰਘ, ਖੋ-ਖੋ ਅੰਡਰ 19 ਮੁੰਡੇ ਭਗਤ ਸਿੰਘ ਪਬਲਿਕ ਸਕੂਲ ਮਲਕਾਣਾ ਵਿਖੇ, ਕੈਂਪ ਦੇ ਇੰਚਾਰਜ ਕੇਵਲ ਸਿੰਘ, ਅੰਡਰ 17 ਕੁੜੀਆਂ ਦਾ ਕੈਂਪ ਸਰਕਾਰੀ ਹਾਈ ਸਕੂਲ ਮਲਕਾਣਾ, ਅੰਡਰ 17 ਮੁੰਡੇ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਜੋਗੇਵਾਲਾ ਵਿਖੇ ਇੰਚਾਰਜ ਹਰਦੀਪ ਸਿੰਘ, ਅੰਡਰ 14 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਗੀਵਾਂਦਰ ਵਿਖੇ ਇੰਚਾਰਜ ਕਵਿਤਾ ਰਾਣੀ, ਅੰਡਰ 14 ਲੜਕੀਆਂ ਦਾ ਕੈਂਪ ਸਰਕਾਰੀ ਹਾਈ ਸਕੂਲ ਚੱਠੇਵਾਲਾ ਵਿਖੇ ਇੰਚਾਰਜ ਗੁਰਜੰਟ ਸਿੰਘ, ਕ੍ਰਿਕਟ ਅੰਡਰ 14, 17 ਤੇ 19 ਮੁੰਡੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਸਰਾ ਵਿਖੇ ਇੰਚਾਰਜ ਹਰਵਿੰਦਰ ਸਿੰਘ ਤੇ ਜੋਗਿੰਦਰ ਕੁਮਾਰ ਲਾਏ ਗਏ ਹਨ।

## ਸਰਕਾਰ ਤੇ ਬਿਜਲੀ ਬੋਰਡ ਮੈਨੇਜਮੈਂਟ ਖਿਲਾਫ਼ ਰੋਸ ਪ੍ਰਦਰਸ਼ਨ



**ਮੂਨਕ (ਰਾਜਪਾਲ ਸਿੰਗਲਾ)**-ਬਿਜਲੀ ਕਾਮਿਆਂ ਵੱਲੋਂ ਦੂਜੇ ਦਿਨ ਵੀ ਸਰਕਾਰ ਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਦੇ ਖਿਲਾਫ਼ ਮੂਨਕ ਬਿਜਲੀ ਦਫ਼ਤਰ ਦੇ ਗੇਟ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ।ਰੋਸ ਪ੍ਰਦਰਸ਼ਨ 'ਚ ਪੰਜਾਬ ਸਰਕਾਰ ਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਭੀਮ ਸਿੰਘ ਬੰਗਾਂ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦੇ ਲਈ ਰੱਖੀ ਗਈ ਮੀਟਿੰਗ ਬੇਸਿੱਟਾ ਨਿਕਲੀ, ਜਿਸ ਦੇ ਰੋਸ ਵਜੋਂ ਪੰਜਾਬ ਪੱਧਰ ਦੇ ਬਿਜਲੀ ਮੁਲਾਜ਼ਮਾਂ ਨੇ ਤਿੰਨ ਦਿਨਾਂ ਲਈ ਆਪਣੇ ਕੰਮਕਾਜ ਬੰਦ ਕਰਕੇ ਪੰਜਾਬ ਸਰਕਾਰ ਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਖਿਲਾਫ ਆਪਣੇ ਆਪਣੇ ਦਫ਼ਤਰਾਂ ਦੇ ਗੇਟ ਰੋਸ ਪ੍ਰਦਰਸ਼ਨ ਕਰਨ ਫੈਸਲਾ ਕੀਤਾ ਗਿਆ ਹੈ।ਇਹ ਰੋਸ ਪ੍ਰਦਰਸ਼ਨ ਦੂਜੇ ਦਿਨ ਵਿੱਚ ਦਾਖਲ ਹੋ ਗਿਆ ਹੈ। ਪਰ ਪੰਜਾਬ ਸਰਕਾਰ ਤੇ ਬਿਜਲੀ ਬੋਰਡ ਦੀ ਮਨੇਜਮੈਂਟ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਮੰਨਣ ਲਈ ਤਿਆਰ ਨਹੀਂ ਹੈ।

## ਡਾ. ਫ਼ਕੀਰ ਮੁਹੰਮਦ ਅਲਾਇੰਸ ਕਲੱਬ ਦੇ ਪ੍ਰਧਾਨ ਬਣੇ



**ਬੱਧਨੀ ਕਲਾਂ (ਨਛੱਤਰ ਸੰਧੂ)**-ਸਮਾਜ ਸੇਵੀ ਸੰਗਠਨ ਅਲਾਇੰਸ ਇੰਟਰਨੈਸ਼ਨਲ ਕਲੱਬ ਦੀ ਸਾਲਾਨਾ ਮੀਟਿੰਗ ਦੀਪ ਹਸਪਤਾਲ ਬਰਨਾਲਾ ਰੋਡ, ਨਿਹਾਲ ਸਿੰਘ ਵਾਲਾ ਵਿਖੇ ਹੋਈ, ਜਿਸ ਵਿੱਚ ਕਲੱਬ ਦੀਆਂ ਪਿਛਲੇ ਸਾਲ ਦੀਆਂ ਸਮਾਜ ਸੇਵੀ ਗਤੀਵਿਧੀਆਂ ਬਾਰੇ ਵਿਸਥਾਰ ਸਹਿਤ ਚਰਚਾ ਹੋਈ।ਸਾਰਿਆਂ ਨੇ ਹੀ ਕਲੱਬ ਵੱਲੋਂ ਕੀਤੀਆਂ ਜਾਂਦੀਆਂ ਗਤੀਵਿਧੀਆਂ 'ਤੇ ਸੰਤੁਸ਼ਟੀ ਜ਼ਾਹਰ ਕੀਤੀ।ਅਗਲੇ ਸਾਲ ਦੇ ਕਾਰਜਕਾਲ ਲਈ ਸਾਰੇ ਆਏ ਮੈਂਬਰਾਂ ਨੇ ਡਾਕਟਰ ਫਕੀਰ ਮੁਹੰਮਦ ਚੈਅਰਮੈਨ ਰਿਜ਼ਮ ਹਸਪਤਾਲ ਨਿਹਾਲ ਸਿੰਘ ਵਾਲਾ ਨੂੰ ਪ੍ਰਧਾਨ ਨਿਯੁਕਤ ਕੀਤਾ।ਡਾਕਟਰ ਸ਼ਿਵਦੇਵ ਸਿੰਘ ਨੂੰ ਜਨਰਲ ਸਕੱਤਰ, ਡਾਕਟਰ ਮਨਪ੍ਰੀਤ ਸਿੰਘ ਅਪੋਲੋ ਨੂੰ ਕੈਸ਼ੀਅਰ ਤੇ ਸ੍ਰੀ ਗੁਰਚਰਨ ਸਿੰਘ ਰਾਜੂ ਪੱਤੋਂ ਨੂੰ ਪ੍ਰੈਸ ਸੈਕਟਰੀ ਦੇ ਅਹੁਦੇ ਨਾਲ ਨਿਵਾਜਿਆ ਗਿਆ।ਬੇਅੰਤ ਸਿੰਘ ਮਾਣੂੰਕੇ ਨੂੰ ਸੀਨੀਅਰ ਮੀਤ ਪ੍ਰਧਾਨ ਤੇ ਲੇਖਕਾ ਨਿਮਰਤ ਸੁੱਖ ਨੂੰ ਮੀਤ ਪ੍ਰਧਾਨ, ਕਾਮਰੇਡ ਜੀਵਨ ਸਿੰਘ ਜੀ ਨੂੰ ਮੀਤ ਪ੍ਰਧਾਨ ਬਣਾਇਆ ਗਿਆ।ਮਨਪ੍ਰੀਤ ਸਿੰਘ ਬਿਲਾਸਪੁਰ ਨੂੰ ਕਲੱਬ ਦਾ ਸ੍ਰਪਰਸਤ ਐਲਾਨਿਆ ਗਿਆ।

## 'ਆਪ' ਆਗੂਆਂ ਦੀ ਸੱਤ ਮੈਂਬਰੀ ਕਮੇਟੀ ਦਾ ਗਠਨ



**ਬਠਿੰਡਾ (ਰਾਜੀਵ ਗੋਇਲ)**-ਹਲਕਾ ਰਾਮਪੁਰਾ ਫੂਲ ਦੇ ਭਗਤਾ ਇਲਾਕੇ ਨਾਲ ਸੰਬੰਧਤ ਆਮ ਆਦਮੀ ਪਾਰਟੀ ਦੇ ਪੁਰਾਣੇ ਆਗੂਆਂ ਦੀ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਨਛੱਤਰ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਕਮੇਟੀ ਦੀ ਅਗਵਾਈ ਮਰਹੂਮ ਸਾਬਕਾ ਸਰਪੰਚ ਦਿਆ ਸਿੰਘ ਦੇ ਸਪੁੱਤਰ ਬਹਾਦਰ ਸਿੰਘ ਬਰਾੜ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਕਮੇਟੀ ਇਲਾਕੇ ਦੇ ਲੋਕਾਂ ਨੂੰ ਪਿੰਡਾਂ ਵਿੱਚ ਜਾ ਕੇ ਭਗਤਾ ਬਲਾਕ ਦੇ ਟੁੱਟਣ ਨਾਲ ਹੋਣ ਵਾਲੇ ਨੁਕਸਾਨ ਸੰਬੰਧੀ ਜਾਗਰੂਕ ਕਰੇਗੀ ਤੇ ਜੇਕਰ ਇਸ ਕਮੇਟੀ ਦਾ ਕੋਈ ਹੋਰ ਜਥੇਬੰਦੀ ਸਾਥ ਦੇਣਾ ਚਾਹੁੰਦੀ ਹੈ ਤਾਂ ਉਹ ਵੀ ਦੇ ਸਕਦੀ ਹੈ। ਕਮੇਟੀ ਵਿੱਚ ਲਖਵੀਰ ਸਿੰਘ, ਕਾਲਾ ਸੰਧੂ, ਜਸਵੀਰ ਸਿੰਘ, ਪਰਮਜੀਤ ਸਿੰਘ, ਯਾਦਵਿੰਦਰ ਸਿੰਘ, ਰਵੀ ਸਰਪੰਚ ਤੇ ਬੱਬੂ ਮੈਂਬਰ ਸਲਾਬਤਪੁਰਾ ਸ਼ਾਮਲ ਹਨ।

## ਜ਼ਿਲ੍ਹਾ ਲੀਗਲ ਸਰਵਿਸਿਜ਼ ਅਥਾਰਟੀ ਨੇ ਸਕੂਲ 'ਚ ਬੂਟੇ ਲਾਏ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਧੂਰੀ ਪਿੰਡ ਵਿਖੇ ਪ੍ਰਿੰਸੀਪਲ ਰਮਨਦੀਪ ਕੌਰ ਦੀ ਅਗਵਾਈ ਹੇਠ 'ਰੁੱਖ ਲਗਾਓ ਮੁਹਿੰਮ' ਤਹਿਤ ਜ਼ਿਲ੍ਹਾ ਲੀਗਲ ਸਰਵਿਸਿਜ਼ ਅਥਾਰਟੀ ਸੰਗਰੂਰ ਵੱਲੋਂ ਸੀਨੀਅਰ ਡਵੀਜ਼ਨ ਜੱਜ ਮੈਡਮ ਦਲਜੀਤ ਕੌਰ ਤੇ ਜੂਨੀਅਰ ਡਵੀਜ਼ਨ ਜੱਜ ਕਰਨਵੀਰ ਸਿੰਘ ਨੇ ਬੂਟੇ ਲਾਏ ਗਏ।ਇਸ ਫੇਰੀ ਦੌਰਾਨ ਮੈਡਮ ਦਲਜੀਤ ਕੌਰ ਸਕੂਲ ਵਿੱਚ ਲੱਗੀ ਹਰਿਆਲੀ ਅਤੇ ਅਨੁਸ਼ਾਸਨ ਨੂੰ ਦੇਖ ਕੇ ਬੇਹੱਦ ਪ੍ਰਭਾਵਤ ਹੋਏ।ਕਰਨਵੀਰ ਸਿੰਘ ਨੇ ਬੱਚਿਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਾਉਣ ਦੇ ਨਾਲ-ਨਾਲ ਇਨ੍ਹਾਂ ਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ।ਇਸ ਤੋਂ ਇਲਾਵਾ ਸਕੂਲ ਵੱਲੋਂ ਪਿਛਲੇ ਦਿਨੀਂ ਜ਼ਿਲ੍ਹਾ ਪੱਧਰੀ ਕਲਾ ਉਤਸਵ ਦੇ ਜੇਤੂ ਵਿਦਿਆਰਥੀਆਂ ਨੂੰ ਵੀ ਇਨਾਮ ਵੀ ਤਕਸੀਮ ਕੀਤੇ ਗਏ।ਪੰਜਾਬੀ ਲੈਕਚਰਾਰ ਸਰਬਜੀਤ ਸਿੰਘ ਨੇ ਸਕੂਲ ਦੀ ਪ੍ਰਾਪਤੀਆਂ ਬਾਰੇ ਜੱਜ ਨੂੰ ਜਾਣੂ ਕਰਾਉਂਦਿਆਂ ਚੱਲ ਰਹੀਆਂ ਗਤੀਵਿਧੀਆਂ ਬਾਰੇ ਦੱਸਿਆ।

## ਬੀਬੀ ਬਾਦਲ ਨੇ ਡਿਪਟੀ ਕਮਿਸ਼ਨਰ ਨੂੰ ਭੇਜਿਆ ਪੱਤਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬੱਸ ਅੱਡੇ ਲਈ ਚੱਲ ਰਹੇ ਸੰਘਰਸ਼ ਵਿੱਚ ਚਾਰ ਵਿਧਾਇਕਾਂ, ਹਲਕਾ ਇੰਚਾਰਜਾਂ ਤੋਂ ਬਾਅਦ ਲੋਕ ਸਭਾ ਸੰਸਦ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਸ਼ਹਿਰ ਦੇ ਮੌਜੂਦਾ ਬੱਸ ਅੱਡੇ ਨੂੰ ਬਦਲਣ ਦੀ ਯੋਜਨਾ ਦਾ ਵਿਰੋਧ ਕਰਦਿਆਂ ਡਿਪਟੀ ਕਮਿਸ਼ਨਰ ਨੂੰ ਵਿਸਥਾਰਤ ਪੱਤਰ ਭੇਜਿਆ ਹੈ। ਪੱਤਰ ਵਿੱਚ ਉਨ੍ਹਾਂ ਨੇ ਸਪੱਸ਼ਟ ਕਿਹਾ ਕਿ ਮੌਜੂਦਾ ਬੱਸ ਅੱਡਾ ਸ਼ਹਿਰ ਦੇ ਕੇਂਦਰ ਵਿੱਚ ਹੈ, ਜਿਸ ਨਾਲ ਜ਼ਿਲ੍ਹਾ ਅਦਾਲਤ, ਮਿੰਨੀ ਸਕੱਤਰੇਤ, ਸਰਕਾਰੀ ਹਸਪਤਾਲ, ਕਾਲਜ ਤੇ ਰੇਲਵੇ ਸਟੇਸ਼ਨ ਤੱਕ ਲੋਕਾਂ ਦੀ ਆਸਾਨ ਪਹੁੰਚ ਬਣੀ ਰਹਿੰਦੀ ਹੈ।

ਉਨ੍ਹਾਂ ਨੇ ਕਿਹਾ ਕਿ ਮੌਜੂਦਾ ਬੱਸ ਅੱਡੇ ਨੂੰ ਮਲੋਟ ਰੋਡ ਸ਼ਿਫ਼ਟ ਕਰਨ ਦਾ ਫੈਸਲਾ ਆਮ ਜਨਤਾ ਲਈ ਗੰਭੀਰ ਪ੍ਰੇਸ਼ਾਨੀਆਂ ਪੈਦਾ ਕਰੇਗਾ। ਪੱਤਰ ਵਿੱਚ ਸੰਸਦ ਮੈਂਬਰ ਨੇ ਇਹ ਵੀ ਲਿਖਿਆ ਕਿ ਜਨ ਪ੍ਰਤਿਨਿਧੀ ਹੋਣ ਦੇ ਨਾਤੇ ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਜਨਤਾ ਦੀ ਆਵਾਜ਼ ਨੂੰ ਪ੍ਰਸ਼ਾਸਨ ਤੱਕ ਪੁਚਾਉਣ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਜਨ ਭਾਵਨਾਵਾਂ ਦਾ ਸਨਮਾਨ ਕਰਦਿਆਂ ਬੱਸ ਅੱਡੇ ਨੂੰ ਮੌਜੂਦਾ ਸਥਾਨ 'ਤੇ ਹੀ ਬਣਾਈ ਰੱਖਣ ਦਾ ਫੈਸਲਾ ਲਿਆ ਜਾਵੇ।

## ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਨੇ ਜਥੇਬੰਦੀ ਦਾ 90ਵਾਂ ਸਥਾਪਨਾ ਦਿਵਸ ਮਨਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਮੋਗਾ ਵੱਲੋਂ ਜਥੇਬੰਦੀ ਦਾ 90ਵਾਂ ਸਥਾਪਨਾ ਦਿਵਸ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾਈ ਸਕੱਤਰੇਤ ਮੈਂਬਰ ਨਵਜੋਤ ਬਿਲਾਸਪੁਰ ਤੇ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਨਿਹਾਲ ਸਿੰਘ ਵਾਲਾ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਜਥੇਬੰਦੀ ਦੇ ਜ਼ਿਲ੍ਹਾ ਸਕੱਤਰ ਸਵਰਾਜ ਖੋਸਾ ਵੱਲੋਂ ਜਥੇਬੰਦੀ ਦਾ ਝੰਡਾ ਲਹਿਰਾਉਣ ਨਾਲ ਹੋਈ।ਇਸ ਮੌਕੇ ਆਏ ਹੋਏ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਲ ਇੰਡੀਆਂ ਸਟੂਡੈਂਟ ਫੈਡਰੇਸ਼ਨ ਦੇ ਸਾਬਕਾ ਕੌਮੀ ਗਰਲਜ਼ ਕਨਵੀਨਰ ਕਰਮਵੀਰ ਕੌਰ ਬੱਧਨੀ ਨੇ ਕਿਹਾ ਕਿ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਆਜ਼ਾਦੀ ਤੋਂ ਪਹਿਲਾਂ ਦੀ ਸਭ ਤੋਂ ਪੁਰਾਣੀ ਜਥੇਬੰਦੀ ਹੈ, ਜਿਸ ਦੀ ਸਥਾਪਨਾ 12 ਅਗਸਤ 1936 ਨੂੰ ਲਖਨਊ ਦੇ ਕੰਗਾ ਪ੍ਰਸਾਦ ਮੈਮੋਰੀਅਲ ਹਾਲ ਵਿੱਚ ਅੱਜ ਤੋਂ 90 ਸਾਲ ਪਹਿਲਾਂ ਹੋਈ ਸੀ ਆਪਣੀ ਹੋਂਦ ਤੋਂ ਲੈ ਕੇ ਹੁਣ ਤੱਕ ਇਹ ਜਥੇਬੰਦੀ ਜਿੱਥੇ ਵਿਦਿਆਰਥੀ ਹਿੱਤਾਂ ਦੀ ਲੜਾਈ ਲੜਦਿਆਂ ਉਨ੍ਹਾਂ ਨੂੰ ਲਾਮਬੰਦ ਕਰਨ ਦਾ ਕੰਮ ਕਰ ਰਹੀ ਹੈ, ਉਸ ਦੇ ਨਾਲ ਵੀ ਸਰਮਾਏਦਾਰ ਪੱਖੀ ਧਿਰਾਂ ਵੱਲੋਂ ਥੋਪੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਦਾ ਵੀ ਵਿਰੋਧ ਕਰਦੀ ਹੈ ਅਤੇ ਉਸ ਦੇ ਖਿਲਾਫ ਉਨ੍ਹਾਂ ਨੂੰ ਜਥੇਬੰਦ ਕਰਨ ਦਾ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦਾ ਰਾਜਨੀਤੀ ਵਿੱਚ ਆਉਣਾ ਅੱਜ ਦੇ ਸਮੇਂ ਦੀ ਪ੍ਰਮੁੱਖ ਲੋੜ ਹੈ, ਪਰ ਸਮੇਂ ਦੀਆਂ ਸਰਕਾਰਾਂ ਖਾਸ ਕਰਕੇ ਪੰਜਾਬ ਵਿੱਚ ਵਿਦਿਆਰਥੀ ਚੋਣਾਂ ਨੂੰ ਦਰਕਿਨਾਰ ਕਰਕੇ ਵਿਦਿਆਰਥੀਆਂ ਨੂੰ ਰਾਜਨੀਤੀ ਤੋਂ ਪਾਸੇ ਕਰ ਆਪਣੇ ਮੁਨਾਫੇ ਵਧਾਉਣ ਲਈ ਇਨ੍ਹਾਂ ਨੂੰ ਵਰਤ ਰਹੇ ਹਨ। ਉਨ੍ਹਾਂ ਕਿਹਾ ਜਦੋਂ ਦੇਸ਼ ਦੀ ਪਾਰਲੀਮੈਂਟ ਵਿੱਚ ਵਿਦਿਆਰਥੀ ਵਿਰੋਧੀ ਕਾਨੂੰਨ ਪਾਸ ਹੋ ਰਹੇ ਹਨ, ਰਾਸ਼ਟਰੀ ਸਿੱਖਿਆ ਨੀਤੀ ਦੇ ਨਾਮ ਦੇ ਉੱਤੇ ਵਿਦਿਆਰਥੀਆਂ ਤੋਂ ਉਨ੍ਹਾਂ ਦੇ ਸਿੱਖਿਆ ਲੈਣ ਦੇ ਹੱਕ ਨੂੰ ਖੋਹਿਆ ਜਾ ਰਿਹਾ ਹੈ। ਅਜਿਹੇ ਸਮੇਂ ਹੋਰ ਵੀ ਜ਼ਰੂਰੀ ਹੈ ਕਿ ਅਸੀਂ ਜਥੇਬੰਦ ਹੋਈਏ ਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਮੈਂਬਰ ਬਣ ਕੇ ਇਸ ਨੂੰ ਮਜ਼ਬੂਤ ਕਰੀਏ ਤੇ ਅਜਿਹੀਆਂ ਵਿਦਿਆਰਥੀ ਵਿਰੋਧੀ ਨੀਤੀਆਂ ਖਿਲਾਫ ਆਪਦੇ ਆਪ ਨੂੰ ਲਾਮ ਬੰਦ ਕਰੀਏ।ਇਸ ਮੌਕੇ ਸੂਬਾਈ ਸਕੱਤਰੇਤ ਮੈਂਬਰ ਨਵਜੋਤ ਬਿਲਾਸਪੁਰ, ਸਰਬ ਭਾਰਤ ਨੌਜਵਾਨ ਸਭਾ ਦੇ ਸੀਨੀਅਰ ਮੀਤ ਸਕੱਤਰ ਬੋੜ ਬੁੱਟਰ ਤੇ ਪ੍ਰੈੱਸ ਸਕੱਤਰ ਜਸਪ੍ਰੀਤ ਬੱਧਨੀ ਨੇ ਭਰਾਤਰੀ ਸੰਦੇਸ਼ ਦਿੰਦਿਆਂ ਵਿਦਿਆਰਥੀਆਂ ਨੂੰ ਭਰੋਸਾ ਦਿਵਾਇਆ ਕਿ ਆਉਣ ਵਾਲੇ ਸਮੇਂ ਇਸ ਜਥੇਬੰਦੀ ਨੂੰ ਮਜ਼ਬੂਤ ਕਰਨ ਵਿੱਚ ਉਹ ਹਰ ਸਮੇਂ ਜਥੇਬੰਦੀ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਗੇ ਤੇ ਹਰ ਇੱਕ ਨੂੰ ਸਿੱਖਿਆ ਤੇ ਰੁਜ਼ਗਾਰ ਦੀ ਗਰੰਟੀ ਦੇ ਕਾਨੂੰਨ ਦੀ ਪ੍ਰਾਪਤੀ ਲਈ ਸਰਗਰਮੀ ਤੇਜ਼ ਕਰਨਗੇ।ਇਸ ਸਮੇਂ ਹੋਰਨਾਂ ਤੋਂ ਇਲਾਵਾ ਸਰਵ ਭਾਰਤ ਨੌਜਵਾਨ ਸਭਾ ਦੇ ਮੀਤ ਪ੍ਰਧਾਨ ਲਖਵੀਰ ਸਿੰਘ ਰਾਜੂ, ਬਲਕਰਨ ਸਿੰਘ, ਸੁਮਨ ਦੁੱਨੇ ਕੇ, ਹਰਪ੍ਰੀਤ ਸਿੰਘ, ਜਸਪ੍ਰੀਤ ਕੌਰ ਸਲੀਣਾ, ਪੂਜਾ ਖੋਸਾ, ਰਾਜਵਿੰਦਰ ਕੌਰ ਮਹਿਰੋਂ, ਹਰਜੋਤ ਸਿੰਘ ਤੇ ਮਨਪ੍ਰੀਤ ਸਿੰਘ ਖੋਸਾ ਹਾਜ਼ਰ ਸਨ।

## ਲੈਂਡ ਪੂਲਿੰਗ ਪਾਲਿਸੀ ਦੇ ਵਿਰੋਧ 'ਚ ਕੱਢਿਆ ਵਿਸ਼ਾਲ ਟ੍ਰੈਕਟਰ ਮਾਰਚ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਪ੍ਰਦੇਸ਼ ਕਾਂਗਰਸ ਦੇ ਕਿਸਾਨ ਵਿੰਗ ਦੇ ਸੂਬਾਈ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਦੇ ਵਿਰੋਧ 'ਚ ਵਿਸ਼ਾਲ ਟ੍ਰੈਕਟਰ ਮਾਰਚ ਕੱਢਿਆ ਗਿਆ, ਜਿਸ ਵਿੱਚ ਲਾਗਲੇ ਪਿੰਡਾਂ ਦੇ ਵਰਕਰਾਂ ਨੇ ਸੈਂਕੜੇ ਟ੍ਰੈਕਟਰਾਂ ਸਮੇਤ ਸ਼ਮੂਲੀਅਤ ਕੀਤੀ।ਹਰਦੀਪ ਸਿੰਘ ਦੌਲਤਪੁਰ ਨੇ ਭਗਵੰਤ ਮਾਨ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਨੂੰ ਕਿਸਾਨ, ਖੇਤ ਮਜ਼ਦੂਰ ਤੇ ਪੰਜਾਬ ਵਿਰੋਧੀ ਦੱਸਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਆਕਾ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ 'ਤੇ ਕਥਿਤ ਤੌਰ 'ਤੇ ਪੰਜਾਬ ਨੂੰ ਲੁੱਟਣ ਤੇ ਬਰਬਾਦ ਕਰਨ ਨੀਤੀਆਂ ਘੜੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਵਿਸ਼ਵਾਸ ਤੇ ਭਰੋਸੇ ਨਾਲ ਆਪ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਪੰਜਾਬ ਦੀ ਸੱਤਾ ਸੌਂਪੀ ਸੀ, ਪਰ ਆਪ ਸਰਕਾਰ ਨੇ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਦਾ ਘਾਣ ਕਰਦਿਆਂ ਦਿੱਲੀ ਵਾਲਿਆਂ ਦੇ ਇਸ਼ਾਰੇ 'ਤੇ ਪੰਜਾਬ ਵਿਰੋਧੀ ਨੀਤੀਆਂ ਬਣਾਉਣੀਆਂ ਸ਼ੁਰੂ ਕਰਕੇ ਪੰਜਾਬ ਦੇ ਲੋਕਾਂ ਨਾਲ ਧ੍ਰੋਹ ਕਮਾਇਆ ਹੈ।ਦੌਲਤਪੁਰ ਨੇ ਕਿਹਾ ਕਿ ਭਾਵੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੈਂਡ ਪੂਲਿੰਗ ਪਾਲਿਸੀ ਦੇ ਹੋ ਰਹੇ ਭਾਰੀ ਵਿਰੋਧ ਨੂੰ ਦੇਖਦਿਆਂ ਪਾਲਿਸੀ ਨੂੰ ਵਾਪਿਸ ਲੈਣ ਦਾ ਐਲਾਨ ਕਰ ਦਿੱਤਾ ਹੈ, ਪਰ ਅਸੀਂ ਉਦੋਂ ਤੱਕ ਇਸ ਪੰਜਾਬ ਵਿਰੋਧੀ ਨੀਤੀ ਦਾ ਵਿਰੋਧ ਜਾਰੀ ਰੱਖਾਂਗੇ, ਜਦੋਂ ਤੱਕ ਸਰਕਾਰ ਵਿਧਾਨ ਸਭਾ ਅੰਦਰ ਇਸ ਪਾਲਿਸੀ ਨੂੰ ਲਾਗੂ ਕਰਨ ਦੇ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨੂੰ ਰੱਦ ਕਰਨ ਦਾ ਮਤਾ ਪਾਸ ਨਹੀਂ ਕਰਦੀ।ਟ੍ਰੈਕਟਰ ਮਾਰਚ ਪਿੰਡ ਦੌਲਤਪੁਰ ਤੋਂ ਸ਼ੁਰੂ ਹੋ ਕੇ ਮਾਲੇਰਕੋਟਲਾ ਰੋਡ ਤੋਂ ਹੁੰਦਾ ਹੋਇਆ ਸ਼ਹਿਰ ਦੇ ਕੱਕੜਵਾਲ ਚੌਕ ਪੁੱਜਿਆ, ਜਿੱਥੇ ਲੋਕਾਂ ਵੱਲੋਂ ਹਰਦੀਪ ਸਿੰਘ ਦੌਲਤਪੁਰ ਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਗਿਆ।

## ਲੈਂਡ ਪੂਲਿੰਗ ਸਕੀਮ ਵਾਪਸ ਲੈਣਾ ਸੰਘਰਸ਼ਮਈ ਲੋਕਾਂ ਦੀ ਵੱਡੀ ਜਿੱਤ : ਮੇਜਰ ਪੁੰਨਾਂਵਾਲ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸੰਯੁਕਤ ਕਿਸਾਨ ਮੋਰਚਾ ਨੇ ਪੰਜਾਬ ਸਰਕਾਰ ਦੇ ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਵੱਲੋਂ ਲੈਂਡ ਪੂਲਿੰਗ ਸਕੀਮ ਨੂੰ ਵਾਪਸ ਲੈਣ ਸਬੰਧੀ ਜਾਰੀ ਕੀਤੇ ਬਿਆਨ ਨੂੰ ਇਸ ਸਕੀਮ ਵਿਰੁੱਧ ਸੰਘਰਸ਼ਸ਼ੀਲ ਲੋਕਾਂ ਦੀ ਜਿੱਤ ਵੱਲ ਵੱਡਾ ਕਦਮ ਕਰਾਰ ਦਿੱਤਾ ਹੈ। ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਤੇ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਮੇਜਰ ਸਿੰਘ ਪੁੰਨਾਂਵਾਲ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਸਕੀਮ ਸਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਵੀ ਪੰਜਾਬ ਕੈਬਨਿਟ ਦੀ ਮੀਟਿੰਗ ਕਰਕੇ ਤੁਰੰਤ ਰੱਦ ਕਰੇ।

ਸ੍ਰੀ ਪੁੰਨਾਂਵਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਲੈਂਡ ਪੂਲਿੰਗ ਸਕੀਮ ਵਿਰੁੱਧ ਲੋਕਾਂ ਦਾ ਰੋਹ ਦਿਨੋਂ ਦਿਨ ਵਧਦਾ ਜਾ ਰਿਹਾ ਸੀ। ਸ਼ਹਿਰੀਕਰਨ ਦੇ ਨਾਂ ਹੇਠ ਪਿੰਡਾਂ ਨੂੰ ਉਜਾੜਨ ਲਈ ਲਿਆਂਦੀ ਗਈ ਇਸ ਸਕੀਮ ਵਿਰੁੱਧ ਸੰਯੁਕਤ ਕਿਸਾਨ ਮੋਰਚਾ ਲਗਾਤਾਰ ਸੰਘਰਸ਼ ਕਰ ਰਿਹਾ ਸੀ। ਸਿੱਟੇ ਵਜੋਂ ਪੰਜਾਬ ਸਰਕਾਰ ਨੇ ਸਕੀਮ ਨੂੰ ਵਾਪਸ ਲੈਣ ਸਬੰਧੀ ਪ੍ਰੈੱਸ ਬਿਆਨ ਜਾਰੀ ਕੀਤਾ ਹੈ। ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਸਕੀਮ ਸਬੰਧੀ ਨੋਟੀਫਿਕੇਸ਼ਨ ਰੱਦ ਕਰਨ ਸਬੰਧੀ ਹਾਲੇ ਸਥਿਤੀ ਸਪੱਸ਼ਟ ਨਹੀਂ ਹੈ। ਇਸ ਲਈ ਪੰਜਾਬ ਦੇ ਲੋਕਾਂ ਨੂੰ ਨੋਟੀਫਿਕੇਸ਼ਨ ਰੱਦ ਕਰਵਾਉਣ ਤੱਕ ਸਾਵਧਾਨੀ ਰੱਖਦਿਆਂ ਸੰਘਰਸ਼ ਨੂੰ ਜਾਰੀ ਰੱਖਣ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਵਧਾਈ ਦਿੰਦੇ ਹੋਏ ਸਾਵਧਾਨੀ ਰੱਖਦਿਆਂ ਨੋਟੀਫਿਕੇਸ਼ਨ ਰੱਦ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕੀਤੀ ਹੈ।

## ਬੋਧ ਗਯਾ ਮੁਕਤੀ ਅੰਦੋਲਨ ਤਹਿਤ ਸ਼ਹਿਰ 'ਚ ਕੱਢਿਆ ਮਸ਼ਾਲ ਮਾਰਚ

### ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕਰਨ ਦੀ ਕੀਤੀ ਮੰਗ




**ਜਲੰਧਰ (ਨ ਜ਼ ਸ)**-ਪੰਜਾਬ ਦੇ ਬੁੱਧਿਸਟਾਂ ਵੱਲੋਂ ਬੁੱਧ ਵਿਹਾਰ, ਸਿਧਾਰਥ ਨਗਰ ਜਲੰਧਰ ਤੋਂ ਮਸ਼ਾਲ ਮਾਰਚ ਭਿਖਸ਼ੂ ਸੰਘ 'ਚ ਸ਼ਾਮਲ ਭੰਤੇ ਚੰਦਰ ਕੀਰਤੀ, ਭੰਤੇ ਰੇਵਤ, ਭਿਖਸ਼ੂਣੀ ਧੰਮ ਜੋਤੀ ਆਗਰਾ, ਭਿਖਸ਼ੂਣੀ ਧੰਮ ਨੰਦਾ ਸਹਾਰਨਪੁਰ, ਭਿਖਸ਼ੂਣੀ ਖੇਮਾ ਆਗਰਾ ਤੇ ਬੋਧੀ ਆਗੂ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਤਕਸ਼ਿਲਾ ਮਹਾਂਬੁੱਧ ਵਿਹਾਰ ਲੁਧਿਆਣਾ, ਹੁਸਨ ਲਾਲ ਬੌਧ, ਬਲਦੇਵ ਜੱਸਲ, ਪ੍ਰਿੰਸੀਪਲ ਪਰਮਜੀਤ ਜੱਸਲ, ਬਲਦੇਵ ਰਾਜ ਭਾਰਦਵਾਜ, ਚੰਚਲ ਬੌਧ ਤੇ ਅੰਬੇਡਕਰੀ ਬੋਧੀ ਭਾਈਚਾਰਾ ਪੰਜਾਬ ਦੀ ਅਗਵਾਈ 'ਚ ਭਾਰੀ ਗਿਣਤੀ ਵਿੱਚ ਕੱਢੀ ਗਈ।ਆਲ ਇੰਡੀਆ ਬੁੱਧਿਸਟ ਫੋਰਮ ਪੰਜਾਬ ਦੇ ਮਿਸ਼ਨਰੀ ਸਾਥੀ ਕੇਂਦਰ ਸਰਕਾਰ ਤੇ ਬਿਹਾਰ ਦੀ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੋਧ ਗਯਾ ਮਹਾਂਬੁੱਧ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆ ਨੂੰ ਸੌਂਪਿਆ ਜਾਵੇ।ਇਹ ਮਸ਼ਾਲ ਮਾਰਚ ਬੁੱਧ ਵਿਹਾਰ ਸਿਧਾਰਥ ਨਗਰ ਤੋਂ ਚੱਲ ਕੇ ਬੂਟਾਂ ਮੰਡੀ ਚੌਂਕ, ਸਤਿਗੁਰੂ ਰਵਿਦਾਸ ਧਾਮ ਬੂਟਾਂ ਮੰਡੀ, ਸਤਿਗੁਰੂ ਰਵਿਦਾਸ ਚੌਂਕ, ਭਾਰਗੋ ਕੈਂਪ, ਡਾ. ਅੰਬੇਡਕਰ ਚੌਂਕ ਤੋਂ ਹੁੰਦਾ ਹੋਇਆ ਆਬਾਦਪੁਰਾ ਤੇ ਡਾ. ਅੰਬੇਡਕਰ ਭਵਨ ਜਲੰਧਰ ਵਿਖੇ ਸਮਾਪਤ ਹੋਇਆ, ਜਿੱਥੇ ਪਹੁੰਚ ਕੇ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।ਇਨ੍ਹਾਂ 'ਚ ਧੰਮਾਂਚਾਰੀ ਬਲਦੇਵ ਜੱਸਲ, ਭੰਤੇ ਚੰਦਰ ਕੀਰਤੀ, ਭੰਤੇ ਰੇਵਤ, ਐਡਵੋਕੇਟ ਹਰਭਜਨ ਸਾਂਪਲਾ, ਬਲਦੇਵ ਰਾਜ ਭਾਰਦਵਾਜ, ਪ੍ਰਿੰਸੀਪਲ ਪਰਮਜੀਤ ਜੱਸਲ, ਹੁਸਨ ਲਾਲ ਬੌਧ, ਚੰਚਲ ਬੌਧ, ਜਗਦੀਸ਼ ਦੀਸ਼ਾ ਬਸਪਾ ਆਗੂ, ਰਮੇਸ਼ ਕੌਲ ਫਗਵਾੜਾ ਬਸਪਾ ਆਗੂ, ਸ਼੍ਰੀਮਤੀ ਸੀਤਾ ਕੌਲ ਫਗਵਾੜਾ, ਜਸਵਿੰਦਰ ਵਰਿਆਣਾ ਸਾਬਕਾ ਪ੍ਰਧਾਨ ਸਮਤਾ ਸੈਨਿਕ ਦਲ, ਮਨੀ ਜ਼ਿਲਾ ਪ੍ਰਧਾਨ ਅੰਬੇਡਗਰ ਸੈਨਾ ਮੂਲ ਨਿਵਾਸੀ ਕਪੂਰਥਲਾ, ਕਸ਼ਮੀਰ ਲੱਧੜ ਹੁਸ਼ਿਆਰਪੁਰ, ਦਿਨੇਸ਼ ਕੁਮਾਰ ਨਕੋਦਰ, ਸਵਰਨ ਦਾਸ ਬਸਤੀ ਦਾਨਿਸ਼ਮੰਦਾ ਆਦਿ ਆਗੂਆਂ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਕੇਂਦਰ ਸਰਕਾਰ ਤੇ ਬਿਹਾਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਬੌਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ ਤੇ ਬੌਧ ਗਯਾ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆਂ ਨੂੰ ਸੌਂਪਿਆ ਜਾਵੇ।ਉਨ੍ਹਾਂ ਇਹ ਵੀ ਕਿਹਾ ਕਿ ਮਿਸ਼ਾਲ ਮਾਰਚ ਪੂਰੇ ਪੰਜਾਬ ਵਿੱਚ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੱਢਿਆ ਜਾਵੇਗਾ, ਜਿਸ ਨਾਲ ਆਲ ਇੰਡੀਆ ਬੁੱਧਿਸ਼ਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਅਕਾਸ਼ ਲਾਮਾ ਦੇ ਹੱਥ ਮਜ਼ਬੂਤ ਹੋਣਗੇ, ਜੋ ਬੋਧ ਗਯਾ ਮੁਕਤੀ ਅੰਦੋਲਨ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ।ਅੰਤ ਵਿੱਚ ਸ੍ਰੀ ਸੋਹਨ ਲਾਲ ਸਾਬਕਾ ਡੀਪੀਆਈ ਤੇ ਚੇਅਰਮੈਨ ਡਾਕਟਰ ਅੰਬੇਡਕਰ ਭਵਨ ਟਰੱਸਟ ਜਲੰਧਰ ਨੇ ਮਸ਼ਾਲ ਮਾਰਚ ਵਿੱਚ ਸ਼ਾਮਲ ਸਾਰੇ ਸਾਥੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

## ਪੰਜਾਬੀ ਸਾਹਿਤ ਸਭਾ ਖੰਨਾ ਦੀ ਮਹੀਨਾਵਾਰ ਇਕੱਤਰਤਾ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਪੰਜਾਬੀ ਸਾਹਿਤ ਸਭਾ ਖੰਨਾ ਦੀ ਮਹੀਨਾਵਾਰ ਇਕੱਤਰਤਾ ਏ. ਐੱਸ. ਸੀਨੀ. ਸੈਕੰ. ਸਕੂਲ ਖੰਨਾ ਵਿਖੇ ਸਭਾ ਦੇ ਪ੍ਰਧਾਨ ਨਰਿੰਦਰ ਮਣਕੂ ਤੇ ਸਭਾ ਦੇ ਸਰਪ੍ਰਸਤ ਮਨਜੀਤ ਸਿੰਘ ਧੰਜਲ ਦੀ ਅਗਵਾਈ ਹੇਠ ਹੋਈ।ਇਸ ਮੀਟਿੰਗ ਵਿੱਚ ਬੀਤੇ ਦਿਨੀਂ ਨੇੜਲੇ ਪਿੰਡ ਮਾਨੂੰਪੁਰ ਦੇ ਨੌਜਵਾਨ ਭਾਰਤੀ ਫ਼ੌਜ ਦੇ ਜਵਾਨ ਪ੍ਰਿਤਪਾਲ ਸਿੰਘ ਮਾਨੂੰਪੁਰ ਲੈਂਸ ਨਾਇਕ ਤੇ ਭਾਰਤੀ ਫ਼ੌਜ ਦੇ ਜਵਾਨ ਹਰਵਿੰਦਰ ਸਿੰਘ ਪਿੰਡ ਬਦੀਨਪੁਰ ਜਿਹੜੇ ਕਿ ਜੰਮੂ ਕਸ਼ਮੀਰ ਦੇ ਕੁਲਗਾਮ 'ਚ ਅੱਤਵਾਦੀਆਂ ਨਾਲ ਮੁਕਾਬਲੇ ਵਿੱਚ ਸ਼ਹੀਦ ਹੋ ਗਏ ਸਨ।ਇਨ੍ਹਾਂ ਸ਼ਹੀਦ ਹੋਏ ਦੋਵੇਂ ਜਵਾਨਾਂ ਵੱਲੋਂ ਦੇਸ਼ ਲਈ ਦਿੱਤੀ ਸ਼ਹਾਦਤ ਲਈ ਤੇ ਪ੍ਰਸਿੱਧ ਕਹਾਣੀਕਾਰ ਪ੍ਰੀਤਮਾ ਦੋਮੇਲ ਦੀ ਅਚਾਨਕ ਮੌਤ 'ਤੇ ਵੀ ਸ਼ੋਕ ਮਤਾ ਪਾਇਆ ਗਿਆ ਤੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।ਇਸ ਤੋਂ ਬਾਅਦ ਰਚਨਾਵਾਂ ਦੇ ਦੌਰ ਵਿੱਚ ਸਭ ਤੋਂ ਪਹਿਲਾਂ ਸੁਖਵਿੰਦਰ ਸਿੰਘ ਬਿੱਟੂ ਨੇ ਕਵਿਤਾ, ਹਰਬੰਸ ਸਿੰਘ ਸਾਨ ਨੇ ਗੀਤ, ਕੁਲਵੰਤ ਸਿੰਘ ਮਹਿਮੀ ਨੇ ਗੀਤ, ਨਰੇਸ਼ ਨਿਮਾਣਾ ਨੇ ਗ਼ਜ਼ਲ, ਹਰਜੀਤ ਬੈਨੀਪਾਲ ਨੇ ਟੱਪੇ, ਧਰਮਿੰਦਰ ਸ਼ਾਹਿਦ ਨੇ ਗ਼ਜ਼ਲ, ਵਿਸ਼ੇਸ਼ ਤੌਰ 'ਤੇ ਮੋਰਿੰਡਾ ਤੋਂ ਪਹੁੰਚੇ ਗੁਰਿੰਦਰ ਸਿੰਘ ਕਲਸੀ ਨੇ ਕਵਿਤਾ, ਦਵਿੰਦਰ ਸਿੰਘ ਘੁੰਗਰਾਲੀ ਨੇ ਗੀਤ, ਮਨਜੀਤ ਸਿੰਘ ਧੰਜਲ ਨੇ ਗੀਤ, ਬਲਦੇਵ ਸਿੰਘ ਨੇ ਗੀਤ, ਅਵਤਾਰ ਉਟਾਲਾਂ ਗੀਤ, ਗੁਰੀ ਤੁਰਮਰੀ ਨੇ ਕਵਿਤਾ, ਨਰਿੰਦਰ ਮਣਕੂ ਨੇ ਗੀਤ, ਬਾਵਾ ਹੋਲੀਆ ਨੇ ਗੀਤ, ਸਰਦਾਰ ਪੰਛੀ ਨੇ ਗ਼ਜ਼ਲ ਸੁਣਾਈ।ਇਨ੍ਹਾਂ ਸਾਰੀਆਂ ਰਚਨਾਵਾਂ ਉਤੇ ਉਸਾਰੂ ਬਹਿਸ ਹੋਈ।ਬਹਿਸ ਵਿੱਚ ਸੁਖਵਿੰਦਰ ਸਿੰਘ ਭਾਦਲਾ, ਮਾ. ਕਿਰਪਾਲ ਸਿੰਘ, ਬੰਤ ਸਿੰਘ ਘੁੰਗਰਾਲੀ, ਹਰਜੀਤ ਸਿੰਘ, ਮਨਜੀਤ ਸਿੰਘ ਧੰਜਲ ਤੇ ਸਰਦਾਰ ਪੰਛੀ ਨੇ ਭਾਗ ਲਿਆ।ਅੰਤ ਵਿੱਚ ਸਭਾ ਦੇ ਪ੍ਰਧਾਨ ਨਰਿੰਦਰ ਸਿੰਘ ਮਾਣਕੂ ਵੱਲੋਂ ਇਸ ਮੀਟਿੰਗ ਵਿੱਚ ਪਹੁੰਚੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਗਿਆ।ਸਭਾ ਦੀ ਕਾਰਵਾਈ ਗੁਰੀ ਤੁਰਮਰੀ ਨੇ ਬਾਖੂਬੀ ਨਾਲ ਨਿਭਾਈ ਗਈ

## ...ਸ.ਫਾ 1 ਦੇ ਬਾਕੀ

### ਬਿਜਲੀ ਮੁਲਾਜ਼ਮਾਂ ਦੇ...

ਕੰਮ ਕਰ ਰਹੇ ਕਰਮਚਾਰੀਆਂ ਨਾਲ ਤਨਖਾਹਾਂ ਵਿੱਚ ਵਿਤਕਰਾ ਕੀਤਾ ਜਾ ਰਿਹਾ, 1997 ਤੋਂ ਮਹਿਕਮੇ 'ਚ ਕੰਮ ਕਰ ਰਹੇ ਕੰਟਰੈਕਟ ਮੀਟਰ ਰੀਡਰ, ਬੀ ਡੀ, ਕੈਸ਼ੀਅਰਾਂ ਨੂੰ ਸਪੈਸ਼ਲ ਕੰਟੀਜੈਂਟ ਨਹੀਂ ਬਣਾਇਆ ਜਾ ਰਿਹਾ, ਵੱਖ ਵੱਖ ਏਜੰਸੀਆਂ ਰਾਹੀਂ ਭਰਤੀ ਕੱਚੇ ਕਾਮੇ ਮਹਿਕਮੇ ਵਿੱਚ ਸਮਾਉਣ, ਸੋਲੇਸ਼ੀਅਮ ਪਾਲਿਸੀ ਤਹਿਤ ਭਰਤੀ ਕੀਤੇ ਕਾਮਿਆਂ ਉੱਪਰ 12% ਵਿਆਜ ਦੀ ਅਣਮਨੁੱਖੀ ਸ਼ਰਤ ਹਟਾਉਣ, ਮੁਲਾਜ਼ਮਾਂ ਦੇ ਡੀ ਏ/ਭੱਤੇ, ਸੋਧੇ ਸਕੇਲਾਂ ਦੇ ਪੈਨਸ਼ਨ/ਤਨਖਾਹ ਦੇ ਏਰੀਅਰ, ਗਰਿੱਡ/ਫੀਲਡ/ਦਫਤਰੀ ਸਟਾਫ ਦੀਆਂ ਮੰਗਾਂ, ਪੈਨਸ਼ਨਰਾਂ ਦੇ ਵਿਕਾਸ ਟੈਕਸ ਆਦਿ ਮੰਗਾਂ ਨੂੰ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਸਹਿਮਤੀ ਹੋਣ ਤੋਂ ਬਾਅਦ ਲਾਗੂ ਕਰਨ ਤੋਂ ਇਨਕਾਰ ਕਰ ਰਹੀ ਹੈ।ਜਿਸ ਕਰਕੇ ਸਮੁੱਚੇ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ। ਜੇਕਰ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਨੇ ਹੋਈਆਂ ਸਹਿਮਤੀਆਂ ਲਾਗੂ ਨਾ ਕੀਤੀਆਂ ਤਾਂ ਜਥੇਬੰਦੀ ਵੱਲੋਂ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਜਥੇਬੰਦੀਆਂ ਦੇ ਆਗੂਆਂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਰਣਜੀਤ ਸਿੰਘ ਢਿੱਲੋਂ, ਗੁਰਭੇਜ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਕੁਲਵਿੰਦਰ ਸਿੰਘ ਢਿੱਲੋਂ, ਸੁਰਿੰਦਰਪਾਲ ਲਾਹੌਰੀਆ, ਸੁਖਵਿੰਦਰ ਸਿੰਘ ਚਾਹਲ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਕੌਰ ਸਿੰਘ ਸੋਹੀ, ਦੇਵਿੰਦਰ ਸਿੰਘ ਪਿਸ਼ੌਰ, ਪਵਨਪ੍ਰੀਤ ਸਿੰਘ, ਗੁਰਤੇਜ ਸਿੰਘ ਪੱਖੋਂ, ਗੁਰਪਿਆਰ ਸਿੰਘ, ਬੀ ਐਸ ਸੇਖੋਂ, ਰਾਧੇ ਸ਼ਿਆਮ, ਇੰਜ: ਮਨਿੰਦਰਜੀਤ ਸਿੰਘ ਆਦਿ ਨੇ ਰੋਸ ਰੈਲੀਆਂ ਨੂੰ ਵੀ ਸੰਬੋਧਨ ਕੀਤਾ।

## ਸੁਨਾਮ ਵਪਾਰ ਮੰਡਲ ਦੀ ਮੰਗ ਹੋਈ ਪੂਰੀ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਪ੍ਰਦੇਸ਼ ਵਪਾਰ ਮੰਡਲ ਪਿਛਲੇ ਸਮੇਂ ਇੱਕ ਮੰਗ ਲੈ ਕੇ ਦਮਨ ਥਿੰਦ ਬਾਜਵਾ, ਹਰਮਨ ਦੇਵ ਬਾਜਵਾ ਨੂੰ ਮਿਲਿਆ ਸੀ। ਜਿਸ ਵਿੱਚ ਵਪਾਰੀਆਂ ਨੂੰ ਆ ਰਹੀ ਪਾਰਕਿੰਗ ਦੀ ਦਿੱਕਤ ਲਈ ਇੱਕ ਮੰਗ ਰੱਖੀ ਸੀ।

ਅੱਜ ਸਵੇਰੇ ਖੁਸ਼ੀ ਦੀ ਲਹਿਰ ਉਸ ਸਮੇਂ ਦੁੱਗਣੀ ਹੋ ਗਈ, ਜਦੋਂ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਪ੍ਰਧਾਨ ਨਰੇਸ਼ ਕੁਮਾਰ ਭੋਲਾ ਤੇ ਅਨੰਦ ਨੂੰ ਦਮਨ ਥਿੰਦ ਬਾਜਵਾ ਦਾ ਫੋਨ ਆਇਆ ਕਿ ਤੁਹਾਡੇ ਦੁਆਰਾ ਮੰਗੀ ਗਈ ਮੰਗ ਰਵਨੀਤ ਸਿੰਘ ਬਿੱਟੂ ਦੇ ਦਿੱਤੇ ਗਏ ਸਹਿਯੋਗ ਦੇ ਨਾਲ ਪੂਰੀ ਹੋਣ ਜਾ ਰਹੀ ਹੈ।ਸਵੇਰੇ 11 ਵਜੇ ਦਮਨ ਥਿੰਦ ਬਾਜਵਾ, ਹਰਮਨ ਦੇਵ ਬਾਜਵਾ ਆਪਣੀ ਟੀਮ ਦੇ ਨਾਲ ਰੇਲਵੇ ਸਟੇਸ਼ਨ ਸੁਨਾਮ 'ਤੇ ਪਹੁੰਚੇ।ਸੁਨਾਮ ਦੇ ਵਪਾਰੀਆਂ ਲਈ 1600 ਗਜ਼ ਤੋਂ ਵੀ ਵੱਡੀ ਇੱਕ ਪਾਰਕਿੰਗ ਰੇਲਵੇ ਡਿਪਾਰਟਮੈਂਟ ਵੱਲੋਂ ਮਨਜ਼ੂਰ ਕੀਤੀ ਗਈ ਹੈ।ਕਾਰ ਪਾਰਕਿੰਗ ਬਣਾਉਣ ਦੇ ਕੰਮ ਦੀ ਸ਼ੁਰੂਆਤ ਵਪਾਰ ਮੰਡਲ ਦੇ ਪ੍ਰਧਾਨ ਨਰੇਸ਼ ਕੁਮਾਰ ਭੋਲਾ ਨੇ ਨਾਰੀਅਲ ਭੰਨ ਕੇ ਤੇ ਜੇਸੀਬੀ ਦੇ ਉੱਪਰ ਮਾਲਾ ਚੜ੍ਹਾ ਕੇ ਸ਼ੁਰੂ ਕੀਤੀ। ਜਿੱਥੇ ਵਪਾਰੀਆਂ ਨੇ ਪਾਰਕਿੰਗ ਦੇਣ ਲਈ ਧੰਨਵਾਦ ਕੀਤਾ, ਉੱਥੇ ਵਪਾਰ ਮੰਡਲ ਦੇ ਸੀਨੀਅਰ ਵਾਈਸ ਪ੍ਰਧਾਨ ਅਨੰਦ ਜੀ ਵੱਲੋਂ ਫੁੱਟ ਸਟੈਪ ਬ੍ਰਿਜ ਬਣਾਉਣ ਦੀ ਮੰਗ ਕੀਤੀ ਗਈ।ਵਾਈਸ ਚੇਅਰਮੈਨ ਸੁਰੇਸ਼ ਬਾਂਸਲ ਵੱਲੋਂ ਜੋ ਟਰੇਨਾਂ ਸੁਨਾਮ ਨਹੀਂ ਰੁਕਦੀਆਂ, ਉਨ੍ਹਾਂ ਦਾ ਠਹਿਰਾਅ ਸੁਨਾਮ ਸਟੇਸ਼ਨ 'ਤੇ ਕਰਨ ਲਈ ਮੰਗ ਕੀਤੀ ਗਈ।ਵਪਾਰ ਮੰਡਲ ਸੁਨਾਮ ਦੇ ਅਜੇ ਜਿੰਦਲ ਮਸਤਾਨੀ, ਰਜੇਸ਼ ਪਾਲੀ, ਪਰਵੇਸ਼ ਅਗਰਵਾਲ, ਰਾਮ ਕੁਮਾਰ ਭਟਾਲੀਆ, ਮਹੇਸ਼ਇੰਦਰ, ਰਾਜੀਵ ਜਿੰਦਲ, ਮਿੰਟੂ ਸੰਧੇ, ਮਨੀਸ਼ ਕੁਮਾਰ ਮੋਨੂ, ਦਰਸ਼ਨ ਸਿੰਘ ਖੁਰਮੀ, ਰਜੇਸ਼ ਕੁਮਾਰ ਰਾਜੂ, ਵਿਨੋਦ ਕੁਮਾਰ, ਸ੍ਰੀ ਰਾਮ ਲਾਲ ਤਾਇਲ, ਰਿਸ਼ੀਪਾਲ ਐਮ ਸੀ, ਮੰਡਲ ਪ੍ਰਧਾਨ ਰਜੀਵ ਮੱਖਣ, ਸੰਜੇ ਖਡਿਆਲੀਆ, ਗਿਆਨ ਚੰਦ ਗੁਪਤਾ, ਅਸ਼ੋਕ ਕੁਮਾਰ ਅਤੇ ਹੋਰ ਵਪਾਰੀ ਵੀ ਪਹੁੰਚੇ।

## ਸਰਪੰਚ ਅਮਰੀਕ ਸਿੰਘ ਕਿਲ੍ਹਾ ਹਕੀਮਾਂ ਵੱਲੋਂ ਨਿਵੇਕਲੀ ਪਹਿਲ




**ਸ਼ੇਰਪੁਰ (ਰਵੀ ਟਿੱਬਾ)**-ਸਰਕਾਰੀ ਪ੍ਰਾਇਮਰੀ ਸਕੂਲ ਕਿਲਾ ਹਕੀਮਾਂ ਦੇ ਸਕੂਲ ਮੁਖੀ ਸ੍ਰੀਮਤੀ ਅਮਨਦੀਪ ਕੌਰ ਖੇੜੀ ਵੱਲੋਂ ਸਮੂਹ ਸਟਾਫ ਦੇ ਸਹਿਯੋਗ ਨਾਲ ਗ੍ਰਾਮ ਪੰਚਾਇਤ ਕਿਲਾ ਹਕੀਮਾਂ ਦੇ ਸਰਪੰਚ ਸਾਹਿਬ ਸਰਦਾਰ ਅਮਰੀਕ ਸਿੰਘ ਨੂੰ ਅਜੋਕੇ ਮੌਸਮ ਨੂੰ ਦੇਖਦੇ ਹੋਏ ਬੇਨਤੀ ਕੀਤੀ ਗਈ ਸੀ ਕਿ ਵਿਦਿਆਰਥੀਆਂ ਨੂੰ ਹੁੰਮਸ ਭਰੀ ਗਰਮੀ ਤੋਂ ਰਾਹਤ ਦੇਣ ਦੇ ਲਈ ਸਰਕਾਰੀ ਪ੍ਰਾਇਮਰੀ ਸਕੂਲ ਕਿਲਾ ਹਕੀਮਾਂ ਨੂੰ ਪੂਰਨ ਤੌਰ 'ਤੇ ਏਸੀ ਕੀਤਾ ਜਾਵੇ। ਇਸ ਦੇ ਕਾਰਵਾਈ ਕਰਦੇ ਹੋਏ ਅਮਰੀਕ ਸਿੰਘ ਸਰਪੰਚ ਵੱਲੋਂ ਸਮੂਹ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਸਕੂਲ ਨੂੰ ਤਿੰਨ ਏਸੀ ਭੇਟ ਕੀਤੇ ਗਏ।

## ਇੰਟਰਨੈਸ਼ਨਲ ਬੈਡਮਿੰਟਨ ਖਿਡਾਰੀ ਨੂੰ ਕੀਤਾ ਸਨਮਾਨਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਿਮਸਾਨਾ ਕਲੱਬ ਦੇ ਪ੍ਰਧਾਨ ਦੀਪਕ ਕੰਪਾਨੀ, ਪਟਿਆਲਾ ਬੈਡਮਿੰਟਨ ਐਸੋਸੀਏਸ਼ਨ ਦੇ ਪ੍ਰਧਾਨ ਯਸ਼ਵੰਤ ਸਿਨ੍ਹਾ, ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਵਿਨੋਦ ਵਰਗਾਨਾ, ਮਿਮਸਾਨਾ ਕਲੱਬ ਦੇ ਸਾਬਕਾ ਸਕੱਤਰ ਹਰਪ੍ਰੀਤ ਸੰਧੂ, ਅਦਿੱਤਿਆ ਬੈਡਮਿੰਟਨ ਚੈਂਪੀਅਨਜ਼ ਕਲੱਬ ਤੇ ਹੋਰ ਮੈਂਬਰਾਂ ਵੱਲੋਂ ਇੰਟਰਨੈਸ਼ਨਲ ਬੈਡਮਿੰਟਨ ਖਿਡਾਰੀ ਜਗਸ਼ੇਰ ਸਿੰਘ ਖੰਗੂੜਾ ਨੂੰ ਨੈਸ਼ਨਲ ਲੈਵਲ 'ਤੇ ਸਿਲਵਰ ਮੈਡਲ ਤੇ ਇੰਟਰਨੈਸ਼ਨਲ ਲੈਵਲ 'ਤੇ ਬਰੋਨਜ਼ ਮੈਡਲ ਜਿੱਤਣ ਲਈ ਵਿਸ਼ੇਸ਼ ਤੌਰ 'ਤੇ 15000 ਦਾ ਨਗਦ ਅਵਾਰਡ ਦੇ ਕੇ ਸਨਮਾਨਤ ਕੀਤਾ।ਦੱਸਣਯੋਗ ਹੈ ਕਿ ਅਦਿੱਤਿਆ ਕਲੱਬ ਇੰਟਰਨੈਸ਼ਨਲ ਪੱਧਰ ਦੀ ਨਾਮਵਰ ਸੰਸਥਾ ਹੈ, ਜਿਸ ਵਿੱਚ ਵਰਲਡ ਕਲਾਸ ਸਹੂਲਤਾਂ ਇੰਟਰਨੈਸ਼ਨਲ ਸਟੈਂਡਰਡ ਦਾ ਬੈਡਮਿੰਟਨ ਹਾਲ, ਯੋਨਕਸ ਮੈਟ ਕੋਟ ਤੇ ਨੈਸ਼ਨਲ ਪੱਧਰ ਦੀ ਕੋਚਿੰਗ ਸੁਵਿਧਾ ਵੀ ਉਪਲਬਧ ਹੈ।ਇਸ ਕਲੱਬ ਵੱਲੋਂ ਸਮੇਂ-ਸਮੇਂ ਬੈਡਮਿੰਟਨ ਦੇ ਟੂਰਨਾਮੈਂਟ ਕਰਵਾਏ ਜਾਂਦੇ ਹਨ ਅਤੇ ਹੋਣਹਾਰ ਖਿਡਾਰੀਆਂ, ਕਲੱਬ ਦੇ ਸਪੋਟਨ ਨੂੰ ਪਿਆਰ ਕਰਨ ਵਾਲੇ ਮੈਂਬਰਾਂ ਤੇ ਖਿਡਾਰੀਆਂ ਨੂੰ ਕਲੱਬ ਵਿਖੇ ਟੂਰਨਾਮੈਂਟ ਕਰਵਾਕੇ ਉਨ੍ਹਾਂ ਦੀਆਂ ਵਿਸ਼ੇਸ਼ ਉਪਲਬਧੀਆਂ ਲਈ ਸਨਮਾਨਤ ਵੀ ਕੀਤਾ ਜਾਂਦਾ ਹੈ।ਇਸ ਮੌਕੇ ਅਨਿਲ ਬਾਂਸਲ, ਜਗਦੀਸ਼ ਸਿੰਘ, ਸਿਮਰਜੀਤ ਗੋਇਲ, ਇੰਜੀ. ਏ ਪੀ ਗਰਗ, ਪ੍ਰਦੀਪ ਸਿੰਗਲਾ, ਅਨਿਲ ਮੰਗਲਾ, ਪਵਨ ਸਿੰਗਲਾ, ਸੁਭਾਸ਼ ਡਾਵਰ, ਐੱਮ ਐੱਮ ਸਿਆਲ, ਰਾਜ ਕੁਮਾਰ ਮਹਿਤਾ, ਸੁਰੇਸ਼ ਕੁਮਾਰ, ਸਤਨਾਮ ਸਿੰਘ, ਰਣਜੀਤ ਸਿੰਘ ਤੋਂ ਇਲਾਵਾ ਹੋਰ ਵੀ ਕਲੱਬ ਮੈਂਬਰ ਮੌਕੇ 'ਤੇ ਹਾਜ਼ਰ ਸਨ।

## ਹੋਲੀ ਹਾਰਟ ਸਕੂਲ 'ਚ ਗਰਮੀ ਤੋਂ ਬਚਣ ਲਈ ਬੱਚਿਆਂ ਨੂੰ ਉਪਾਅ ਦੱਸੇ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਗ਼ਰਮੀਆਂ ਤੋਂ ਬਚਣ ਲਈ ਸਾਨੂੰ ਕਿਹੜੀਆਂ-ਕਿਹੜੀਆਂ ਖਾਣ-ਪੀਣ ਦੀਆਂ ਵਸਤਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ, ਉਨ੍ਹਾਂ ਬਾਰੇ ਕਲਾਸ ਦੇ ਵਿੱਚ ਅਲੱਗ-ਅਲੱਗ ਗਤੀਵਿਧੀਆਂ ਕਰਾਈਆਂ ਗਈਆਂ।ਕਲਾਸ ਅਧਿਆਪਕਾਂ ਅਲੱਗ-ਅਲੱਗ ਤਰ੍ਹਾਂ ਦੀਆਂ ਗਤੀਵਿਧੀਆਂ ਕਰਾਈਆਂ ਗਈਆਂ।ਇਨ੍ਹਾਂ ਗਤੀਵਿਧੀਆਂ 'ਚ ਪਹਿਲੀ ਕਲਾਸ ਤੋਂ ਲੈ ਕੇ ਬਾਰ੍ਹਵੀਂ ਕਲਾਸ ਤੱਕ ਦੀਆਂ ਦੇ ਸਾਰੇ ਬੱਚੇ ਸ਼ਾਮਲ ਸਨ।ਬੱਚਿਆਂ ਨੇ ਕਲਾਸ ਅਧਿਆਪਕਾਂ ਦੇ ਨਾਲ ਮਿਲ ਕਿ ਅਲੱਗ-ਅਲੱਗ ਤਰ੍ਹਾਂ ਦੀਆਂ ਗਤੀਵਿਧੀਆਂ ਕੀਤੀਆਂ, ਜਿਵੇਂ ਸ਼ਰਬਤ ਪਾਣੀ, ਨੀਂਬੂ ਪਾਣੀ ਅਤੇ ਹੋਰ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਾਈਆਂ ਗਈਆਂ, ਜਿਹੜੀਆਂ ਅਸੀਂ ਅੱਗ ਤੋਂ ਬਿਨਾਂ ਬਣਾ ਸਕਦੇ ਹਾਂ, ਜਿਨ੍ਹਾਂ ਰਾਹੀਂ ਬੱਚੇ ਗਰਮੀ ਤੋਂ ਆਪਣੇ ਸਰੀਰ ਦੀ ਰੱਖਿਆ ਕਰ ਸਕਦੇ ਹਨ।ਅਧਿਆਪਕਾਂ ਦੁਆਰਾ ਦੱਸਿਆ ਕਿ ਕੋਲ ਡਰਿੰਕ ਸਾਡੇ ਸਰੀਰ ਲਈ ਬਹੁਤ ਹਾਨੀਕਾਰਕ ਹੈ, ਇਸ ਲਈ ਸਾਨੂੰ ਨਿੰਬੂ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ। ਗ਼ਰਮੀ ਦੇ ਮੌਸਮ ਵਿੱਚ ਸਾਨੂੰ ਫਾਸਟ ਫੂਡ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ, ਅਧਿਆਪਕਾਂ ਦੁਆਰਾ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦੇ ਰਾਹੀਂ ਬੱਚਿਆਂ ਨੂੰ ਅੱਗ ਤੋਂ ਬਿਨਾਂ ਭੋਜਨ ਤਿਆਰ ਕਰਾਏ ਗਏ ਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਸ ਤਰ੍ਹਾਂ ਦੇ ਸਾਦੇ ਭੋਜਨ ਨੂੰ ਖਾ ਕੇ ਸਾਨੂੰ ਕੋਈ ਨੁਕਸਾਨ ਨਹੀਂ ਹੁੰਦਾ ਹੈ।ਸਾਨੂੰ ਇਸ ਤਰ੍ਹਾਂ ਦੇ ਭੋਜਨ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਨ੍ਹਾਂ ਦਾ ਸਾਡੇ ਸਰੀਰ ਨੂੰ ਕੋਈ ਨੁਕਸਾਨ ਨਹੀਂ।

## ਸਰਪੰਚ ਯੂਨੀਅਨ ਦੇ ਪ੍ਰਧਾਨ ਕਰਨ ਕੌੜਾ ਨੇ ਫੜਿਆ ਭਾਜਪਾ ਦਾ ਪੱਲਾ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਚੰਡੀਗੜ੍ਹ ਸਥਿਤ ਭਾਜਪਾ ਦੇ ਮੁੱਖ ਦਫ਼ਤਰ ਵਿਖੇ ਸਰਪੰਚ ਯੂਨੀਅਨ ਦੇ ਪ੍ਰਧਾਨ ਕਰੁਨ ਕੌੜਾ ਸਾਥੀਆਂ ਸਮੇਤ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ।ਇਸ ਮੌਕੇ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਸ਼੍ਰੀ ਅਸ਼ਵਨੀ ਸ਼ਰਮਾ ਤੇ ਸਾਬਕਾ ਸੰਸਦ ਮੈਂਬਰ ਸ਼੍ਰੀਮਤੀ ਪ੍ਰਨੀਤ ਕੌਰ ਨੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ।ਸ਼੍ਰੀ ਅਸ਼ਵਨੀ ਸ਼ਰਮਾ ਨੇ ਕਰੁਨ ਕੌੜਾ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਮਾਜਿਕ ਕੰਮਾਂ ਦਾ ਪਾਰਟੀ ਨੂੰ ਬਹੁਤ ਲਾਭ ਹੋਵੇਗਾ।ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਕਰੁਨ ਕੌੜਾ ਪਾਰਟੀ ਦੀਆਂ ਨੀਤੀਆਂ ਨੂੰ ਅੱਗੇ ਲੈ ਕੇ ਜਾਣ ਅਤੇ ਪਾਰਟੀ ਦੇ ਆਧਾਰ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।ਸ਼੍ਰੀਮਤੀ ਪ੍ਰਨੀਤ ਕੌਰ ਬੋਲੇ ਕਿ ਭਾਜਪਾ ਪਾਰਟੀ ਲੋਕਾਂ ਦੀ ਪਾਰਟੀ ਦੀ ਹੈ ਤੇ ਇਹ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜੀ ਹੈ। ਪੇਂਡੂ ਖੇਤਰਾਂ ਵਿੱਚ ਕਰੁਨ ਕੌੜਾ ਦੀ ਮਜ਼ਬੂਤ ਪਕੜ ਅਤੇ ਸਰਪੰਚ ਯੂਨੀਅਨ ਦੇ ਪ੍ਰਧਾਨ ਵਜੋਂ ਉਹਨਾਂ ਦਾ ਤਜਰਬਾ ਪਾਰਟੀ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰੇਗਾ। ਕਰੁਨ ਕੌੜਾ ਨੇ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਖੁਸ਼ੀ ਜ਼ਾਹਰ ਕੀਤੀ ਅਤੇ ਪਾਰਟੀ ਦੇ ਸੀਨੀਅਰ ਆਗੂਆਂ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਉਹ ਭਾਜਪਾ ਦੀ ਵਿਚਾਰਧਾਰਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀਆਂ ਲੋਕਪੱਖੀ ਨੀਤੀਆਂ ਤੋਂ ਬਹੁਤ ਪ੍ਰਭਾਵਤ ਹਨ।ਉਨ੍ਹਾਂ ਪਾਰਟੀ ਵੱਲੋਂ ਦਿੱਤੀ ਗਈ ਹਰ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਲਗਨ ਨਾਲ ਨਿਭਾਉਣ ਦਾ ਪ੍ਰਣ ਲਿਆ।

## ਗਿਆਨੀ ਹਰਪ੍ਰੀਤ ਸਿੰਘ ਤੇ ਬੀਬੀ ਸਤਵੰਤ ਕੌਰ ਦੀ ਅਗਵਾਈ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਨਵੀਂ ਦਿਸ਼ਾ ਮਿਲੇਗੀ : ਮੱਖਣ ਬਰਾੜ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲੀ ਦਲ ਦਾ ਪ੍ਰਧਾਨ ਚੁਣੇ ਜਾਣ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਹੈ।ਬਰਜਿੰਦਰ ਸਿੰਘ ਮੱਖਣ ਬਰਾੜ ਨੇ ਕਿਹਾ ਕਿ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਨਵੀਂ ਦਿਸ਼ਾ ਮਿਲੇਗੀ ਤੇ ਇਹ ਪੰਜਾਬ ਦੇ ਲੋਕਾਂ ਨੂੰ ਇੱਕ ਸਹੀ ਅਤੇ ਮਜ਼ਬੂਤ ਖੇਤਰੀ ਪਾਰਟੀ ਦੇ ਰੂਪ ਵਿੱਚ ਮੁੜ ਸਥਾਪਤ ਕਰੇਗੀ।ਉਨ੍ਹਾਂ ਇਸ ਚੋਣ ਨੂੰ ਪੰਥਕ ਤੇ ਸਿਆਸੀ ਮੁੱਦਿਆਂ ਦੇ ਹੱਲ ਲਈ ਇੱਕ ਸਕਾਰਾਤਮਕ ਕਦਮ ਦੱਸਿਆ।ਬਰਜਿੰਦਰ ਸਿੰਘ ਬਰਾੜ ਨੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਸਰਪਾਓ ਭੇਟ ਕਰਕੇ ਸਨਮਾਨਤ ਕੀਤਾ ਤੇ ਉਨ੍ਹਾਂ ਦੀ ਨਵੀਂ ਜ਼ਿੰਮੇਵਾਰੀ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਪੰਥਕ ਕੌਂਸਲ ਦੇ ਚੇਅਰਪਰਸਨ ਪੰਥ ਦੀ ਧੀ ਬੀਬੀ ਸਤਵੰਤ ਕੌਰ ਨੂੰ ਵੀ ਉਨ੍ਹਾਂ ਦੀ ਨਵੀਂ ਭੂਮਿਕਾ ਲਈ ਵਧਾਈ ਦਿੱਤੀ। ਬਰਾੜ ਨੇ ਕਿਹਾ ਕਿ ਬੀਬੀ ਸਤਵੰਤ ਕੌਰ ਦੀ ਅਗਵਾਈ ਵਿੱਚ ਪੰਥਕ ਕੌਂਸਲ ਪੰਜਾਬ ਦੇ ਲੋਕਾਂ ਦੀਆਂ ਧਾਰਮਿਕ ਤੇ ਸਮਾਜਿਕ ਉਮੀਦਾਂ ਨੂੰ ਪੂਰਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

## ਡੀ ਏ ਵੀ ਸਕੂਲ 'ਚ ਰੱਖੜੀ ਦਾ ਤਿਉਹਾਰ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਡੀਏਵੀ ਸਕੂਲ ਵਿੱਚ ਰੱਖੜੀ ਦਾ ਪਵਿੱਤਰ ਤਿਉਹਾਰ ਪਿਆਰ, ਉਤਸ਼ਾਹ ਤੇ ਸੱਭਿਆਚਾਰਕ ਜੋਸ਼ ਨਾਲ ਮਨਾਇਆ ਗਿਆ।ਸਵੇਰ ਦੀ ਸਭਾ ਵਿੱਚ ਬੱਚਿਆਂ ਨੇ ਰੱਖੜੀ 'ਤੇ ਭਾਸ਼ਣ ਤੇ ਕਵਿਤਾਵਾਂ ਪੇਸ਼ ਕੀਤੀਆਂ।ਉਨ੍ਹਾਂ ਦੀਆਂ ਭਾਵਨਾਤਮਕ ਪੇਸ਼ਕਾਰੀਆਂ ਨੇ ਸਾਰਿਆਂ ਨੂੰ ਮੋਹਿਤ ਕਰ ਦਿੱਤਾ ਤੇ ਇਸ ਮੌਕੇ ਪੰਜਵੀਂ ਜਮਾਤ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ।ਇਨ੍ਹਾਂ ਗਤੀਵਿਧੀਆਂ ਵਿੱਚ ਰੱਖੜੀ ਬਣਾਉਣਾ, ਸੰਦੇਸ਼ ਲਿਖਣਾ ਤੇ ਮਠਿਆਈਆਂ ਬਣਾਉਣਾ ਆਦਿ ਸ਼ਾਮਲ ਸਨ ਅਤੇ ਸਾਰਿਆਂ ਨੇ ਬੱਚਿਆਂ ਦੀ ਪ੍ਰਤਿਭਾ ਦੀ ਪ੍ਰਸੰਸਾ ਕੀਤੀ।ਇਸ ਮੌਕੇ ਵਿਦਿਆਰਥਣਾਂ ਨੇ ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹਣ ਲਈ ਰਵਾਇਤੀ ਸ਼ੈਲੀ ਵਿੱਚ ਸੁੰਦਰ ਢੰਗ ਨਾਲ ਸਜਾਈਆਂ ਰੱਖੜੀ ਪਲੇਟਾਂ ਤਿਆਰ ਕੀਤੀਆਂ, ਜਿਸ ਵਿੱਚ ਪ੍ਰੰਪਰਾ ਤੇ ਰਚਨਾਤਮਕਤਾ ਦਾ ਇੱਕ ਸ਼ਾਨਦਾਰ ਸੰਗਮ ਦੇਖਣ ਨੂੰ ਮਿਲਿਆ।ਕਲਾਕ੍ਰਿਤੀਆਂ ਦੀ ਇੱਕ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸ ਲਈ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਅਲਪਨਾ ਪਾਠਕ ਨੇ ਵਿਦਿਆਰਥੀਆਂ ਦੀ ਪ੍ਰਤਿਭਾ ਦੀ ਪ੍ਰਸੰਸਾ ਕੀਤੀ।

## ਕਿਸਾਨ ਆਗੂਆਂ ਸਲਾਬਤਪੁਰਾ 'ਚ ਚਿੱਪ ਵਾਲੇ ਮੀਟਰ ਉਤਾਰੇ



**ਬਠਿੰਡਾ (ਰਾਜੀਵ ਗੋਇਲ)**-ਬਿਜਲੀ ਵਿਭਾਗ ਵੱਲੋਂ ਖਪਤਕਾਰਾਂ ਦੇ ਲਗਾਏ ਜਾ ਰਹੇ ਚਿੱਪ ਵਾਲੇ ਮੀਟਰਾਂ ਨੂੰ ਲੈ ਕੇ ਲੋਕਾਂ 'ਚ ਰੋਹ ਵਧਦਾ ਜਾ ਰਿਹਾ ਹੈ ਅਤੇ ਆਮ ਲੋਕਾਂ ਦਾ ਕਹਿਣਾ ਹੈ ਕਿ ਇਹ ਮੀਟਰ ਉਨ੍ਹਾਂ ਲਈ ਲਾਹੇਵੰਦ ਨਹੀਂ ਹਨ।ਅੱਜ ਜ਼ਿਲ੍ਹੇ ਦੇ ਅਖੀਰਲੇ ਪਿੰਡ ਸਲਾਬਤਪੁਰਾ ਵਿਖੇ ਨਿਹਾਲ ਸਿੰਘ ਵਾਲਾ ਨਾਲ ਸੰਬੰਧਤ ਇਕਾਈ ਦੇ ਕਿਸਾਨ ਆਗੂਆਂ ਵੱਲੋਂ ਬਕਸਿਆਂ 'ਚ ਲੱਗੇ ਚਿੱਪ ਵਾਲੇ ਮੀਟਰ ਉਤਾਰ ਕੇ ਭਾਈਰੂਪਾ ਦੇ ਐੱਸ.ਡੀ.ਓ. ਨੂੰ ਸੌਂਪ ਦਿੱਤੇ ਗਏ ਅਤੇ ਕਿਹਾ ਕਿ ਇਨ੍ਹਾਂ ਮੀਟਰਾਂ ਸੰਬੰਧੀ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਰਾਣਾ ਰਣਵੀਰ ਸਿੰਘ, ਬਲਾਕ ਪ੍ਰਧਾਨ ਇੰਦਰਮੋਹਨ ਸਿੰਘ, ਹਰਜੀਵਨ ਸਿੰਘ, ਲਖਵੀਰ ਸਿੰਘ, ਬੱਗਾ ਸਿੰਘ, ਬੀਬੀ ਪਰਮਿੰਦਰ ਕੌਰ ਤੇ ਬਲਜੀਤ ਕੌਰ ਤੋਂ ਇਲਾਵਾ ਘਰਾਂ ਦੇ ਵਸਨੀਕ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਬਿਜਲੀ ਵਿਭਾਗ ਦਾ ਨਿੱਜੀਕਰਨ ਰੋਕਣ ਸਣੇ ਹੋਰ ਮੰਗਾਂ ਨੂੰ ਲੈ ਕੇ ਬਿਜਲੀ ਕਾਮੇ ਸਮੂਹਿਕ ਛੁੱਟੀ 'ਤੇ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਟੈਕਨੀਕਲ ਸਰਵਿਸਜ਼ ਯੂਨੀਅਨ ਰਜਿ. ਪੰਜਾਬ ਰਾਜ ਬਿਜਲੀ ਬੋਰਡ ਦੀ ਸੂਬਾ ਕਮੇਟੀ ਦੇ ਸੱਦੇ ਤੇ ਬਿਜਲੀ ਵਿਭਾਗ ਦੇ ਮੁਕੰਮਲ ਨਿੱਜੀਕਰਨ ਅਤੇ ਹੋਰ ਮੰਗਾਂ ਨੂੰ ਲੈ ਕੇ ਪਾਵਰਕਾਮ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਅੜੀਅਲ ਰਵਈਏ ਵਿਰੁੱਧ ਬਿਜਲੀ ਕਾਮੇ 11,12,13 ਤਿੰਨ ਦਿਨ ਸਮੂਹਿਕ ਛੁੱਟੀ 'ਤੇ ਹਨ। 11 ਨੂੰ ਸਬ ਡਵੀਜ਼ਨ ਹਰਸ਼ਾ ਛੀਨਾ ਵਿਖੇ ਗੇਟ ਤੇ ਰੋਹ ਭਰਪੂਰ ਰੈਲੀ ਕੀਤੀ ਅਤੇ ਤਿੰਨ ਦਿਨ ਲਈ ਸਾਰੀਆਂ ਸੇਵਾਵਾਂ ਠੱਪ ਕਰਦੇ ਹੋਏ ਛੁੱਟੀ ਤੇ ਚਲੇ ਗਏ।ਰੈਲੀ ਨੂੰ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਕੰਪਨੀਆਂ ਦੀ ਮੈਨੇਜਮੈਂਟ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਤਹਿਤ ਚੰਡੀਗੜ੍ਹ ਅਤੇ ਹੋਰ ਰਾਜਾਂ ਦੀ ਤਰਜ਼ 'ਤੇ ਪਾਵਰਕਾਮ ਤੇ ਟਰਾਂਸਕੋ ਦਾ ਮੁਕੰਮਲ ਨਿੱਜੀਕਰਨ ਕਰਨ ਵੱਲ ਲਗਾਤਾਰ ਕਦਮ ਵਧਾ ਰਹੀ ਹੈ, ਜਿਸ ਦਾ ਜਥੇਬੰਦੀਆਂ ਤਿੱਖਾ ਵਿਰੋਧ ਕਰ ਰਹੀਆਂ ਹਨ।ਆਮ ਆਦਮੀ ਪਾਰਟੀ ਦੀ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਨਿੱਜੀਕਰਨ ਦੀ ਨੀਤੀ ਨੂੰ ਜੋਰ ਸ਼ੋਰ ਨਾਲ ਅੱਗੇ ਵਧਾ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਬਿਜਲੀ ਐਕਟ 2003 ਅਤੇ ਬਿਜਲੀ ਐਕਟ 2022 ਮੁਕੰਮਲ ਰੂਪ ਵਿੱਚ ਰੱਦ ਕਰਕੇ ਨਿੱਜੀਕਰਨ ਦੀ ਨੀਤੀ ਰੱਦ ਕੀਤੀ ਜਾਵੇ, ਆਊਟਸੋਰਸਿੰਗ ਪ੍ਰਣਾਲੀ ਰੱਦ ਕੀਤੀ ਜਾਵੇ, ਆਊਟਸੋਰਸਡ ਕਾਮਿਆਂ ਨੂੰ ਵਿਭਾਗ ਅਧੀਨ ਲਿਆ ਕੇ ਰੈਗੂਲਰ ਕੀਤਾ ਜਾਵੇ, ਵਰਕਲੋਡ ਮੁਤਾਬਕ ਨਵੀਂ ਤੇ ਪੱਕੀ ਭਰਤੀ ਕੀਤੀ ਜਾਵੇ, ਘੱਟੋ-ਘੱਟ ਉਜਰਤ ਦੇ ਕਾਨੂੰਨ 1948 ਮੁਤਾਬਕ 15ਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਨੂੰ ਸ਼ਾਮਿਲ ਕਰਕੇ ਤਨਖਾਹਾਂ ਨਿਸ਼ਚਿਤ ਕੀਤੀਆਂ ਜਾਣ, ਨਵੀਂ ਪੈਨਸ਼ਨ ਪਾਲਿਸੀ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਨਵੇਂ ਬਣਾਏ ਚਾਰ ਲੇਬਰ ਕੋਡ ਰੱਦ ਕਰਕੇ ਪੁਰਾਣੇ ਕਿਰਤ ਕਾਨੂੰਨ ਬਹਾਲ ਕੀਤੇ ਜਾਣ, ਕੰਮ ਦਿਹਾੜੀ 8 ਤੋਂ 12 ਘੰਟੇ ਕਰਨ ਦੇ ਹੁਕਮ ਰੱਦ ਕੀਤੇ ਜਾਣ, ਆਰ. ਟੀ. ਐਮ. ਸੇਵਾਦਾਰ, ਚੌਕੀਦਾਰ ਤੋਂ ਪ੍ਰਮੋਟ ਹੋਏ ਕਾਮਿਆਂ ਨੂੰ 35400 ਦਾ ਸਕੇਲ ਦਿੱਤਾ ਜਾਵੇ, 17-7-2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਪੰਜਾਬ ਸਰਕਾਰ ਦਾ ਛੇਵਾਂ ਪੇਅ ਕਮਿਸ਼ਨ ਲਾਗੂ ਕੀਤਾ ਜਾਵੇ, ਪਹਿਲਾਂ ਮਿਲਦੇ ਵੱਖ-ਵੱਖ ਕੱਟੇ ਗਏ ਭੱਤੇ ਬਹਾਲ ਕੀਤੇ ਜਾਣ ਅਤੇ ਜਥੇਬੰਦੀਆਂ ਦੇ ਮੰਗ ਪੱਤਰ ਤੇ ਸੂਬਾ ਕਮੇਟੀਆਂ ਨੂੰ ਮੀਟਿੰਗ ਦੇ ਕੇ ਮੰਗਾਂ ਮਸਲਿਆਂ ਦਾ ਹੱਲ ਕੀਤਾ ਜਾਵੇ।ਆਗੂਆਂ ਨੇ ਪੰਜਾਬ ਸਰਕਾਰ ਤੇ ਮੈਨੇਜਮੈਂਟ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੰਗਾਂ ਮਸਲਿਆਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ ਬਿਜਲੀ ਕਾਮੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਮਜਬੂਰ ਹੋਣਗੇ। ਰੈਲੀ ਨੂੰ ਹੋਰਨਾਂ ਤੋਂ ਇਲਾਵਾ ਸਰਕਲ ਪ੍ਰਧਾਨ ਮਲਕੀਅਤ ਸਿੰਘ ਸੈਂਸਰਾ, ਸਬ ਡਵੀਜ਼ਨ ਪ੍ਰਧਾਨ ਜੁਗਰਾਜ ਸਿੰਘ ਛੀਨਾ, ਪਰਮਿੰਦਰ ਸਿੰਘ ਅਦਲੀਵਾਲ, ਦਵਿੰਦਰ ਸਿੰਘ ਲੁਹਾਰਕਾ, ਜਰਨੈਲ ਸਿੰਘ ਸੈਂਸਰਾ, ਮਨਪ੍ਰੀਤ ਸਿੰਘ ਜੇ. ਈ., ਨਰਿੰਦਰ ਕੁਮਾਰ ਅਤੇ ਜਸਪਾਲ ਸਿੰਘ ਨੇ ਸੰਬੋਧਨ ਕੀਤਾ।



# ਦਰਿਆ ਬਿਆਸ 'ਚ ਵਧੇ ਪਾਣੀ ਦੇ ਪੱਧਰ ਕਾਰਨ ਛੋਟੀ ਧੁੱਸੀ ਦਾ ਬੰਨ੍ਹ ਟੁੱਟਾ, ਲੋਕਾਂ ਅੰਦਰ ਡਰ ਦਾ ਮਾਹੌਲ

ਗੁਰਦਾਸਪੁਰ (ਜਨਕ ਮਹਾਜਨ)- ਬਿਆਸ ਦਰਿਆ ਵਿਚ ਪੌਂਗ ਡੈਮ ਤੋਂ ਛੱਡੇ ਗਏ ਪਾਣੀ ਕਾਰਨ ਦਰਿਆ ਦਾ ਪੱਧਰ ਉੱਚਾ ਹੋਣ ਕਾਰਨ ਨਾਲ ਲਗਦੇ ਪਿੰਡਾਂ ਵਿਚ ਹੜ੍ਹ ਦਾ ਖਤਰਾ ਬਣ ਗਿਆ ਹੈ ਤੇ ਧੁੱਸੀ ਕੰਢੇ ਵਸਦੇ ਪਿੰਡ ਦਲੇਲਪੁਰ ਖੇੜਾ ਨਜ਼ਦੀਕ ਛੋਟੀ ਧੁੱਸੀ ਦਾ ਬੰਨ੍ਹ ਟੁੱਟਣ ਕਾਰਨ ਨੇੜਲੇ ਪਿੰਡਾਂ ਵਿਚ ਸਹਿਮ ਦਾ ਮਾਹੌਲ ਹੈ। ਸਥਾਨਕ ਵਸਨੀਕਾਂ ਨੇ ਰੋਸ ਜ਼ਾਹਿਰ ਕਰਦਿਆਂ ਕਿਹਾ ਕਿ ਹਰ ਸਾਲ ਸਰਕਾਰਾਂ ਤੇ ਪ੍ਰਸ਼ਾਸਨ ਵਲੋਂ ਸਿਰਫ਼ ਅਲਰਟ ਜਾਰੀ ਕਰ ਦਿੱਤੇ ਜਾਂਦੇ ਹਨ, ਜਦਕਿ ਅਜਿਹੀ ਸਥਿਤੀ ਲਗਭਗ ਹਰ ਸਾਲ ਹੀ ਬਣਦੀ ਹੈ, ਪਰ ਇਸ ਨਾਲ ਨਜਿੱਠਣ ਲਈ ਕੋਈ ਖ਼ਾਸ ਪ੍ਰਬੰਧ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਦੋ ਸਾਲ ਪਹਿਲਾਂ ਵੀ ਇਵੇਂ ਹੀ ਪੌਂਗ ਡੈਮ ਤੋਂ ਪਾਣੀ ਛੱਡਿਆ ਗਿਆ ਸੀ ਤੇ ਬਿਆਸ ਦਰਿਆ ਵਿਚ ਪਾਣੀ ਦਾ ਪੱਧਰ ਉੱਚਾ ਹੋਣ ਕਾਰਨ ਧੁੱਸੀ ਬੰਨ੍ਹ ਬਹੁਤ ਥਾਵਾਂ ਤੋਂ ਟੁੱਟ ਗਏ ਸਨ ਜਿਸ ਨਾਲ ਇਸ ਵਿਚ ਪਾੜ ਪੈ ਗਏ ਸੀ ਅਤੇ ਇਲਾਕੇ ਅੰਦਰ ਹੜ੍ਹ ਆਇਆ ਸੀ। ਹੜ੍ਹ ਆਉਣ ਨਾਲ ਜਿੱਥੇ ਕਿਸਾਨਾਂ ਦੇ ਖੇਤਾਂ ਨੂੰ ਨੁਕਸਾਨ ਪਹੁੰਚਿਆ ਉਥੇ ਹੀ ਘਰਾਂ ਨੂੰ ਵੀ ਬਹੁਤ ਨੁਕਸਾਨ ਹੋਇਆ ਸੀ। ਉਨ੍ਹਾਂ ਕਿਹਾ ਕਿ ਸਰਕਾਰਾਂ ਸਿਰਫ ਖਾਨਾ ਪੂਰਤੀ ਕਰਦੀਆਂ ਹਨ ਪਰ ਜ਼ਮੀਨੀ ਪੱਧਰ ਤੇ ਕੁਝ ਨਹੀਂ ਕਰਦੀਆਂ। ਉਨਾਂ ਕਿਹਾ ਕਿ ਬਿਆਸ ਦਰਿਆ ਦੇ ਕਿਨਾਰੇ ਵਸੇ ਵੱਖ ਵੱਖ ਪਿੰਡ ਜੋ ਕਿ ਹੁਣ ਫਿਰ ਹੜ੍ਹ ਦੇ ਖਤਰੇ ਦੀ ਮਾਰ ਹੇਠਾਂ ਆ ਰਹੇ ਹਨ। ਉਨ੍ਹਾਂ ਕਿਹਾ ਜੇਕਰ ਬਿਆਸ ਦਰਿਆ ਵਿਚ ਪਾਣੀ ਲਗਾਤਾਰ ਜ਼ਿਆਦਾ ਆਉਂਦਾ ਗਿਆ ਤਾਂ ਹੜ੍ਹ ਆਉਣ ਦੀ ਸੰਭਾਵਨਾ ਬਣੇਗੀ ਜਿਸ ਨਾਲ ਫਿਰ ਤਬਾਹੀ ਮਚੇਗੀ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸਮਾਂ ਰਹਿੰਦਿਆਂ ਧੁੱਸੀ ਬੰਨ੍ਹਾਂ ਨੂੰ ਚੰਗੀ ਤਰ੍ਹਾਂ ਮਜ਼ਬੂਤ ਕਰਨ ਦੇ ਨਾਲ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਪੁਖਤਾ ਪ੍ਰਬੰਧ ਕੀਤੇ ਜਾਣ।





# ਸ਼ਰੇਆਮ ਘੁੰਮ ਰਹੇ ਨੇ ਬਿਨਾਂ ਨੰਬਰ ਪਲੇਟਾਂ ਵਾਲੇ ਮੋਟਰਸਾਈਕਲ !

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) ਸਥਾਨਕ ਸ਼ਹਿਰ 'ਚ ਅੱਜਕੱਲ੍ਹ ਬਿਨਾਂ ਨੰਬਰ ਪਲੇਟਾਂ ਤੋਂ ਆਮ ਘੁੰਮ ਰਹੇ ਹਨ। ਜਿਸ ਨੂੰ ਦੇਖ ਕੇ ਲੱਗ ਰਿਹਾ ਹੈ ਕਿ ਸਥਾਨਕ ਪੁਲਸ ਪ੍ਰਸ਼ਾਸਨ ਜਾਣ ਬੁੱਝ ਅਣਜਾਣ ਬਣ ਚੁੱਕਾ ਹੈ ਜਾਂ ਕਿਸੇ ਵੱਡੀ ਵਾਰਦਾਤ ਦੀ ਉਡੀਕ ਕਰ ਰਿਹਾ ਹੈ। ਇਲਾਕੇ ਵਿੱਚ ਪਿੱਛਲੇ ਸਮੇਂ ਤੋਂ ਚੋਰੀ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਵਿੱਚ ਵੀ ਕਾਫੀ ਵਾਧਾ ਹੋਇਆ ਹੈ। ਪਿੰਡਾਂ 'ਚ ਸਮਾਨ ਵੇਚਣ ਵਾਲੇ ਲੋਕ ਵੀ ਲੁੱਟ-ਖੋਹ ਦਾ ਸ਼ਿਕਾਰ ਹੋ ਰਹੇ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਵਾਰਦਾਤ ਨੂੰ ਅੰਜਾਮ ਦੇਣ ਸਮੇਂ ਬਿਨਾਂ ਨੰਬਰੀ ਮੋਟਰਸਾਈਕਲਾਂ ਤੋਂ ਕੰਮ ਲਿਆ ਜਾਂਦਾ ਹੈ। ਕੁੱਲ ਹਿੰਦ ਕਿਸਾਨ ਸਭਾ ਦੇ ਮੀਤ ਪ੍ਰਧਾਨ ਗੁਰਨੇਕ ਸਿੰਘ ਭੱਜਲ ਅਤੇ ਸ਼ਿਵਾਲਿਕ ਸੋਸ਼ਲ ਵੈਲਫੇਅਰ ਸੋਸਾਇਟੀ ਦੇ ਮੈਂਬਰ ਧਰਮਜੀਤ ਸਿੰਘ ਰਾਜਾ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਸਖਤੀ ਨਾਲ ਬਿਨਾਂ ਨੰਬਰ ਪਲੇਟਾਂ ਵਾਲੇ ਮੋਟਰਸਾਈਕਲਾਂ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ। ਟੈਫਿਕ ਇੰਚਾਰਜ ਰਣਜੀਤ ਸਿੰਘ ਨੇ ਫੋਨ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਜਿੱਥੇ ਵੀ ਉਹਨਾਂ ਨੂੰ ਬਿਨਾਂ ਨੰਬਰ ਪਲੇਟ ਤੋਂ ਕੋਈ ਵੀ ਵਾਹਨ ਮਿਲਦਾ ਹੈ ਤਾਂ ਉਸ 'ਤੇ ਸਖ਼ਤੀ ਨਾਲ ਬਣਦੀ ਕਾਰਵਾਈ ਕੀਤੀ ਜਾਂਦੀ ਹੈ।

# ਕਲਾ ਉਤਸਵ ਮੁਕਾਬਲੇ 'ਚ ਨਾਮਣਾ ਖੱਟਣ ਵਾਲੇ ਗੁਰਪ੍ਰੀਤ ਸਿੰਘ ਦਾ ਸਨਮਾਨ



ਕਾਦੀਆਂ (ਯਾਦਵਿੰਦਰ ਸਿੰਘ ਮਸਤੋਤਰਾ)- ਜ਼ਿਲਾ ਪੱਧਰੀ ਕਲਾ ਉਤਸਵ ਮੁਕਾਬਲੇ 7 ਅਤੇ 8 ਅਗਸਤ ਨੂੰ ਐੱਸਐੱਸਐੱਮ ਕਾਲਜ ਦੀਨਾਨਗਰ ਵਿਖੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲੇ ਦੇ ਵੱਖ-ਵੱਖ ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਨੇ ਭਾਗ ਲਿਆ ਗਿਆ, ਜਿਸ ਤਹਿਤ ਵਿਜ਼ੂਅਲ ਆਰਟ 3 ਡੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪੀਐਮਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਬਾਰਵੀਂ ਜਮਾਤ ਦੇ ਵਿਦਿਆਰਥੀ ਗੁਰਪ੍ਰੀਤ ਸਿੰਘ ਨੇ ਜ਼ਿਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਪਹੁੰਚਣ ਤੇ ਗੁਰਪ੍ਰੀਤ ਸਿੰਘ ਦਾ ਸਕੂਲ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਅਤੇ ਸਮੂਹ ਸਟਾਫ ਵੱਲੋਂ ਵਿਦਿਆਰਥੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਗੁਰਪ੍ਰੀਤ ਸਿੰਘ ਨੂੰ ਡਾ.ਕੌਸ਼ਲ ਨੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਗੁਰਪ੍ਰੀਤ ਦੇ ਗਾਇਡ ਅਧਿਆਪਕ ਗੁਰਟੇਕ ਸਿੰਘ ਦੀ ਪ੍ਰਿੰਸੀਪਲ ਡਾ. ਕੌਸ਼ਲ ਵੱਲੋਂ ਤਰੀਫ਼ ਵੀ ਕੀਤੀ ਗਈ।ਇਸ ਮੌਕੇ ਪ੍ਰਦੀਪ ਕੁਮਾਰ, ਦਿਨੇਸ਼ ਕੁਮਾਰ, ਆਰਤੀ ਮਹਾਜਨ ਸਮੇਤ ਸਮੂਹ ਸਟਾਫ ਹਾਜ਼ਰ ਸੀ।

# ਦੋ ਸਾਲਾਂ ਦੀ ਲੰਬੀ ਉਡੀਕ ਤੋਂ ਬਾਅਦ ਧੁੱਸੀ 'ਤੇ ਸੜਕ ਨਿਰਮਾਣ ਦੇ ਭਾਗ ਖੁੱਲ੍ਹੇ

ਗੁਰਦਾਸਪੁਰ (ਜਨਕ ਮਹਾਜਨ)- ਦਰਿਆ ਬਿਆਸ ਦੀ ਧੁੱਸੀ ਕੰਢੇ ਪੈਂਦੇ ਪਿੰਡ ਟਾਂਡਾ, ਦਲੇਰਪੁਰ ਆਦਿ ਤੋਂ ਇਲਾਵਾ ਅਨੇਕਾਂ ਡੇਰਿਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਧੁੱਸੀ ਦੀ ਟੁੱਟੀ ਹੋਈ ਸੜਕ ਕਾਰਨ ਬਹੁਤ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਲਗਭਗ ਦੋ ਸਾਲ ਪਹਿਲਾਂ ਦਰਿਆ ਬਿਆਸ ਵਿਚ ਹੜ੍ਹ ਆਉਣ ਕਾਰਨ ਧੁੱਸੀ ਕਈ ਜਗ੍ਹਾ 'ਤੋਂ ਟੁੱਟ ਗਈ ਸੀ ਅਤੇ ਇਸੇ ਵਿਚ ਪਾੜ ਪੈਣ ਕਾਰਨ ਨੇੜਲੇ ਪਿੰਡਾਂ ਅਤੇ ਖੇਤਾਂ ਵਿਚ ਪਾਣੀ ਦਾਖ਼ਲ ਹੋਣ ਕਾਰਨ ਫਸਲਾਂ ਖਰਾਬ ਹੋ ਗਈਆਂ ਸਨ। ਇਸ ਤੋਂ ਇਲਾਵਾ ਧੁੱਸੀ ਵਾਲੀ ਸੜਕ ਰਾਹੀਂ ਲੋਕਾਂ ਦਾ ਆਉਣਾ-ਜਾਣਾ ਵੀ ਬੰਦ ਹੋ ਗਿਆ ਸੀ ਜਿਸ ਉਪਰੰਤ ਲਗਭਗ ਦੋ ਸਾਲਾਂ ਬਾਅਦ ਹੁਣ ਧੁੱਸੀ 'ਤੇ ਆਉਣ ਜਾਣ ਲਈ ਨਵੀਂ ਸੜਕ ਬਣਨੀ ਸ਼ੁਰੂ ਹੋ ਗਈ ਹੈ। ਜ਼ਿਕਰਯੋਗ ਹੈ ਕਿ ਇਸ ਸੜਕ ਦੇ ਬਣਨ ਨਾਲ ਪਿੰਡ ਟਾਂਡਾ, ਜਗਤਪੁਰ, ਦਲੇਲਪੁਰ ਖੇੜਾ, ਬਿਆਨਪੁਰ, ਚੇਚੀਆਂ ਅਤੇ ਦਰਿਆ ਕੰਢੇ ਬਣੇ ਅਨੇਕਾਂ ਡੇਰਿਆਂ ਵਿਚ ਵਸਦੇ ਲੋਕਾਂ ਨੂੰ ਇਸ ਸੜਕ ਦਾ ਲਾਭ ਮਿਲੇਗਾ। ਲੋਕਾਂ ਦਾ ਕਹਿਣਾ ਹੈ ਕਿ ਧੁੱਸੀ ਕੰਢੇ ਸੜਕ ਨਾ ਹੋਣ ਕਾਰਨ ਉਨ੍ਹਾਂ ਨੂੰ ਵਾਇਆ ਚੇਚੀਆਂ, ਪੱਖੋਵਾਲ, ਕੁੱਲੀਆਂ, ਛੀਨਾਬੇਟ ਪੁਰਾਣਾ ਸ਼ਾਲਾ ਤੋਂ ਹੋ ਕੇ ਗੁਰਦਾਸਪੁਰ ਜਾਂ ਮੁਕੇਰੀਆਂ ਆਉਣਾ-ਜਾਣਾ ਪੈਂਦਾ ਸੀ ਜਿਸ ਨਾਲ ਵਾਧੂ ਖਰਚ ਦੇ ਨਾਲ-ਨਾਲ 7-8 ਕਿਲੋਮੀਟਰ ਦਾ ਵਾਧੂ ਸਫ਼ਰ ਤੈਅ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਹੁਣ ਇਸ ਸੜਕ ਦੇ ਬਣਨ ਨਾਲ ਉਨ੍ਹਾਂ ਦੀ ਖੱਜਲ ਖ਼ੁਆਰੀ ਘੱਟ ਹੋ ਜਾਵੇਗੀ। ਜਦ ਧੁੱਸੀ 'ਤੇ ਬਣ ਰਹੀ ਸੜਕ ਬਾਰੇ ਮੰਡੀ ਬੋਰਡ ਗੁਰਦਾਸਪੁਰ ਦੇ ਐੱਸਡੀਓ ਅਸ਼ੋਕ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਸੜਕ ਦੀ ਲੰਬਾਈ 9 ਕਿਲੋਮੀਟਰ ਹੈ ਜਦਕਿ ਇਸ ਦੀ ਚੌੜਾਈ 12 ਫੁੱਟ 3 ਇੰਚ ਹੈ। ਇਸ ਸੜਕ 'ਤੇ 485 ਲੱਖ ਰੁਪਏ ਲਾਗਤ ਆਵੇਗੀ ਅਤੇ ਇਸ ਸੜਕ ਨੂੰ ਮੁਕੰਮਲ ਕਰਨ ਦਾ ਟੀਚਾ 9 ਮਹੀਨੇ ਦਾ ਰੱਖਿਆ ਗਿਆ ਹੈ। ਇਸ ਸੜਕ ਨੂੰ ਬਣਾਉਣ ਦਾ ਠੇਕਾ ਜੇ. ਕੇ. ਬਿਲਡਰ ਕੰਪਨੀ ਗੁਰਦਾਸਪੁਰ ਨੂੰ ਦਿੱਤਾ ਗਿਆ ਹੈ।





# ਰੱਸਾਕਸ਼ੀ ਮੁਕਾਬਲੇ 'ਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਨੂੰ ਪਹਿਲਾ ਸਥਾਨ ਹਾਸਲ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ 69ਵੀਆਂ ਜ਼ੋਨਲ ਖੇਡਾਂ ਕਰਵਾਈਆਂ ਗਈਆਂ, ਜਿਨ੍ਹਾਂ ਦਾ ਮਕਸਦ ਵਿਦਿਆਰਥੀਆਂ ਨੂੰ ਸਰੀਰਕ ਤੇ ਮਾਨਸਿਕ ਪੱਖੋਂ ਮਜ਼ਬੂਤ ਬਣਾਉਣਾ ਹੈ।ਇਹ ਖੇਡਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫਤਿਆਬਾਦ ਦੇ ਖੇਡ ਮੈਦਾਨ ਵਿੱਚ ਜ਼ੋਨ ਗੋਇੰਦਵਾਲ ਸਾਹਿਬ ਦੇ ਜ਼ੋਨਲ ਕਨਵੀਨਰ ਗੁਰਿੰਦਰ ਸਿੰਘ ਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਸ. ਯੁਵਰਾਜ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਬੜੇ ਸਫ਼ਲਤਾਪੂਰਵਕ ਢੰਗ ਨਾਲ ਕਰਵਾਈਆਂ ਗਈਆਂ। ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਆਪਣੀ ਦ੍ਰਿੜ੍ਹ ਲਗਨ ਅਤੇ ਕੋਚ ਸ. ਸੁਖਵਿੰਦਰ ਸਿੰਘ ਅਤੇ ਕੋਚ ਸ. ਰੇਸ਼ਮ ਸਿੰਘ ਦੀ ਯੋਗ ਅਗਵਾਈ ਸਦਕਾ ਰੱਸਾ-ਕੱਸੀ ਖੇਡ, ਉਮਰ ਵਰਗ (ਅੰਡਰ-14) ਲੜਕਿਆਂ ਦੀ ਟੀਮ ਨੇ ਭਰਪੂਰ ਸਫ਼ਲਤਾ ਤਹਿਤ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਬੇ-ਮਿਸਾਲ ਪ੍ਰਾਪਤੀ ਮੌਕੇ ਆਪਣੀ ਪ੍ਰਸੰਨਤਾ ਜ਼ਾਹਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰ. ਮਨੀਸ਼ਾ ਸੂਦ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਉਤਮ ਦਰਜੇ ਦਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤਾ ਕੀਤਾ।

# 15 ਅਗਸਤ ਨੂੰ ਡਰਾਈ ਡੇਅ ਐਲਾਨਿਆ

ਪਠਾਨਕੋਟ (ਦਵਿੰਦਰ ਸਿੰਘ)- ਹਰਦੀਪ ਸਿੰਘ ਵਧੀਕ ਜ਼ਿਲ੍ਹਾ ਮੈਜਿਸਟਰੇਟ ਪਠਾਨਕੋਟ ਨੇ ਇੱਕ ਹੁਕਮ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 54 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਠਾਨਕੋਟ ਅੰਦਰ ਸੁਤੰਤਰਤਾ ਦਿਵਸ (15 ਅਗਸਤ 2025) ਨੂੰ ਸਵੇਰੇ 7 ਵਜੇ ਤੋਂ ਸ਼ਾਮ 5 ਵਜੇ ਤੱਕ ਡਰਾਈ ਡੇਅ ਐਲਾਨ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਉਪਰੋਕਤ ਪਾਬੰਦੀ ਦੌਰਾਨ ਜ਼ਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਕਿਸੇ ਵੀ ਸ਼ਰਾਬ ਦੇ ਠੇਕੇ (ਦੇਸੀ ਅਤੇ ਅੰਗਰੇਜ਼ੀ) ਹੋਟਲ, ਦੁਕਾਨ, ਰੈਸਟੋਰੈਂਟ, ਕਲੱਬ, ਬੀਅਰ ਬਾਰ ਅਹਾਤੇ ਜਿੱਥੇ ਸ਼ਰਾਬ ਵੇਚਣ ਤੇ ਪੀਣ ਦੀ ਕਾਨੂੰਨੀ ਇਜਾਜ਼ਤ ਹੈ ਜਾਂ ਹੋਰ ਜਨਤਕ ਥਾਵਾਂ 'ਤੇ ਸ਼ਰਾਬ ਦੀ ਵਿਕਰੀ ਕਰਨ, ਵਰਤੋਂ ਕਰਨ, ਪੀਣ/ਪਿਲਾਉਣ ਅਤੇ ਸਟੋਰ ਕਰਨ 'ਤੇ ਮੁਕੰਮਲ ਪਾਬੰਦੀ ਲਗਾਈ ਜਾਂਦੀ ਹੈ।

# ਐੱਚਡੀਐੱਫਸੀ ਬੈਂਕ ਅਤੇ ਵਿਨਫਾਸਟ ਆਟੋ ਇੰਡੀਆ ਵਿਚਾਲੇ ਸਮਝੌਤਾ ਪੱਤਰ 'ਤੇ ਹਸਤਾਖਰ

ਜਲੰਧਰ : ਭਾਰਤ ਦੇ ਪ੍ਰਮੁੱਖ ਨਿੰਜੀ ਖੇਤਰ ਦੇ ਬੈਂਕ ਐੱਚਡੀਐੱਫਸੀ ਬੈਂਕ ਅਤੇ ਵਿਨਫਾਸਟ ਆਟੋ ਇੰਡੀਆ ਨੇ ਗਾਹਕਾਂ ਅਤੇ ਡੀਲਰਾਂ ਲਈ ਆਟੋ ਅਤੇ ਇਨਵੈਂਟਰੀ ਫਾਈਨੈਂਸਿੰਗ ਪ੍ਰਦਾਨ ਕਰਨ ਲਈ ਇੱਕ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ ਹਨ।ਵਿਨਫਾਸਟ ਆਟੋ ਇੰਡੀਆ ਵਿਅਤਨਾਮ ਦੇ ਸਭ ਤੋਂ ਵੱਡੇ ਨਿੱਜੀ ਸਮੂਹ, ਵਿਨਗਰੁੱਪ ਦੀ ਇੱਕ ਗਲੋਬਲ ਕੰਪਨੀ, ਵਿਨਫਾਸਟ ਦੀ ਭਾਰਤੀ ਸਹਾਇਕ ਕੰਪਨੀ ਹੈ।ਇਹ ਸਮਝੌਤਾ ਭਾਰਤ ਵਿੱਚ ਵਿਨਫਾਸਟ ਦੀ ਸ਼ੁਰੂਆਤ ਤੋਂ ਪਹਿਲਾਂ ਕੰਪਨੀ ਦੁਆਰਾ ਕਿਸੇ ਬੈਂਕ ਨਾਲ ਪਹਿਲਾ ਸਮਝੌਤਾ ਹੈ।ਸ਼੍ਰੀ ਅਰਵਿੰਦ ਵੋਹਰਾ, ਗਰੁੱਪ ਹੈੱਡ-ਰਿਟੇਲ ਐਸੇਟਸ, ਰੂਰਲ ਅਤੇ ਐੱਸ. ਐੱਲ. ਆਈ. ਬੈਂਕਿੰਗ ਗਰੁੱਪ, ਐੱਚਡੀਐੱਫਸੀ ਬੈਂਕ ਨੇ ਇਸ ਮਹੱਤਵਪੂਰਨ ਸਮਝੌਤੇ ਬਾਰੇ ਕਿਹਾ ਕਿ ਈ. ਵੀ. ਨੂੰ ਅਪਣਾਉਣ ਵਿੱਚ ਵਿੱਤ ਦੀ ਭੂਮਿਕਾ ਮਹੱਤਵਪੂਰਨ ਹੈ।ਵਿਨਫਾਸਟ ਏਸ਼ੀਆ ਦੇ ਸੀਈਓ ਫਾਮ ਸੈਨ ਚਾਉ ਨੇ ਇਸ ਮੌਕੇ ਕਿਹਾ ਕਿ ਇਹ ਭਾਈਵਾਲੀ ਭਾਰਤ ਵਿੱਚ ਇਲੈਕਟ੍ਰਿਕ ਗਤੀਸ਼ੀਲਤਾ ਨੂੰ ਬਰਕਰਾਰ ਰੱਖਣ, ਸੁਵਿਧਾਜਨਕ ਅਤੇ ਭਵਿੱਖ-ਮੁਖੀ ਬਣਾਉਣ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਨੁੱਕੜ ਨਾਟਕ ਰਾਹੀਂ ਲੋਕਾਂ ਨੂੰ ਐੱਚ ਆਈ ਵੀ /ਏਡਜ਼ ਸੰਬੰਧੀ ਕੀਤਾ ਜਾਗਰੂਕ



ਕਰਤਾਰਪੁਰ (ਹਰਮੇਸ਼ ਦੱਤ)- ਸਿਹਤ ਅਤੇ ਪਰਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਐਚ.ਆਈ.ਵੀ./ਏਡਜ਼ ਸੰਬੰਧੀ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਇੰਟੈਂਸੀਫਾਇਡ ਆਈ.ਈ.ਸੀ. ਕੰਪੇਨ ਦੀ ਸ਼ੁਰੂਆਤ ਕੀਤੀ ਹੈ ।ਇਸ ਮੁਹਿੰਮ ਦਾ ਉਦੇਸ਼ ਨੌਜਵਾਨਾਂ ਅਤੇ ਪੇਂਡੂ ਖੇਤਰਾਂ ਦੇ ਲੋਕਾਂ ਵਿੱਚ ਐਚ.ਆਈ.ਵੀ./ਏਡਜ਼ ਸੰਬੰਧੀ ਜਾਗਰੂਕਤਾ ਫੈਲਾਉਣਾ ਹੈ । ਇਸ ਸੰਬੰਧੀ ਸਿਵਲ ਸਰਜਨ ਜਲੰਧਰ ਡਾ. ਗੁਰਮੀਤ ਲਾਲ ਦੇ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪੂਨਮ ਸੇਖੜੀ ਦੀ ਅਗਵਾਈ ਹੇਠ ਬਲਾਕ ਕਰਤਾਰਪੁਰ ਦੇ ਪਿੰਡ ਚੋਗਾਵਾਂ ਵਿਖੇ ਸਿਹਤ ਵਿਭਾਗ ਟੀਮ ਅਤੇ ਸੰਸਥਾ ਦਿਸ਼ਾ ਕਲਸਟਰ ਜਲੰਧਰ ਵਲੋਂ ਨੁੱਕੜ ਨਾਟਕ ਰਾਹੀਂ ਲੋਕਾਂ ਨੂੰ ਏਡਜ਼ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਦਿਸ਼ਾ ਕਲਸਟਰ ਦੇ ਜੀਵਨ ਦੀਪ ਕਲਸਟਰ ਪ੍ਰੋਗਰਾਮ ਅਫਸਰ, ਕਲੀਨੀਕਲ ਸਰਵਿਸ ਅਫਸਰ ਦੀਪਕ, ਅਜੈ ਵਰਮਾ, ਕੰਵਰ ਸਵੇਰਾ, ਅਮਨ ਚੌਹਾਨ, ਸਰਪੰਚ ਪ੍ਰਦੀਪ ਕੁਮਾਰ, ਸੀ.ਐਚ.ਓ. ਚੇਤਨਾ, ਆਸ਼ਾ ਸੰਤੋਸ਼ ਅਤੇ ਆਮ ਲੋਕਾਂ ਮੌਜੂਦ ਸਨ ।ਐਸ.ਐਮ.ਓ. ਡਾ. ਪੂਨਮ ਸੇਖੜੀ ਨੇ ਦੱਸਿਆ ਕਿ ਇੰਟੈਂਸੀਫਾਇਡ ਆਈ.ਈ.ਸੀ. ਕੰਪੇਨ 12 ਅਗਸਤ ਤੋਂ 12 ਅਕਤੂਬਰ ਤੱਕ ਚੱਲੇਗੀ । ਉਨ੍ਹਾਂ ਦੱਸਿਆ ਕਿ ਇਹ ਪੰਜਾਬ ਸਰਕਾਰ ਦਾ ਬਹੁਤ ਹੀ ਵਧੀਆ ਉਪਰਾਲਾ ਹੈ, ਜਿਸ ਨਾਲ ਲੋਕਾਂ ਵਿੱਚ ਐਚ.ਆਈ.ਵੀ./ਏਡਜ਼ ਸੰਬੰਧੀ ਜਾਣਕਾਰੀ ਵਧੇਗੀ। ਉਨ੍ਹਾਂ ਕਿਹਾ ਕਿ ਐਚ.ਆਈ.ਵੀ. ਪ੍ਰਭਾਵਿਤ ਵਿਅਕਤੀ ਐਂਟੀ ਰਿਟਰੋਵਾਇਰਲ ਦਵਾਈਆਂ ਲੈ ਕੇ ਇੱਕ ਲੰਬਾ ਅਤੇ ਸਿਹਤਮੰਦ ਜੀਵਨ ਜੀਅ ਸਕਦੇ ਹਨ। ਇਹ ਦਵਾਈਆਂ ਏ.ਆਰ.ਟੀ. ਕੇਂਦਰਾਂ ਵਿੱਚ ਮੁਫ਼ਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

# ਪੰਜਾਬ ਸਰਕਾਰ 5000 ਆਂਗਣਵਾੜੀ ਹੈਲਪਰਾਂ ਤੇ ਵਰਕਰਾਂ ਦੀ ਨਵੀਂ ਭਰਤੀ ਕਰੇਗੀ : ਰੰਧਾਵਾ

● 435 ਆਂਗਣਵਾੜੀ ਹੈਲਪਰਾਂ ਨੂੰ ਤਰੱਕੀ ਦੇ ਕੇ ਬਣਾਇਆ ਆਂਗਣਵਾੜੀ ਵਰਕਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਅਗਲੇ ਮਹੀਨੇ ਤੋਂ 5000 ਆਂਗਣਵਾੜੀ ਹੈਲਪਰਾਂ ਤੇ ਵਰਕਰਾਂ ਦੀਆਂ ਖ਼ਾਲੀ ਅਸਾਮੀਆਂ ਭਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।ਇਹ ਭਰਤੀ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਨਿਰੋਲ ਮੈਰਿਟ ਦੇ ਆਧਾਰ 'ਤੇ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਇਹ ਭਰਤੀ ਪ੍ਰਕਿਰਿਆ 30 ਸਤੰਬਰ ਤੋਂ ਪਹਿਲਾਂ ਮੁਕੰਮਲ ਕਰ ਲਈ ਜਾਵੇਗੀ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਿੱਚ ਕੰਮ ਕਰ ਰਹੀਆਂ 435 ਆਂਗਣਵਾੜੀ ਹੈਲਪਰਾਂ ਨੂੰ ਤਰੱਕੀ ਦੇ ਕੇ ਆਂਗਣਵਾੜੀ ਵਰਕਰ ਬਣਾਇਆ ਗਿਆ ਹੈ।ਇਸ ਤੋਂ ਇਲਾਵਾ ਪੁਰਾਣੇ ਸਮੇਂ ਤੋਂ ਸੇਵਾ ਨਿਭਾ ਰਹੀਆਂ 10ਵੀਂ ਪਾਸ ਆਂਗਣਵਾੜੀ ਹੈਲਪਰਾਂ, ਜਿਨ੍ਹਾਂ ਕੋਲ 10 ਸਾਲ ਦਾ ਤਜਰਬਾ ਹੈ, ਨੂੰ ਵੀ ਬਤੌਰ ਵਰਕਰ ਤਰੱਕੀ ਦੇਣ ਲਈ ਵਿਭਾਗ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮਹਿਲਾਵਾਂ ਨੂੰ ਸਸ਼ਕਤ ਬਣਾਉਣਾ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ ਅਤੇ ਇਹ ਤਰੱਕੀਆਂ ਇਸ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਹਨ।ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਲਗਾਤਾਰ ਉਪਰਾਲਿਆਂ ਨਾਲ ਮਹਿਲਾਵਾਂ ਨੂੰ ਆਰਥਿਕ ਤੇ ਸਮਾਜਿਕ ਮਜ਼ਬੂਤੀ ਮਿਲ ਰਹੀ ਹੈ, ਜਿਸ ਨਾਲ ਉਹ ਆਪਣੇ ਪਰਿਵਾਰ ਅਤੇ ਸਮਾਜ ਦੇ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨੂੰ ਲੈ ਕੇ ਗੰਭੀਰ ਹੈ।ਇਸ ਤਹਿਤ ਡਿਊਟੀ ਦੌਰਾਨ ਪੱਕੇ ਤੌਰ 'ਤੇ ਅਪੰਗ ਹੋਈਆਂ ਜਾਂ ਕਿਸੇ ਜਾਨਲੇਵਾ ਬਿਮਾਰੀ ਨਾਲ ਪੀੜਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਆਸ਼ਰਿਤਾਂ ਨੂੰ ਵਿਸ਼ੇਸ਼ ਮੌਕੇ ਤਹਿਤ ਨੌਕਰੀ ਦੇਣ ਲਈ ਪ੍ਰਕਿਰਿਆ ਨੂੰ ਮਨਜ਼ੂਰੀ ਦਿੱਤੀ ਗਈ ਹੈ।ਇਸ ਸਬੰਧ ਵਿੱਚ ਰਾਜ ਸਰਕਾਰ ਵੱਲੋਂ ਸਾਰੇ ਜ਼ਿਲ੍ਹਾ ਪ੍ਰੋਗਰਾਮ ਅਧਿਕਾਰੀਆਂ ਨੂੰ 31 ਅਗਸਤ 2025 ਤੋਂ ਪਹਿਲਾਂ ਪੁਰਾਣੇ ਪੈਂਡਿੰਗ ਆਸ਼ਰਿਤ ਕੇਸਾਂ ਅਤੇ ਬਦਲੀਆਂ ਦੇ ਕੇਸਾਂ ਦਾ ਨਿਪਟਾਰਾ ਕਰਨ ਦੇ ਹੁਕਮ ਦਿੱਤੇ ਗਏ ਹਨ।



# ਚੇਅਰਮੈਨ ਰਮਨ ਬਹਿਲ ਵੱਲੋਂ ਪਿੰਡ ਹਰਦਾਨ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ



ਗੁਰਦਾਸਪੁਰ (ਜਨਕ ਮਹਾਜਨ)- ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਬੀਤੀ ਸ਼ਾਮ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਹਰਦਾਨ ਵਿਖੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਸਰਕਾਰ ਵੱਲੋਂ ਪਿੰਡ ਹਰਦਾਨ ਵਿਖੇ ਪੰਚਾਇਤ ਘਰ, ਧਰਮਸ਼ਾਲਾ, ਕਮਿਊਨਿਟੀ ਸੈਨੇਟਰੀ ਕੰਪਲੈਕਸ ਬਣਾਏ ਗਏ ਹਨ। ਇਸ ਤੋਂ ਇਲਾਵਾ ਪਿੰਡ ਵਿਚ 18 ਸਟਰੀਟ ਲਾਈਟਾਂ ਵੀ ਲਗਾਈਆਂ ਗਈਆਂ ਹਨ। ਪੰਜਾਬ ਸਰਕਾਰ ਵਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਲੋਕਾਂ ਨਾਲ ਕੀਤੇ ਹੋਏ ਵਾਅਦਿਆਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਸਹੂਲਤ, ਸਕੂਲ ਆਫ਼ ਐਮੀਨੈਂਸ, ਆਮ ਆਦਮੀ ਕਲੀਨਿਕ, ਨੌਜਵਾਨਾਂ ਨੂੰ ਮੈਰਿਟ ਉਪਰ ਸਰਕਾਰੀ ਨੌਕਰੀਆਂ ਤੇ ਰੁਜ਼ਗਾਰ ਦੇ ਮੌਕੇ, ਸੂਬੇ ਵਿਚ ਸਨਅਤ ਪੱਖੀ ਮਾਹੌਲ, ਸਰਕਾਰੀ ਦਫ਼ਤਰਾਂ ਵਿੱਚ ਪਾਰਦਰਸ਼ਤਾ, ਖੇਡ ਸੱਭਿਆਚਾਰ ਪੈਦਾ ਕਰਨ ਅਤੇ ਬੁਨਿਆਦੀ ਢਾਂਚੇ ਵਿਚ ਕੀਤੇ ਜਾ ਰਹੇ ਵੱਡੇ ਪੱਧਰ 'ਤੇ ਸੁਧਾਰਾਂ ਨੇ ਸੂਬੇ ਨੂੰ ਤਰੱਕੀ ਦੀ ਰਾਹੇ ਤੋਰਿਆ ਹੈ।

# ਆਂਗਣਵਾੜੀ ਵਰਕਰਾਂ ਵੱਲੋਂ ਪ੍ਰੋਗਰਾਮ ਅਫਸਰ ਦੇ ਦਫ਼ਤਰ ਦਾ ਜ਼ੋਰਦਾਰ ਘਿਰਾਓ

ਛੇਹਰਟਾ (ਮਨੋਜ ਕੁਮਾਰ) : ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਵੱਲੋਂ ਜ਼ਿਲ੍ਹਾ ਪ੍ਰਧਾਨ ਗੁਰਮਿੰਦਰ ਕੌਰ ਤੇ ਕੈਸ਼ੀਅਰ ਜਸਪਾਲ ਕੌਰ ਦੀ ਅਗਵਾਈ ਹੇਠ ਪ੍ਰੋਗਰਾਮ ਅਫਸਰ ਦੇ ਦਫ਼ਤਰ ਦਾ ਘਿਰਾਓ ਕਰਕੇ ਨਾਅਰੇਬਾਜ਼ੀ ਕੀਤੀ ਗਈ। ਇਸ ਉਪਰੰਤ ਪ੍ਰੋਗਰਾਮ ਅਫਸਰ ਸੁਮਨਦੀਪ ਕੌਰ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ। ਇਸ ਮੌਕੇ ਮੁੱਖ ਤੌਰ 'ਤੇ ਪੁੱਜੇ ਸੀਟੂ ਦੇ ਸੂਬਾ ਵਿੱਤ ਸਕੱਤਰ ਤੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਕਤ ਵਿਭਾਗ ਵੱਲੋਂ ਆਂਗਣਵਾੜੀ ਵਰਕਰਾਂ ਨੂੰ ਐੱਫਆਰਐੱਸ ਲੈ ਕੇ ਦਿੱਤੇ ਗਏ ਨੋਟਿਸਾਂ ਦੇ ਜਵਾਬ ਨੂੰ ਨਾਮਨਜ਼ੂਰ ਕਰਦੇ ਹੋਏ ਤਾੜਨਾ ਪੱਤਰ ਜਾਰੀ ਕਰਕੇ ਮਾਨਸਿਕ ਪ੍ਰਤਾੜਨਾ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਆਂਗਣਵਾੜੀ ਵਰਕਰਾਂ, ਵਿਭਾਗ ਦੀ ਸਾਖ ਰੱਖਣ ਲਈ ਆਪਣੇ ਨਿੱਜੀ ਫੋਨ ਵਰਤ ਕੇ ਪੋਸ਼ਣ ਅਭਿਆਨ ਦਾ ਕੰਮ ਪਿਛਲੇ ਸਾਲਾਂ ਤੋਂ ਕਰਦੀਆਂ ਆ ਰਹੀਆਂ ਹਨ, ਪਰ ਹੁਣ ਨਵੇਂ ਵਰਜਨ ਆਉਣ ਕਰਕੇ ਪੁਰਾਣੇ ਮੋਬਾਈਲ ਕੰਮ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਆਂਗਣਵਾੜੀ ਵਰਕਰਾਂ ਵਿਚ ਵੱਡੀ ਗਿਣਤੀ ਵਿਚ ਵਿਧਵਾ, ਤਲਾਕਸ਼ੁਦਾ ਤੇ ਗਰੀਬ ਪਰਿਵਾਰਾਂ ਦੇ ਨਾਲ ਸਬੰਧਤ ਔਰਤਾਂ ਹਨ, ਜਿਨ੍ਹਾਂ ਪਰਿਵਾਰਾਂ ਕੋਲ ਇਕ ਹੀ ਫੋਨ ਹੈ। ਇਹ ਵਰਕਰਾਂ ਹਰ ਸਮੇਂ ਆਪਣੇ ਕੋਲ ਫੋਨ ਨਹੀਂ ਰੱਖ ਸਕਦੀਆਂ, ਉਹ ਪੂਰਾ ਡਾਟਾ ਵੀ ਅਪਡੇਟ ਨਹੀਂ ਕਰ ਸਕਦੀਆਂ ਅਤੇ ਆਪਣੇ ਨਿੱਜੀ ਨਵੇਂ ਫੋਨ ਖ਼ਰੀਦਣ ਲਈ ਆਰਥਿਕ ਪੱਖੋਂ ਕਮਜ਼ੋਰ ਹਨ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਵਿਭਾਗ ਵੱਲੋਂ ਮਾਨਸਿਕ ਪ੍ਰਤਾੜਨਾ ਦਿੱਤੀ ਜਾ ਰਹੀ ਹੈ ਜਿਸ ਦੇ ਨਾਲ ਵਰਕਰਾਂ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਰਹੀਆਂ ਹਨ ਅਤੇ ਆਪਣੀ ਜਾਨ ਤੋਂ ਜਾ ਰਹੀਆਂ ਹਨ। ਕਾਮਰੇਡ ਅਜਨਾਲਾ ਨੇ ਮੰਗ ਕੀਤੀ ਕਿ ਇਨ੍ਹਾਂ ਵਰਕਰਾਂ ਨੂੰ ਬਿਨਾਂ ਕਸੂਰ ਸਜ਼ਾ ਦੇਣ ਵਾਲੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ ਅਤੇ ਸਰਕਾਰ ਵੱਲੋਂ ਫੋਨ ਸਮੇਤ ਇੰਟਰਨੈੱਟ ਮੁਹੱਈਆ ਕਰਵਾਏ ਜਾਣ। ਉਨ੍ਹਾਂ ਨਾਲ ਇਹ ਭਰੋਸਾ ਵੀ ਦਿੱਤਾ ਕਿ ਜਿਸ ਦਿਨ ਇਹ ਮੰਗ ਪੂਰੀ ਹੋਵੇਗੀ, ਆਂਗਣਵਾੜੀ ਵਰਕਰਾਂ ਉਸ ਦਿਨ ਤੋਂ ਐੱਫਆਰਐੱਸ ਦਾ ਕੰਮ ਕਰਨਾ ਸ਼ੁਰੂ ਕਰ ਦੇਣਗੀਆਂ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਅਫਸਰ ਦੇ ਨਾਲ ਕੱਲ੍ਹ ਬਾਅਦ ਦੁਪਹਿਰ 2 ਵਜੇ ਦੀ ਮੀਟਿੰਗ ਤੈਅ ਹੋਈ ਹੈ, ਜਿਸ ਵਿਚ ਆਂਗਣਵਾੜੀ ਵਰਕਰਾਂ ਦੀ ਮੰਗ ਪੂਰੀ ਹੋਣ ਦੀ ਆਸ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਕਟਰੀ ਗੁਰਿੰਦਰ ਕੌਰ, ਵਿਜੇ ਕੁਮਾਰੀ, ਨਿਰਮਲ ਕੌਰ, ਸੁਖਜਿੰਦਰ ਕੌਰ, ਚਰਨਜੀਤ ਕੌਰ, ਅਮਨਦੀਪ ਕੌਰ, ਸੰਦੀਪ ਕੌਰ, ਹਰਜਿੰਦਰ ਕੌਰ, ਸੁਰਿੰਦਰ ਕੌਰ, ਸੋਨੀਆ, ਸੀਟੂ ਦੇ ਜ਼ਿਲ੍ਹਾ ਸਕੱਤਰ ਚਰਨਜੀਤ ਮਜੀਠਾ, ਕੈਸ਼ੀਅਰ ਨਰਿੰਦਰਪਾਲ ਚਮਿਆਰੀ ਵੀ ਹਾਜ਼ਰ ਸਨ।



# ਰੋਟਰੀ ਕਲੱਬ ਨਾਰਥ ਵੱਲੋਂ 1971 ਦੀ ਜੰਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ

ਅੰਮ੍ਰਿਤਸਰ (ਅਰੋੜਾ): ਰੋਟਰੀ ਕਲੱਬ ਨਾਰਥ ਵੱਲੋਂ ਕਲੱਬ ਦੇ ਪ੍ਰਧਾਨ ਵਰੁਣ ਕੱਕੜ, ਸਕੱਤਰ ਪਰਮੀਤ ਸਿੰਘ ਖੇੜਾ, ਪ੍ਰਾਜੈਕਟ ਚੇਅਰਮੈਨ ਟੀ. ਪੀ. ਐੱਸ. ਚਾਵਲਾ, ਕਲੱਬ ਦੇ ਪੈਟਰਨ ਇੰਡੀਅਨ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਡਾ. ਕੁਲਦੀਪ ਸਿੰਘ ਅਰੋੜਾ, ਚੀਫ ਐਡੀਟਰ ਰਸਜੀਤ ਸਿੰਘ ਖੇੜਾ, ਐੱਮਓਸੀ ਆਰ. ਐੱਸ. ਚੱਠਾ ਦੀ ਦੇਖ-ਰੇਖ ਵਿੱਚ ਇੱਕ ਸ਼ਲਾਘਾਯੋਗ ਪ੍ਰਾਜੈਕਟ ਨੂੰ ਅੰਜਾਮ ਦਿੰਦੇ ਹੋਏ ਮਸ਼ਹੂਰ ਮੋਰਾਂ ਪੁਲ ਕੰਜਰੀ ਸਥਿਤ ਭਾਰਤ ਪਾਕਿ ਜੰਗ 1971 ਸ਼ਹੀਦਾਂ ਦੀ ਸਮਾਰਕ ਦਾ ਦੌਰਾ ਕੀਤਾ।ਲਾਂਸ ਨਾਇਕ ਸ਼ਿੰਗਾਰਾ ਸਿੰਘ ਨੇ ਅਦਭੁੱਤ ਸਾਹਸ ਦਾ ਸਬੂਤ ਦਿੰਦੇ ਹੋਏ ਪਾਕਿਸਤਾਨ ਦੇ ਬੰਕਰ ਦੇ ਸਾਹਮਣੇ ਐੱਮ. ਐੱਮ. ਐੱਮ. ਜੀ. ਖੋਹ ਲਈ ਅਤੇ ਬੰਕਰ ਨੂੰ ਖਤਮ ਕਰ ਦਿੱਤਾ ਸੀ। ਇਸ ਝੜਪ ਵਿੱਚ ਉਹ ਆਪਣੇ 8 ਜਵਾਨ ਸਾਥੀਆਂ ਦੇ ਨਾਲ ਸ਼ਹੀਦ ਹੋ ਗਏ ਸਨ।ਮਰਨ ਤੋਂ ਬਾਅਦ ਉਨ੍ਹਾਂ ਨੂੰ ਮਹਾਵੀਰ ਚੱਕਰ ਦੇ ਨਾਲ ਨਿਵਾਜਿਆ ਗਿਆ। ਰੋਟਰੀ ਮੈਂਬਰਾਂ ਨੇ ਇਸ ਮਹਾਨ ਸ਼ਹੀਦ ਦੇ ਸਮਾਰਕ 'ਤੇ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਦੇ ਅਦਭੁੱਤ ਸਾਹਸ ਨੂੰ ਸਲਿਊਟ ਕੀਤਾ।ਇਸ ਮੌਕੇ ਰੋਟਰੀ ਮੈਂਬਰਾਂ ਵਿੱਚ ਉਪਿੰਦਰ ਚਾਵਲਾ, ਸਾਬਕਾ ਪ੍ਰਧਾਨ ਰਮੇਸ਼ ਕੱਕੜ, ਪ੍ਰੋਫੈਸਰ ਹਰਜਿੰਦਰ ਚੱਠਾ, ਸ਼ਸ਼ੀ ਕੱਕੜ, ਕਲੱਬ ਦੇ ਪਹਿਲੀ ਮਹਿਲਾ ਨੇਹਾ ਕੱਕੜ, ਦਲਜੀਤ ਕੌਰ ਅਰੋੜਾ, ਸੀਮਾ ਚਾਵਲਾ, ਸ਼ਿਵਾਨੀ ਖੰਨਾ, ਰਯਾਨ, ਸੋਬੀਆ, ਸ਼ਨਾਯਾ, ਮਨਜੀਤਪਾਲ ਕੌਰ ਸਮੇਤ ਰੋਟਰੀ ਨਾਰਥ ਦੇ ਕਈ ਮੈਂਬਰ ਮੌਜੂਦ ਸਨ।



# ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਬੁੱਤ ਲਗਾਉਣ ਸੰਬੰਧੀ ਈ ਓ ਨੂੰ ਦਿੱਤਾ ਯਾਦ ਪੱਤਰ

ਫਿਲੌਰ (ਹਰਜਿੰਦਰ ਕੌਰ ਚਾਹਲ)- ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਤਹਿਸੀਲ ਫਿਲੌਰ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹਿਰ ਅੰਦਰ ਬੁੱਤ ਲਵਾਉਣ ਦੀ ਮੰਗ ਨੂੰ ਲੈ ਕੇ ਨਗਰ ਕੌਂਸਲ ਫਿਲੌਰ ਦੇ ਈ ਓ ਜਗਤਾਰ ਸਿੰਘ ਨੂੰ ਯਾਦ ਪੱਤਰ ਦਿੱਤਾ ਗਿਆ। ਇਸ ਮੌਕੇ ਨੌਜਵਾਨਾਂ ਦੀ ਅਗਵਾਈ ਮੱਖਣ ਸੰਗਰਾਮੀ, ਗਗਨਦੀਪ ਗੱਗਾ, ਬਲਦੇਵ ਸਿੰਘ ਸਾਹਨੀ, ਅਮਰੀਕ ਰੁੜਕਾ ਨੇ ਕੀਤੀ। ਇਸ ਮੌਕੇ ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਸਿੰਘ ਢੇਸੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਪ੍ਰਤਿਮਾ ਸ਼ਹਿਰ ਵਿੱਚ ਲਵਾਉਣ ਅਤੇ ਸ਼ਹੀਦਾਂ ਦੇ ਨਾਂਅ 'ਤੇ ਚੌਂਕ ਦਾ ਨਾਂਅ ਰੱਖਣ ਨੂੰ ਲੈ ਕੇ ਸਭਾ ਪਿਛਲੇ ਲੰਬੇ ਤੋਂ ਸੰਘਰਸ਼ ਕਰਦੀ ਆ ਰਹੀ ਹੈ। ਢੇਸੀ ਨੇ ਕਿਹਾ ਕਿ ਭਗਤ ਸਿੰਘ ਦੀ ਵਿਚਾਰਧਾਰਾ ਦਾ ਪ੍ਰਚਾਰ ਅਤੇ ਪ੍ਰਸਾਰ ਲਈ ਸ਼ਹੀਦਾਂ ਦੇ ਨਾਂਅ 'ਤੇ ਸ਼ਹਿਰ ਵਿੱਚ ਯਾਦਗਾਰ ਦੀ ਉਸਾਰੀ ਦੀ ਪਿਛਲੇ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ ਕਿਉਂਕਿ ਭਗਤ ਸਿੰਘ ਦੀ ਬਰਾਬਰਤਾ ਵਾਲੀ ਵਿਚਾਰਧਾਰਾ ਸਭਨਾਂ ਨੂੰ ਬਰਾਬਰ ਦੇ ਅਧਿਕਾਰ ਦੇਣ, ਫਿਰਕਾਪ੍ਰਸਤੀ ਨੂੰ ਖਤਮ ਕਰਨ, ਗਰੀਬੀ, ਅਨਪੜ੍ਹਤਾ ਨੂੰ ਖਤਮ ਕਰਨ ਦਾ ਸੁਨੇਹਾ ਦਿੰਦੀ ਹੈ। ਇਸ ਲਈ ਅੱਜ ਦੇ ਫਿਰਕਾਪ੍ਰਸਤੀ ਅਤੇ ਬੇਰੁਜ਼ਗਾਰੀ ਦੇ ਦੌਰ ਅੰਦਰ ਭਗਤ ਸਿੰਘ ਦੀ ਵਿਚਾਰਧਾਰਾ ਦੀ ਅਹਿਮੀਅਤ ਬਹੁਤ ਵਧ ਜਾਦੀ ਹੈ।ਇਸ ਮੌਕੇ ਸਭਾ ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਅਜੈ ਫਿਲੌਰ ਅਤੇ ਤਹਿਸੀਲ ਸਕੱਤਰ ਸੁਨੀਲ ਭੈਣੀ ਨੇ ਕਿਹਾ ਕਿ ਉਕਤ ਮੰਗ ਨੂੰ ਲੈ ਕੇ ਸਭਾ ਪਹਿਲਾਂ ਵੀ ਨਗਰ ਕੌਂਸਲ ਦੇ ਪ੍ਰਧਾਨ ਨੂੰ ਮੰਗ ਪੱਤਰ ਦੇ ਚੁੱਕੇ ਹਨ ਪ੍ਰੰਤੂ ਨਗਰ ਕੌਂਸਲ ਦੇ ਵਲੋਂ ਮਤਾ ਪਾਸ ਕਰਨ ਦਾ ਦਾਅਵਾ ਕੀਤਾ ਜਾ ਚੁੱਕਾ ਹੈ ਪਰ ਮਗਰੋਂ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ। ਇਸ ਮੌਕੇ ਹਾਜ਼ਰ ਆਗੂਆਂ ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਪਰੋਕਤ ਮੰਗ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਗੁਰਿੰਦਰਜੀਤ ਗੈਰੀ, ਸੰਦੀਪ ਸਿੰਘ, ਜੱਸਾ ਰੁੜਕਾ, ਕੁਲਦੀਪ ਬਿਲਗਾ, ਜਸਵੀਰ ਢੇਸੀ, ਲਖਬੀਰ ਖੋਖੇਵਾਲ, ਰਛਪਾਲ ਬਿਰਦੀ, ਅਗਰੇਜ ਸਿੰਘ, ਰਿੱਕੀ ਮਿਓਵਾਲ, ਮਿੰਟੂ ਸਮਰਾੜੀ, ਪਵਿੱਤਰ ਛੋਕਰਾਂ, ਅਵਤਾਰ ਸਿੰਘ, ਤਿਲਕ ਰਾਜ, ਦਲਜੀਤ ਭੱਟੀ, ਜੱਸਾ ਫਿਲੌਰ, ਲਵਰਾਜ ਬਿਰਦੀ, ਜੋਗਾ ਸੰਗੋਵਾਲ, ਜੱਸਾ ਰੁੜਕਾ, ਜਸਵੀਰ ਫਿਲੌਰ ਆਦਿ ਹਾਜ਼ਰ ਸਨ।



# ਲੈਂਡ ਪੂਲਿੰਗ ਨੀਤੀ ਦੀ ਵਾਪਸੀ ਕਿਸਾਨਾਂ ਦੀ ਜਿੱਤ: ਕਿਸਾਨ ਸਭਾ




ਝਬਾਲ (ਹਰਜਿੰਦਰ ਸਿੰਘ ਸੋਨੀ)- ਪੰਜਾਬ ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਕਿਸਾਨੀ ਸੰਘਰਸ਼ ਤੋਂ ਡਰਦਿਆਂ ਵਾਪਸ ਲਈ ਹੈ।ਇਹ ਕਿਸਾਨੀ ਸੰਘਰਸ਼ ਦੀ ਵੱਡੀ ਜਿੱਤ ਹੈ।ਪ੍ਰੈੱਸ ਨੂੰ ਇਹ ਬਿਆਨ ਜਾਰੀ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ ਸੂਬਾਈ ਵਰਕਿੰਗ ਪ੍ਰਧਾਨ, ਮਹਾਂਬੀਰ ਸਿੰਘ ਗਿੱਲ ਅਤੇ ਜਨਰਲ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਅੱਜ ਜਾਂ ਭਲਕੇ ਸਰਕਾਰ ਨੂੰ ਇਹ ਨੀਤੀ ਵਾਪਸ ਲੈਣੀ ਹੀ ਪੈਣੀ ਸੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਧੂੰਦਾ, ਸੁਖਦੇਵ ਸਿੰਘ ਮਾਨੋਚਾਹਲ, ਰਾਜ ਗੋਬਿੰਦ ਸਿੰਘ, ਕੁਲਬੀਰ ਸਿੰਘ ਕਸੇਲ, ਦਵਿੰਦਰ ਸੋਹਲ, ਰਣਜੀਤ ਸਿੰਘ ਬਹਾਦਰ ਨਗਰ, ਗੁਰਬਿੰਦਰ ਸਿੰਘ ਸੋਹਲ, ਰਾਣਾ ਰਣਜੀਤ, ਅਵਤਾਰ ਸਿੰਘ ਪਲਾਸੌਰ, ਗੁਰਦਿਆਲ ਸਿੰਘ ਵਰਨਾਲਾ, ਕਾਰਜ ਸਿੰਘ ਕੈਰੋਂ, ਪਰਮਜੀਤ ਸਿੰਘ ਚੋਹਲਾ ਸਮੇਤ ਕਈ ਆਗੂ ਹਾਜ਼ਰ ਸਨ।

# ਰਾਸ਼ਨ ਤੇ ਸਾਈਲੇਜ ਦੀ ਤਿਆਰੀ ਅਤੇ ਗਣਨਾ 'ਤੇ ਵਰਕਸ਼ਾਪ ਕਰਵਾਈ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਖਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਦੇ ਪਸ਼ੂ ਪੋਸ਼ਣ ਅਤੇ ਪਸ਼ੂਧਨ ਫ਼ਾਰਮ ਕੰਪਲੈਕਸ ਵੱਲੋਂ ਵੈਟਰਨਰੀ ਰੈਜ਼ੀਡੈਂਟ ਡਾਕਟਰਾਂ ਦੀ ਮਦਦ ਨਾਲ 'ਰਾਸ਼ਨ ਅਤੇ ਸਾਈਲੇਜ ਦੀ ਤਿਆਰੀ ਅਤੇ ਗਣਨਾ' ਸਬੰਧੀ ਵਰਕਸ਼ਾਪ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਈ ਗਈ ਇਸ ਵਰਕਸ਼ਾਪ ਦਾ ਉਦੇਸ਼ ਪਸ਼ੂ ਪੋਸ਼ਣ ਬਾਰੇ ਵਿਹਾਰਕ ਗਿਆਨ ਦੇ ਨਾਲ-ਨਾਲ ਰਾਸ਼ਨ ਅਤੇ ਸਾਈਲੇਜ ਤਿਆਰੀ ਨਾਲ ਸਬੰਧਿਤ ਹੱਥੀਂ ਸਿਖਲਾਈ ਅਤੇ ਹੁਨਰ ਪ੍ਰਦਾਨ ਕਰਨਾ ਸੀ।ਇਸ ਵਰਕਸ਼ਾਪ ਦਾ ਉਦਘਾਟਨ ਡਾ. ਵਰਮਾ ਨੇ ਡਾ. ਐੱਮ. ਕੇ. ਮਹਿਤਾ ਅਤੇ ਹੋਰਨਾਂ ਸਟਾਫ਼ ਨਾਲ ਮਿਲ ਕੇ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ 'ਚ ਡਾ. ਮਹਿਤਾ ਅਤੇ ਡਾ. ਸ਼ੁਭਮ ਠਾਕੁਰ ਵੱਲੋਂ ਰਾਸ਼ਨ ਅਤੇ ਸਾਈਲੇਜ ਤਿਆਰੀ ਦੀ ਗਣਨਾ 'ਤੇ ਭਾਸ਼ਣ ਦਿੱਤਾ ਗਿਆ। ਜਿਸ 'ਚ ਉਨ੍ਹਾਂ ਨੇ ਖੁਰਾਕ, ਰਾਸ਼ਨ ਦੀ ਗਣਨਾ ਅਤੇ ਤਿਆਰੀ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਪਰੰਤ ਕੰਪਲੈਕਸ ਵਿਖੇ ਇਕ ਵਿਹਾਰਕ ਸਿਖਲਾਈ ਸੈਸ਼ਨ ਦੌਰਾਨ ਭਾਗੀਦਾਰਾਂ ਨੂੰ ਰਾਸ਼ਨ ਅਤੇ ਅਨਾਜ ਦੇ ਆਕਾਰ ਦੇ ਸਹੀ ਮਿਸ਼ਰਣ ਦੇ ਨਾਲ-ਨਾਲ ਵੱਖ-ਵੱਖ ਕੱਚੇ ਤੱਤਾਂ ਦੀ ਵਰਤੋਂ ਕਰਕੇ ਸਹੀ ਫੀਡ ਤਿਆਰੀ ਸਬੰਧੀ ਤਾਲਮੇਲ ਕੀਤਾ ਗਿਆ।ਇਸ ਮੌਕੇ ਡਾ. ਵਰਮਾ ਨੇ ਕਿਹਾ ਕਿ ਵਰਕਸ਼ਾਪ ਦੌਰਾਨ ਉਕਤ ਤੋਂ ਇਲਾਵਾ ਮੱਕੀ ਦੀ ਫਸਲ ਤੋਂ ਸਾਈਲੇਜ ਤਿਆਰੀ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਉਪਰੰਤ 'ਬੈਗ ਸਾਈਲੇਜ' ਦੇ ਰੂਪ 'ਚ ਸਾਈਲੇਜ ਤਿਆਰ ਕੀਤਾ ਗਿਆ ਜਿਸ ਨੂੰ 3-4 ਹਫ਼ਤਿਆਂ ਬਾਅਦ ਵਰਤਿਆ ਜਾਣਾ ਹੈ। ਉਨ੍ਹਾਂ ਕਿਹਾ ਕਿ ਵਰਕਸ਼ਾਪ ਮੌਕੇ ਨਵੇਂ ਵੈਟਸ ਦੇ ਵੱਧ ਤੋਂ ਵੱਧ ਸਿੱਖਣ ਲਈ ਅਨੇਕਾਂ ਸਵਾਲ ਮੌਕੇ 'ਤੇ ਹੱਲ ਕੀਤੇ ਗਏ।ਉਨ੍ਹਾਂ ਕਿਹਾ ਕਿ ਵਰਕਸ਼ਾਪ ਦਾ ਸੰਚਾਲਨ ਡਾ. ਠਾਕੁਰ ਦੁਆਰਾ ਕੀਤਾ ਗਿਆ ਜਦੋਂ ਕਿ ਡਾ. ਪ੍ਰਿੰਸ ਚੌਹਾਨ ਨੇ ਵੀ ਸੁਚਾਰੂ ਢੰਗ ਅਹਿਮ ਯੋਗਦਾਨ ਪਾਇਆ। ਇਸ ਮੌਕੇ ਕੰਪਲੈਕਸ ਦੇ ਮੁਖੀ ਡਾ. ਆਰ. ਕੇ. ਤੱਗੜ ਨੇ ਵਰਕਸ਼ਾਪ ਲਈ ਸਿਖਲਾਈ ਸਬੰਧੀ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ।



# ਡੀ ਜੀ ਪੀ ਵੱਲੋਂ ਅੱਤਵਾਦ ਵਿਰੋਧੀ ਰਣਨੀਤੀ ਦੀ ਸਮੀਖਿਆ

● ਸੂਬੇ ਭਰ ਵਿੱਚ ਉੱਚ-ਪੱਧਰੀ ਨਾਕੇ ਲਗਾਉਣ ਦੇ ਨਿਰਦੇਸ਼

ਜਲੰਧਰ/ਚੰਡੀਗੜ੍ਹ/ਅੰਮ੍ਰਿਤਸਰ (ਸ਼ੈਲੀ ਐਲਬਰਟ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਹੁਕਮਾਂ ਅਨੁਸਾਰ ਆਜ਼ਾਦੀ ਦਿਵਸ ਦੇ ਸ਼ਾਂਤੀਪੂਰਨ ਜਸ਼ਨਾਂ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਡਾਇਰੈਕਟਰ ਜਨਰਲ ਆਫ ਪੁਲਸ ਪੰਜਾਬ ਗੌਰਵ ਯਾਦਵ ਨੇ ਪੁਲਿਸ ਬਲ ਨੂੰ ਮੌਜੂਦਾ ਸੁਰੱਖਿਆ ਵਿਵਸਥਾ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਅੱਤਵਾਦ ਵਿਰੋਧੀ ਰਣਨੀਤੀਆਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਸਰਹੱਦੀ ਸੂਬੇ ਵਿੱਚ ਕਿਸੇ ਵੀ ਕਾਨੂੰਨ ਵਿਵਸਥਾ ਦੀ ਉਲੰਘਣਾ ਨੂੰ ਰੋਕਣ ਲਈ ਅੰਤਰ-ਜ਼ਿਲ੍ਹਾ ਤਾਲਮੇਲ, ਉੱਚ-ਪੱਧਰੀ ਨਾਕਿਆਂ ਤੇ ਹਰ ਸਮੇਂ ਨਿਗਰਾਨੀ ਕਰਨ ਦੇ ਨਿਰਦੇਸ਼ ਜਾਰੀ ਕੀਤੇ।ਡੀ ਜੀ ਪੀ ਪੰਜਾਬ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੇ ਕਮਿਸ਼ਨਰਾਂ ਤੇ ਪੁਲਸ ਰੇਂਜਾਂ-ਸਰਹੱਦੀ, ਜਲੰਧਰ, ਲੁਧਿਆਣਾ ਤੇ ਰੋਪੜ ਦੇ ਅਧਿਕਾਰੀਆਂ ਨਾਲ ਕਾਨੂੰਨ-ਵਿਵਸਥਾ ਸਬੰਧੀ ਸਮੀਖਿਆ ਮੀਟਿੰਗਾਂ ਅਤੇ ਆਊਟਰੀਚ ਸੈਸ਼ਨਾਂ ਦੀ ਪ੍ਰਧਾਨਗੀ ਕਰਨ ਲਈ ਦੌਰੇ 'ਤੇ ਸਨ। ਉਨ੍ਹਾਂ ਨੇ ਸੂਬੇ ਵਿੱਚ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਤੇ ਗੈਂਗਸਟਰਾਂ ਅਤੇ ਸੰਗਠਿਤ ਅਪਰਾਧ ਵਿਰੁੱਧ ਕਾਰਵਾਈ ਦਾ ਵੀ ਜਾਇਜ਼ਾ ਲਿਆ। ਡੀ ਜੀ ਪੀ ਨੇ ਕਿਹਾ ਕਿ ਇਸ ਕੜੀ ਸੁਰੱਖਿਆ ਨਾਲ ਪੁਲਸ ਕਰਮਚਾਰੀ ਕਿਸੇ ਵੀ ਸੰਭਾਵੀ ਖਤਰੇ ਜਾਂ ਗਤੀਵਿਧੀ ਨੂੰ ਰੋਕਣ ਲਈ ਖਾਸ ਕਰਕੇ ਰਾਤ ਨੂੰ ਨਿਯਮਤ ਤੌਰ 'ਤੇ ਗਸ਼ਤ ਅਤੇ ਚੈਕਿੰਗ ਕਰਨਗੇ। ਇਸ ਮੀਟਿੰਗ ਵਿੱਚ ਕਮਿਸ਼ਨਰ ਆਫ ਪੁਲਿਸ ਜਲੰਧਰ ਰੇਂਜ ਧਨਪ੍ਰੀਤ ਕੌਰ, ਸੀ ਪੀ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ, ਸੀ ਪੀ ਲੁਧਿਆਣਾ ਸਵਪਨ ਸ਼ਰਮਾ, ਡੀ ਆਈ ਜੀ ਜਲੰਧਰ ਰੇਂਜ ਨਵੀਨ ਸਿੰਗਲਾ, ਡੀ ਆਈ ਜੀ ਰੋਪੜ ਰੇਂਜ ਹਰਚਰਨ ਸਿੰਘ ਭੁੱਲਰ, ਡੀ ਆਈ ਜੀ ਬਾਰਡਰ ਰੇਂਜ ਨਾਨਕ ਸਿੰਘ, ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ, ਐੱਸ ਐੱਸ ਪੀ ਗੁਰਦਾਸਪੁਰ ਅਦਿੱਤਿਆ, ਐੱਸ ਐੱਸ ਪੀ ਬਟਾਲਾ ਸੁਹੇਲ ਕਾਸਿਮ ਮੀਰ, ਐਸਐਸਪੀ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਸਮੇਤ ਹੋਰ ਅਧਿਕਾਰੀ/ਕਰਮਚਾਰੀ ਸ਼ਾਮਲ ਸਨ।



ਨਵਾਂ ਜ਼ਮਾਨਾ

ਬੁੱਧਵਾਰ, 13 ਅਗਸਤ 2025

# ਦਰਵੇਸ਼-ਬੰਦੀ

ਸੁਪਰੀਮ ਕੋਰਟ ਨੇ ਸੋਮਵਾਰ ਦਿੱਲੀ ਤੇ ਕੌਮੀ ਰਾਜਧਾਨੀ ਖੇਤਰ (ਐੱਨ ਸੀ ਆਰ) ਵਿੱਚ ਪੈਂਦੇ ਨੋਇਡਾ, ਗੁਰੂਗ੍ਰਾਮ ਤੇ ਗਾਜ਼ੀਆਬਾਦ ਦੀਆਂ ਜਨਤਕ ਥਾਂਵਾਂ ਨੂੰ ਆਵਾਰਾ ਕੁੱਤਿਆਂ ਤੋਂ ਛੇਤੀ ਤੋਂ ਛੇਤੀ ਮੁਕਤ ਕਰਨ ਦੇ ਹੁਕਮ ਦਿੱਤੇ। ਜਸਟਿਸ ਜੇ ਪੀ ਪਾਰਦੀਵਾਲਾ ਤੇ ਜਸਟਿਸ ਆਰ ਮਹਾਦੇਵਨ ਦੀ ਬੈਂਚ ਨੇ ਇਸ ਦੇ ਨਾਲ ਹੀ ਚਿਤਾਵਨੀ ਦਿੱਤੀ ਕਿ ਜੇ ਕਿਸੇ ਵਿਅਕਤੀ ਜਾਂ ਜਥੇਬੰਦੀ ਨੇ ਇਸ ਵਿੱਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਵਿਰੁੱਧ ਮਾਣਹਾਨੀ ਦੀ ਕਾਰਵਾਈ ਸਮੇਤ ਸਖਤ ਕਾਰਵਾਈ ਕੀਤੀ ਜਾਵੇਗੀ। ਬੈਂਚ ਨੇ ਦਿੱਲੀ ਸਰਕਾਰ ਤੇ ਨਗਰ ਨਿਗਮਾਂ ਨੂੰ ਇਹ ਹਦਾਇਤ ਵੀ ਕੀਤੀ ਕਿ ਲਗਭਗ ਪੰਜ ਹਜ਼ਾਰ ਕੁੱਤਿਆਂ ਨੂੰ ਰੱਖਣ ਲਈ ਸ਼ੈਲਟਰ ਹੋਮ ਬਣਾਏ ਜਾਣ ਅਤੇ ਸਾਰੇ ਕੁੱਤਿਆਂ ਦੀ ਨਸਬੰਦੀ ਤੇ ਟੀਕਾਕਰਨ ਲਈ ਲੋੜੀਂਦੇ ਮੁਲਾਜ਼ਮ ਤਾਇਨਾਤ ਕੀਤੇ ਜਾਣ। ਬੈਂਚ ਨੇ 28 ਜੁਲਾਈ ਨੂੰ ਇੱਕ ਬੱਚੇ ਦੇ ਕੁੱਤੇ ਦੇ ਕੱਟਣ ਕਾਰਨ ਹੋਈ ਮੌਤ ਦਾ ਖੁਦ ਨੋਟਿਸ ਲੈਂਦਿਆਂ ਇਹ ਹੁਕਮ ਜਾਰੀ ਕੀਤੇ। ਸੁਣਵਾਈ ਦੌਰਾਨ ਬੈਂਚ ਨੇ ਜਾਨਵਰਾਂ ਦੇ ਹੱਕ ਲਈ ਕੰਮ ਕਰਦੇ ਕਾਰਕੁਨਾਂ ਨੂੰ ਸੁਣਨ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਸਥਿਤੀ ਬਹੁਤ ਗੰਭੀਰ ਹੈ। ਕੁੱਤਿਆਂ ਦੇ ਕੱਟਣ ਨਾਲ ਮਾਸੂਮ ਤੇ ਬੱਚੇ ਮਾਰੇ ਜਾ ਰਹੇ ਹਨ। ਜਸਟਿਸ ਪਾਰਦੀਵਾਲਾ ਨੇ ਸਵਾਲ ਕੀਤਾ ਕਿ ਜਾਨਵਰਾਂ ਦੇ ਹੱਕਾਂ ਲਈ ਲੜਨ ਵਾਲੇ ਤੇ ਅਖੌਤੀ ਜਾਨਵਰ ਪ੍ਰੇਮੀ ਕੀ ਉਨ੍ਹਾਂ ਬੱਚਿਆਂ ਨੂੰ ਵਾਪਸ ਲਿਆ ਸਕਦੇ ਹਨ, ਜਿਹੜੇ ਆਵਾਰਾ ਕੁੱਤਿਆਂ ਹੱਥੋਂ ਮਾਰੇ ਜਾ ਰਹੇ ਹਨ। ਬੈਂਚ ਨੇ ਪਸ਼ੂ ਜਨਮ ਕੰਟਰੋਲ (ਕੁੱਤੇ) ਨਿਯਮ 2001 ਨੂੰ ਵੀ ਬੇਤੁਕਾ ਕਰਾਰ ਦੇ ਦਿੱਤਾ, ਜਿਹੜਾ ਕਹਿੰਦਾ ਹੈ ਕਿ ਆਵਾਰਾ ਕੁੱਤਿਆਂ ਨੂੰ ਚੁੱਕ ਕੇ ਉਨ੍ਹਾਂ ਦੀ ਨਸਬੰਦੀ ਕਰਕੇ ਮੁੜ ਉਸੇ ਇਲਾਕੇ ਵਿੱਚ ਛੱਡ ਦੇਣਾ ਚਾਹੀਦਾ ਹੈ।

ਸੁਪਰੀਮ ਕੋਰਟ ਦੇ ਇਸ ਹੁਕਮ ਤੋਂ ਬਾਅਦ ਤਿੱਖੀ ਬਹਿਸ ਛਿੜ ਗਈ ਹੈ। ਜਿੱਥੇ ਇੱਕ ਵਰਗ ਇਸ ਨੂੰ ਰਾਹਤ ਸਮਝ ਰਿਹਾ ਹੈ, ਉੱਥੇ ਦੂਜਾ ਵਰਗ ਇਸ ਫੈਸਲੇ ਨੂੰ ਗੈਰਅਮਲੀ, ਬੇਤੁਕਾ ਤੇ ਗੈਰਕਾਨੂੰਨੀ ਦੱਸ ਰਿਹਾ ਹੈ। ਰਾਹੁਲ ਗਾਂਧੀ ਦਾ ਕਹਿਣਾ ਹੈ ਕਿ ਇਹ ਹੁਕਮ ਮਾਨਵੀ ਤੇ ਵਿਗਿਆਨ-ਸਮਰਥਤ ਨੀਤੀ ਤੋਂ ਪਿੱਛੇ ਹਟਣਾ ਹੈ। ਇਹ ਬੇਜ਼ੁਬਾਨ ਆਤਮਾਵਾਂ ਕੋਈ ਸਮੱਸਿਆ ਨਹੀਂ ਹਨ, ਜਿਨ੍ਹਾਂ ਨੂੰ ਖਤਮ ਕਰ ਦਿੱਤਾ ਜਾਵੇ। ਸ਼ੈਲਟਰ ਹੋਮ, ਨਸਬੰਦੀ, ਟੀਕਾਕਰਨ ਤੇ ਕਮਿਊਨਿਟੀ ਦੇਖਭਾਲ ਇਨ੍ਹਾਂ ਨੂੰ ਸੜਕਾਂ 'ਤੇ ਹੀ ਬਿਨਾਂ ਕਰੂਰਤਾ ਨਾਲ ਸੁਰੱਖਿਅਤ ਰੱਖ ਸਕਦੇ ਹਨ। ਇਨ੍ਹਾਂ 'ਤੇ ਪਾਬੰਦੀ ਕਰੂਰ ਤੇ ਅਦੂਰਦਰਸ਼ੀ ਫੈਸਲਾ ਹੈ। ਲੋਕ ਯਕੀਨੀ ਬਣਾ ਸਕਦੇ ਹਨ ਕਿ ਲੋਕਾਂ ਦੀ ਸੁਰੱਖਿਆ ਤੇ ਪਸ਼ੂ ਭਲਾਈ ਨਾਲ-ਨਾਲ ਚੱਲਣ। ਜਾਨਵਰਾਂ ਦੇ ਹੱਕਾਂ ਦੀ ਰਾਖੀ ਵਿੱਚ ਲੱਗੀਆਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਹੁਕਮ ਵਿਸ਼ਵ ਜਨਤਕ ਸਿਹਤ ਦਿਸ਼ਾ-ਨਿਰਦੇਸ਼ਾਂ, ਭਾਰਤ ਦੇ ਕਾਨੂੰਨਾਂ ਤੇ ਮਾਨਵੀ ਪ੍ਰਥਾਵਾਂ ਦੇ ਖਿਲਾਫ ਹੈ। ਸਾਬਕਾ ਕੇਂਦਰੀ ਮੰਤਰੀ ਤੇ ਪਸ਼ੂ ਅਧਿਕਾਰ ਕਾਰਕੁਨ ਮੇਨਕਾ ਗਾਂਧੀ ਦਾ ਕਹਿਣਾ ਹੈ ਕਿ ਦਿੱਲੀ ਵਿੱਚ ਤਿੰਨ ਲੱਖ ਕੁੱਤਿਆਂ ਨੂੰ ਸ਼ੈਲਟਰ ਹੋਮਾਂ ਵਿੱਚ ਰੱਖਣ ਲਈ 15 ਹਜ਼ਾਰ ਕਰੋੜ ਰੁਪਏ ਦੀ ਲੋੜ ਹੋਵੇਗੀ, ਜਿਹੜੇ ਦਿੱਲੀ ਸਰਕਾਰ ਲਈ ਖਰਚਣੇ ਸੰਭਵ ਨਹੀਂ। ਇਹ ਗੁੱਸੇ ਵਿੱਚ ਲਿਆ ਗਿਆ ਅਜੀਬ ਫੈਸਲਾ ਹੈ।

ਦਿੱਲੀ ਨਗਰ ਨਿਗਮ ਨੇ ਆਵਾਰਾ ਕੁੱਤਿਆਂ ਨਾਲ ਨਜਿੱਠਣ ਲਈ ਉਨ੍ਹਾਂ ਦੀ ਨਸਬੰਦੀ ਕਰਨ ਲਈ ਜਿਹੜੀ ਗੈਰ-ਸਰਕਾਰੀ ਜਥੇਬੰਦੀ ਐਨੀਮਲ ਇੰਡੀਆ ਟਰੱਸਟ ਨਾਲ ਠੇਕਾ ਕੀਤਾ ਹੋਇਆ ਹੈ, ਉਸ ਨੂੰ ਚਲਾਉਣ ਵਾਲੇ ਨੇ ਦੱਸਿਆ ਕਿ ਨਗਰ ਨਿਗਮ ਇੱਕ ਕੁੱਤੇ ਲਈ ਉਸ ਨੂੰ ਇੱਕ ਹਜ਼ਾਰ ਰੁਪਏ ਦਿੰਦੀ ਹੈ, ਜਿਸ ਵਿੱਚ ਆਵਾਰਾ ਕੁੱਤੇ ਨੂੰ ਫੜਨ ਤੋਂ ਲੈ ਕੇ ਉਸ ਦੀ ਨਸਬੰਦੀ ਦੇ ਬਾਅਦ ਉਸ ਨੂੰ ਛੱਡਣ ਤੱਕ ਦਾ ਖਰਚ ਹੁੰਦਾ ਹੈ। ਇਹ ਪੈਸੇ ਵੀ ਵਕਤ 'ਤੇ ਨਹੀਂ ਮਿਲਦੇ। ਹਜ਼ਾਰਾਂ ਕੁੱਤਿਆਂ ਨੂੰ ਕਿਵੇਂ ਸੰਭਾਲਿਆ ਜਾ ਸਕੇਗਾ।

ਕੁੱਤਿਆਂ ਦੇ ਵੱਢਣ ਕਾਰਨ ਹੁੰਦੀਆਂ ਮੌਤਾਂ ਤੋਂ ਹਰ ਕੋਈ ਦੁਖੀ ਹੁੰਦਾ ਹੈ, ਪਰ ਸੁਪਰੀਮ ਕੋਰਟ ਨੇ ਜਿਸ ਸੁਰ ਵਿੱਚ ਹੁਕਮ ਸੁਣਾਇਆ ਹੈ, ਉਹ ਸਮੱਸਿਆ ਨੂੰ ਹੱਲ ਕਰਨ ਵਾਲਾ ਨਹੀਂ ਲਗਦਾ। ਇਹ ਸਮੱਸਿਆ ਦੇਸ਼-ਵਿਆਪੀ ਹੈ। ਇਸ 'ਤੇ ਕਾਬੂ ਪਾਉਣ ਲਈ ਕਰੋੜਾਂ ਰੁਪਈਆਂ ਦੀ ਲੋੜ ਪੈਣੀ ਹੈ। ਬਿਹਤਰ ਇਹ ਹੋਵੇਗਾ ਕਿ ਸੁਪਰੀਮ ਕੋਰਟ ਸਮੱਸਿਆ ਦਾ ਹੱਲ ਕੇਂਦਰ ਸਰਕਾਰ ਤੋਂ ਪੁੱਛੇ ਤੇ ਉਸ ਤੋਂ ਰਾਜਾਂ ਲਈ ਲੋੜੀਂਦੇ ਪੈਸੇ ਜਾਰੀ ਕਰਵਾਏ।

## ਗੂੰਜ ਬਿਨਾਂ ਗੜਗੱਜ ?

ਬਿੱਲੀ 'ਨੀਂ ਸੌ ਚੂਹਿਆਂ' ਨੂੰ ਖਾਣ ਵਾਲੀ,
ਬੁਰੀ ਲੱਗਣੀ ਕਰਨ ਗਈ ਹੱਜ ਗਈ।
'ਧਨੀ ਰਾਮ' ਜੇ ਠਨ-ਠਨ ਗੋਪਾਲ ਹੋਵੇ,
ਲੋਕੀਂ ਹੱਸਣਗੇ 'ਨਾਮ ਦੇ ਪੱਜ' ਭਾਈ।
'ਦਇਆ ਰਾਮ ਝਟਕਈ' ਦੁਕਾਨ 'ਤੇ,
ਨਾਮ ਕਿੰਨਾ ਕੁ ਜਾਏਗਾ 'ਸਜ' ਭਾਈ।
ਪਤਨੀ 'ਸ਼ਾਂਤੀ ਦੇਵੀ' ਪਰ 'ਪਤੀ 'ਤੇ',
ਪਵੇ ਵਾਂਗ ਬਘਿਆੜੀ ਦੇ ਭੱਜ ਭਾਈ।
ਚੌਕੀਦਾਰ ਵੀ ਮੰਨੇ ਨਾ ਹੁਕਮ ਸਿੰਘ ਦੀ,
ਕਿੱਦਾਂ ਬਚੇਗੀ 'ਨਾਮ ਦੀ ਲੱਜ' ਭਾਈ।
ਪਾ ਜੋ ਸਕੇ ਨਾ 'ਗੂੰਜ' ਨਿਰਪੱਖ ਹੋ ਕੇ,
ਨਾਮ ਰੱਖੇ ਉਹ ਕਿਉਂ 'ਗੜਗੱਜ' ਭਾਈ!

-ਤਰਲੋਚਨ ਸਿੰਘ ਦੁਪਾਲਪੁਰ, 78146-92724

# ਹਕੂਮਤ ਕਿਤਾਬਾਂ ਤੋਂ ਵੀ ਖੌਫਜ਼ਦਾ ਹੋਣ ਲੱਗੀ

ਨਰਭਿੰਦਰ

ਪਿਛਲੇ ਸਾਲਾਂ 'ਚ ਕਸ਼ਮੀਰ 'ਚ ਸ਼ਾਂਤੀ ਸੀ। ਪਹਿਲਗਾਮ ਘਟਨਾ ਪਿੱਛੋਂ ਕਸ਼ਮੀਰੀਆਂ ਨੇ ਅੱਤਵਾਦ ਦੇ ਵਿਰੋਧ ਵਿੱਚ ਜੰਮੂ ਕਸ਼ਮੀਰ ਪੂਰਨ ਤੌਰ 'ਤੇ ਬੰਦ ਰੱਖਿਆ। ਪਰ ਭਾਰਤੀ ਹਕੂਮਤ ਦੀਆਂ ਬੰਦੂਕਾਂ ਨੂੰ ਇਹ ਸ਼ਾਂਤੀ ਕਿੱਥੋਂ ਪਸੰਦ ਆਉਣੀ ਸੀ। ਉਹਨੇ ਆਪਣੀਆਂ ਬੰਦੂਕਾਂ ਦੀ ਨੋਕ ਕਿਤਾਬਾਂ ਵੱਲ ਸੇਧਤ ਕਰ ਲਈ ਹੈ। 15 ਅਗਸਤ ਤੋਂ ਐਨ ਪਹਿਲਾਂ 5 ਅਗਸਤ ਨੂੰ ਜੰਮੂ ਕਸ਼ਮੀਰ ਦੇ ਲੈਫ. ਗਵਰਨਰ ਮਨੋਜ ਸਿਨਹਾ ਦੇ ਦਫ਼ਤਰ ਵੱਲੋਂ ਇੱਕ ਨੋਟੀਫਿਕੇਸ਼ਨ ਨੰ: ਐੱਸ ਓ 203 ਜਾਰੀ ਹੋਇਆ, ਜਿਸ 'ਚ ਆਦੇਸ਼ ਦਿੱਤਾ ਗਿਆ ਕਿ ਉਹ ਕਿਤਾਬਾਂ, ਜਿਨ੍ਹਾਂ ਨੂੰ ਕਸ਼ਮੀਰੀ ਪੜ੍ਹੇ-ਲਿਖੇ ਲੋਕ ਪੜ੍ਹਨਾ ਪਸੰਦ ਕਰਦੇ ਹਨ ਅਤੇ ਫਿਰ ਸੁਆਲ ਖੜ੍ਹੇ ਕਰਦੇ ਹਨ, ਉਨ੍ਹਾਂ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। ਨਾਗਰਿਕ ਸੁਰੱਖਿਆ ਸੰਹਿਤਾ 2023 ਦੇ ਸੈਕਸ਼ਨ 152-196-197 ਅਤੇ ਭਾਰਤੀ ਨਿਆਂ ਸੰਹਿਤਾ 2023 ਦੇ ਸੈਕਸ਼ਨ 98 ਤਹਿਤ ਜਾਰੀ ਪੱਤਰ ਵਿੱਚ 25 ਕਿਤਾਬਾਂ ਦੀ ਇਕ ਲਿਸਟ ਵੀ ਜਾਰੀ ਹੋਈ, ਜਿਨ੍ਹਾਂ ਨੂੰ ਪੜ੍ਹਨ, ਵੇਚਣ, ਖ਼ਰੀਦਣ ਤੇ ਰੱਖਣ 'ਤੇ ਪਾਬੰਦੀ ਲਾ ਦਿੱਤੀ ਗਈ।

ਕਿਤਾਬਾਂ ਕਿੰਨੀਆਂ ਖ਼ਤਰਨਾਕ ਹੁੰਦੀਆਂ ਹਨ, ਇਹ ਨੌਜਵਾਨਾਂ ਨੂੰ ਜਾਗਰੂਕ ਕਰਦੀਆਂ ਹਨ, ਉਹ ਸੁਆਲ ਖੜ੍ਹੇ ਕਰਦੇ ਹਨ, ਇਸ ਲਈ ਇਨ੍ਹਾਂ ਨੂੰ ਜ਼ਬਤ ਕਰ ਲਓ ਤੇ ਸੁੱਟ ਦੇਵੋ ਕਬਾੜਖਾਨੇ ਵਿੱਚ।

ਜਿਨ੍ਹਾਂ ਕਿਤਾਬਾਂ 'ਤੇ ਪਾਬੰਦੀ ਲਾਈ ਗਈ ਹੈ, ਉਹ ਦੁਨੀਆ ਦੇ ਨਾਮੀ-ਗਰਾਮੀ ਇਤਿਹਾਸਕਾਰਾਂ, ਰਾਜਨੀਤਕ ਵਿਸ਼ਲੇਸ਼ਕਾਂ, ਵਿਦਵਾਨਾਂ ਤੇ ਮਾਹਰਾਂ ਵੱਲੋਂ ਲਿਖੀਆਂ ਗਈਆਂ ਹਨ, ਜਿਨ੍ਹਾਂ ਨੂੰ ਵਿਸ਼ਵ ਵਿੱਚ ਪੜ੍ਹਿਆ ਜਾ ਰਿਹਾ ਹੈ ਅਤੇ ਜਿਨ੍ਹਾਂ ਨੂੰ ਖੋਜਾਰਥੀ ਸਹਾਇਕ ਸਰੋਤਾਂ ਵਜੋਂ ਵਰਤਦੇ ਹਨ। ਇਨ੍ਹਾਂ ਵਿੱਚ ਏ ਜੀ ਨੂਰਾਨੀ ਦੀ 'ਦਾ ਕਸ਼ਮੀਰ ਡਿਸਪਿਊਟ' (1947-2012) ਵੀ ਹੈ, ਜਿਸ ਨੂੰ ਚੇਨਈ ਦੀ ਪਬਲੀਕੇਸ਼ਨ ਤੂਲਿਕਾ ਬੁਕਸ ਨੇ ਛਾਪਿਆ ਹੈ। ਏ ਜੀ ਨੂਰਾਨੀ ਬਹੁਤ ਵੱਡੇ ਇਤਿਹਾਸਕਾਰ ਮੰਨੇ ਜਾਂਦੇ ਹਨ ਅਤੇ ਜਿਨ੍ਹਾਂ ਵੱਲੋਂ ਪੇਸ਼ ਸਮੱਗਰੀ ਹਕੀਕੀ ਸਰੋਤਾਂ ਅਤੇ ਪ੍ਰਮਾਣਿਕ ਆਧਾਰਾਂ 'ਤੇ ਹੁੰਦੀ ਹੈ। ਨੂਰਾਨੀ ਸੰਵਿਧਾਨਕ ਮਾਹਰ ਦੇ ਤੌਰ 'ਤੇ ਸਥਾਪਕ ਇਤਿਹਾਸਕਾਰ ਹਨ।

ਵਿਸ਼ਵ ਪ੍ਰਸਿੱਧ ਇਤਿਹਾਸਕਾਰ ਪਿਓਤਰ ਬਲਾਸੇਰੋਵਿਜ ਨੇ ਕਸ਼ਮੀਰ ਸੰਬੰਧੀ ਤਿੰਨ ਕਿਤਾਬਾਂ ਲਿਖੀਆਂ ਹਨ। ਉਹ ਨਿੱਠ ਕੇ ਕੰਮ ਕਰਨ ਵਾਲੇ ਲੇਖਕ ਹਨ। ਉਨ੍ਹਾਂ ਦੀਆਂ ਦੋ ਕਿਤਾਬਾਂ (1) ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ (2022) (2) ਕਸ਼ਮੀਰ ਵਿੱਚ ਕਾਨੂੰਨ ਤੇ ਸੰਘਰਸ਼ ਦਾ ਹੱਲ (2022) 'ਤੇ ਪਾਬੰਦੀ ਲਾ ਦਿੱਤੀ ਗਈ ਹੈ, ਜਦੋਂ ਕਿ ਤੀਸਰੀ ਕਿਤਾਬ ਭਾਰਤ-ਪਾਕਿਸਤਾਨ ਦੀਆਂ ਨੀਤੀਆਂ ਵਿਚਕਾਰ-ਕਸ਼ਮੀਰ ਨੂੰ ਛੱਡ ਦਿੱਤਾ ਗਿਆ ਹੈ। ਉਹ ਵਾਰਸਾ ਯੂਨੀਵਰਸਿਟੀ 'ਚ ਅਧਿਐਨ ਕਰਦੇ ਸਨ ਅਤੇ ਫਿਰ ਵਾਰਾਨਸੀ ਆ ਕੇ ਭਾਰਤੀ ਦਰਸ਼ਨ, ਦੱਖਣੀ ਏਸ਼ੀਆਈ ਧਰਮਾਂ, ਸੱਭਿਆਚਾਰ, ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਹਿੰਦੀ-ਬੰਗਾਲੀ ਭਾਸ਼ਾਵਾਂ ਦਾ ਅਧਿਐਨ ਕੀਤਾ ਤੇ ਕਸ਼ਮੀਰ ਨੂੰ ਜਾਨਣ ਦੀ ਇੱਛਾ ਨਾਲ ਤਿੰਨ ਵੱਡੇ ਖੋਜ ਗ੍ਰੰਥ ਲਿਖੇ। ਉਹ ਲਿਖਦੇ ਹਨ ਕਿ ਦੁਨੀਆ 'ਚ ਤੇ ਵਿਸ਼ੇਸ਼ ਕਰਕੇ ਕਸ਼ਮੀਰ 'ਚ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ, ਆਜ਼ਾਦੀਆਂ ਵਿੱਚ ਆ ਰਹੀ ਗਿਰਾਵਟ, ਗਰੀਬੀ ਦਾ ਬੋਲਬਾਲਾ, ਆਰਥਿਕ ਅਧਿਕਾਰਾਂ 'ਚ ਪਾੜਾ, ਕੌਮੀ ਤੇ ਧਾਰਮਿਕ ਅੰਧ-ਰਾਸ਼ਟਰਵਾਦ, ਰਾਜ ਵੱਲੋਂ ਜਬਰ, ਤਸ਼ੱਦਦ ਦੀ ਰਾਜਨੀਤੀ, ਇਤਿਹਾਸ ਤੇ ਸੱਭਿਆਚਾਰ 'ਤੇ ਹਮਲੇ, ਸਰਵਜਨਕ ਸੰਵਾਦ 'ਤੇ ਲਗਾਮ, ਸੱਤਵਾਦ ਵੱਲ ਤੇਜ਼ੀ ਨਾਲ ਵਧਣਾ ਇਕ ਅਸਫ਼ਲ ਲੋਕਤੰਤਰ ਦੇ ਲੱਛਣ ਹਨ। ਵਿਦਵਤਾ ਭਰਪੂਰ ਸ਼ੈਲੀ 'ਚ ਲਿਖੀ ਪੁਸਤਕ ਹਕੂਮਤ ਨੂੰ ਪ੍ਰਵਾਨ ਨਹੀਂ। ਇਨ੍ਹਾਂ ਤੋਂ ਇਲਾਵਾ ਡੈਵਿਡ ਡੇਵਦਾਸ ਦੀ ਕਿਤਾਬ-ਇਨ ਸਰਚ ਆਫ਼ ਫਿਊਚਰ, ਸਮਿਤਰਾ ਬੋਸ ਦੀ ਕਨਟੈਸ ਲੈਂਡੇਜ ਅਤੇ ਕਸ਼ਮੀਰ ਐਟ ਦਾ ਕਰਾਸ ਰੋਡ, ਸੰਮਾਕਾਜੀ ਦੀ ਬਿਟਵੀਨ ਡੈਮੋਕਰੇਸੀ ਐਂਡ ਨੇਸ਼ਨ, ਵਿਕਟੋਰੀਆ ਸ਼ੋਚ ਫੀਲਡ ਦੀ-ਕਸ਼ਮੀਰ ਇਨ ਕਨਫਲਿਕਟਸ-ਭਾਰਤ-ਪਾਕਿ ਤੇ ਨਾ ਮੁੱਕਣ ਵਾਲੀ ਜੰਗ, ਕਸ਼ਮੀਰ ਟਾਈਮਜ਼ ਦੀ ਸੰਪਾਦਕ ਅਨੁਰਾਧਾ ਭਸੀਨ ਦੀ ਕਿਤਾਬ 'ਏ ਡਿਸਮੈਨਟਿਡ ਸਟੇਟ' (370 ਪਿੱਛੋਂ ਕਸ਼ਮੀਰ ਦੀ ਅਣਕਹੀ ਕਹਾਣੀ), ਰਾਧਿਕਾ ਗੁਪਤਾ ਦੀ-ਫਰੀਡਮ ਕੈਪਟੇਵਿਟੀ, ਐਕਰ ਜੀਆ ਦੀ ਰਜਿਸਟਿੰਗ ਡਿਸਅਪੀਰਨੈਸ, ਤਾਰਿਕਮਾਰਲੀ ਅਤੇ ਹਿਲਾਲ ਭੱਟ ਦੀ-ਕਸ਼ਮੀਰ, ਬੁਕਰ ਇਨਾਮ ਜੇਤੂ ਲੇਖਿਕਾ ਅਰੁੰਧਤੀ ਰਾਏ ਦੀ ਆਜ਼ਾਦੀ, ਸਜਾਤਾ ਬੋਸ ਤੇ ਆਈਸ਼ਾ ਜਲਾਲ ਵੱਲੋਂ ਸੰਪਾਦਤ ਕਿਤਾਬ-ਕਸ਼ਮੀਰ ਅਤੇ ਸਾਊਥ ਏਸ਼ੀਆ ਦਾ ਭਵਿੱਖ, ਹਫਸਾ ਕੰਜਵਾਲ ਦੀ ਕਿਤਾਬ ਕਲੋਨਾਈਜ਼ਿੰਗ ਕਸ਼ਮੀਰ ਸਟੇਟ ਬਿਲਡਿੰਗ ਅੰਡਰ ਇੰਡੀਅਨ ਆਕੂਪਾਈ, ਡਾ. ਅਬਦੁਲ ਜਬਾਰ ਗੋਖਾਮੀ ਦੀ ਕਸ਼ਮੀਰ ਪੋਲੇਟਿਕਸ ਐਂਡ ਪਲੇਬਿਸਟੋ, ਐਸਰ ਬਦੂਲ ਦੀ ਡੂ ਯੂ ਰਿਮੈਂਬਰ ਕੂਨਾਨ ਪੋਗ ਕਰਿਸਟੋਫਰ ਸਲੇਡਨ ਦੀ ਇੰਡੀਪੈਨਡੈਂਟ ਕਸ਼ਮੀਰ ਆਦਿ ਹਨ।

ਇਹ ਸਾਰੀਆਂ ਕਿਤਾਬਾਂ ਵਿਸ਼ਵ ਦੇ ਪ੍ਰਸਿੱਧ ਨਾਮੀ-ਗਰਾਮੀ ਪਬਲਿਸ਼ਰ ਅਦਾਰਿਆਂ ਵੱਲੋਂ ਛਾਪੀਆਂ ਗਈਆਂ ਹਨ, ਜਿਨ੍ਹਾਂ 'ਚ ਆਕਸਫੋਰਡ ਯੂਨੀਵਰਸਿਟੀ ਪਬਲੀਕੇਸ਼ਨ, ਪੈਂਗੁਅਨ, ਕੈਂਬਰਿਜ, ਵਾਰਸੋ, ਹਾਰਪਰ ਕੋਲਿਨ, ਮੈਕਮਿਲੀਅਨ ਆਦਿ ਆਦਿ। ਇਹ ਕੋਈ ਗੁਪਤ ਸਾਹਿਤ ਨਹੀਂ ਹੈ ਤੇ ਨਾ ਹੀ ਅੱਤਵਾਦ ਦੇ ਪਿਛੋਕੜ ਜਾਂ ਹਮਾਇਤ ਵਜੋਂ ਲਿਖਿਆ ਸਾਹਿਤ ਹੈ। ਕਸ਼ਮੀਰ ਦਾ ਇਤਿਹਾਸ, ਸੱਭਿਆਚਾਰ, ਲੋਕਾਂ ਦਾ ਜੀਵਨ, ਹਕੂਮਤਾਂ ਦੇ ਕਸ਼ਮੀਰ ਪ੍ਰਤੀ ਚੱਲੇ ਆ ਰਹੇ ਰਵੱਈਏ ਅਤੇ 80 ਸਾਲਾਂ ਦੇ ਕਸ਼ਮੀਰ ਵੰਡ ਦੀ ਤ੍ਰਾਸਦੀ ਨਾਲ ਸੰਬੰਧਤ ਹਨ। ਗਵਰਨਰ ਵੱਲੋਂ ਜਾਰੀ ਪੱਤਰ ਵਿੱਚ ਇਹ ਕਿਹਾ ਗਿਆ ਹੈ ਕਿ ਇਹ ਕਸ਼ਮੀਰੀ ਨੌਜਵਾਨਾਂ ਨੂੰ ਅੱਤਵਾਦ ਵੱਲ ਪ੍ਰੇਰਨ ਵਾਲੀਆਂ ਹਨ। ਲੇਖਕ ਡਾਰ ਨੇ ਕਿਹਾ ਹੈ ਕਿ, "ਜੇ ਕੋਈ ਪਾਠ ਸੱਚੀਉਂ ਹੀ ਲੋਕਾਂ ਨੂੰ ਹਿੰਸਾ ਭੜਕਾਉਣ ਲਈ ਪ੍ਰੇਰਿਤ ਕਰਦਾ ਹੈ ਜਾਂ ਅੱਤਵਾਦ ਦਾ ਗੁਣਗਾਨ ਕਰਦਾ ਹੈ ਤਾਂ ਸਰਕਾਰ ਨੂੰ ਉਹ ਆਧਾਰ ਪੇਸ਼ ਕਰਨਾ ਚਾਹੀਦਾ ਹੈ।" ਮਹਿਜ਼ ਦੋਸ਼ ਲਾ ਕੇ ਪਾਬੰਦੀ ਲਾ ਦਿਓ, ਇਹ ਇਕ ਤਰ੍ਹਾਂ ਦੀ ਜ਼ੁਬਾਨਬੰਦੀ ਹੈ। ਜਰਨਲਿਸਟ ਅਨੁਰਾਧਾ ਭਸੀਨ ਜਿਸ ਦੀ ਕਿਤਾਬ ਨੂੰ ਪਾਬੰਦੀਸ਼ੁਦਾ ਕਿਤਾਬਾਂ ਵਿੱਚ ਸ਼ਾਮਲ ਕੀਤਾ ਗਿਆ ਹੈ, ਨੇ ਚੈਲਿੰਜ ਕੀਤਾ ਹੈ ਕਿ, "ਸਰਕਾਰ ਇਕ ਵੀ ਸ਼ਬਦ ਅੱਤਵਾਦ ਦੇ ਗੁਣਗਾਨ ਕਰਨ ਵਾਲਾ ਲੱਭ ਕੇ ਪੇਸ਼ ਤਾਂ ਕਰੇ। ਕੌਮਾਂਤਰੀ ਰਾਜਨੀਤੀ ਦੇ ਮਾਹਰ ਅਤੇ ਲੰਡਨ ਸਕੂਲ ਆਫ਼ ਇਕਨਾਮਿਕ ਜਿਹੜੇ ਇਕ ਪ੍ਰਮਾਣਿਕ ਇਤਿਹਾਸਕਾਰ ਹਨ, ਦੀ ਕਿਤਾਬ-ਕਾਨਟੈਸਟਿਡ ਲੈਂਡ ਐਂਡ ਕਸ਼ਮੀਰ ਐਟ ਦਾ ਕਰਾਸਰੋਡ ਦੁਨੀਆ ਵਿੱਚ ਹਵਾਲਾ ਪੁਸਤਕ ਦੇ ਤੌਰ 'ਤੇ ਪ੍ਰਵਾਨ ਕੀਤੀ ਜਾਂਦੀ ਹੈ।

ਪਾਬੰਦੀ ਲਾਉਣ ਤੋਂ ਅਗਲੇਰੇ ਦਿਨ ਹੀ ਜੰਮੂ ਕਸ਼ਮੀਰ ਦੀ ਪੁਲਸ ਹਰਕਤ ਵਿੱਚ ਆ ਗਈ ਅਤੇ ਕਈ ਸ਼ਹਿਰਾਂ ਦੀਆਂ ਕਿਤਾਬਾਂ ਦੀਆਂ ਦੁਕਾਨਾਂ ਦੀ ਫਰੋਲਾਫਾਲੀ ਸ਼ੁਰੂ ਕਰ ਦਿੱਤੀ। ਸ੍ਰੀਨਗਰ 'ਚ ਚਿਨਾਰ ਪੁਸਤਕ ਮੇਲਾ ਚੱਲ ਰਿਹਾ ਹੈ। 9 ਦਿਨ ਚੱਲਣ ਵਾਲੇ ਇਸ ਮੇਲੇ ਦਾ ਉਦਘਾਟਨ ਲੈਫ. ਗਵਰਨਰ ਨੇ ਹੀ ਕੀਤਾ ਹੈ। 200 ਤੋਂ ਵੱਧ ਪੁਸਤਕ ਪ੍ਰਕਾਸ਼ਕਾਂ ਨੇ ਸਟਾਲ ਲਾਏ ਹਨ। ਪੁਲਸ ਨੇ ਸਭ ਦੀ ਤਲਾਸ਼ੀ ਲਈ ਅਤੇ ਇਹ ਕਿਤਾਬਾਂ ਚੁੱਕ ਲਈਆਂ। ਮੁੱਖ ਮੰਤਰੀ ਅਬਦੁੱਲਾ ਨੂੰ ਕਹਿਣਾ ਪਿਆ ਕਿ ਉਸ ਦੀ ਸਰਕਾਰ ਨੇ ਕਿਤਾਬਾਂ 'ਤੇ ਪਾਬੰਦੀ ਨਹੀਂ ਲਾਈ, "ਇਹ ਗਵਰਨਰ ਦੇ ਆਦੇਸ਼ ਹਨ।" ਪੀਪਲਜ਼ ਡੈਮੋਕਰੇਟਿਕ ਪਾਰਟੀ ਦੀ ਸਾਬਕਾ ਮੰਤਰੀ ਤੇ ਆਗੂ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ, "ਸੈਂਸਰਸ਼ਿਪ ਵਿਚਾਰਾਂ ਨੂੰ ਦਬਾਉਂਦੀ ਨਹੀਂ, ਸਗੋਂ ਗੂੰਜ ਨੂੰ ਵਧਾਉਂਦੀ ਹੈ।"

ਜਦੋਂ ਹਾਕਮ ਜਬਰ, ਤਸ਼ੱਦਦ, ਡਰ ਤੇ ਹਿੰਸਾ ਦੇ ਹਥਿਆਰ ਨਾਲ ਰਾਜ ਕਰਦੇ ਹਨ ਤਾਂ ਉਨ੍ਹਾਂ ਨੂੰ ਲੇਖਕ, ਕਲਾ, ਸਾਹਿਤ, ਕਿਤਾਬਾਂ ਸਭ ਤੋਂ ਵੱਧ ਭੈਅ-ਭੀਤ ਕਰਦੀਆਂ ਹਨ, ਇਹ ਕੋਈ ਨਵਾਂ ਵਰਤਾਰਾ ਨਹੀਂ।

ਜਰਮਨ ਦੇ ਕਵੀ ਹੈਨਰਿਖ ਹੇਨ ਨੇ ਉਸ ਸਮੇਂ ਜਦੋਂ ਹਾਕਮਾਂ ਨੇ ਕਿਤਾਬਾਂ ਨੂੰ ਸਾੜਿਆ ਸੀ ਤਾਂ ਕਿਹਾ ਸੀ, "ਜਿਹੜੇ ਅੱਜ ਕਿਤਾਬਾਂ ਸਾੜ ਰਹੇ ਹਨ, ਕੱਲ੍ਹ ਨੂੰ ਇਨਸਾਨਾਂ ਨੂੰ ਵੀ ਸਾੜਨਗੇ।"

ਯਾਦ ਹੋਵੇਗਾ 10 ਮਈ 1933 ਦੇ ਨਾਜ਼ੀਆਂ ਦਾ ਉਹ ਆਦੇਸ਼ ਜਿਸ ਵਿੱਚ ਨਾਜ਼ੀਆਂ ਨੇ ਜਰਮਨ ਵਿੱਚ, ਆਈਨਸਟਾਈਨ, ਬ੍ਰੈਖਤ, ਸਿਗਮੰਡ ਫਰਾਇਡ, ਫਰਾਂਜ਼ ਕਾਫਕਾ, ਕਾਰਲ ਮਾਰਕਸ, ਰੋਮਾ ਰੋਲਾ, ਹੈਮਿੰਗਵੇ, ਜੈਕ ਲੰਡਨ ਤੇ ਹੋਰਾਂ ਸੈਂਕੜੇ ਲੇਖਕਾਂ ਦੀਆਂ ਕਿਤਾਬਾਂ 'ਤੇ ਪਾਬੰਦੀ ਲਾ ਦਿੱਤੀ ਸੀ ਅਤੇ ਇਨ੍ਹਾਂ ਦੀਆਂ ਕਿਤਾਬਾਂ ਨੂੰ ਥਾਂ ਪੁਰ ਥਾਂ ਸਾੜਿਆ ਸੀ। ਇਹੋ ਕਿਹਾ ਗਿਆ ਸੀ ਕਿ ਇਹ ਕਿਤਾਬਾਂ ਜਰਮਨੀ ਦੇ ਨੌਜਵਾਨਾਂ ਨੂੰ ਗੁੰਮਰਾਹ ਕਰਦੀਆਂ ਹਨ।

ਸਮਾਜ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਹੱਲ ਲੱਭਣ ਲਈ ਜਿਸ ਗਹਿਰੇ ਅਧਿਐਨ ਦੀ ਲੋੜ ਹੁੰਦੀ ਹੈ, ਉਸ ਦੀਆਂ ਵਾਹਕ ਕਿਤਾਬਾਂ ਹੀ ਤਾਂ ਹਨ। ਸੱਚ ਦੀ ਖੋਜ ਲਈ ਕਈ ਦਸਤਾਵੇਜ਼ਾਂ ਵਿੱਚੋਂ ਦੀ ਲੰਘਣਾ ਪੈਂਦਾ ਹੈ। ਗਹਿਰਾ ਅਧਿਐਨ, ਚਰਚਾ, ਸੰਵਾਦ ਤੇ ਵਾਦ-ਵਿਵਾਦ ਹੀ ਤੁਹਾਨੂੰ ਕਿਸੇ ਠੋਸ ਹੱਲ ਵੱਲ ਲਿਜਾਣ ਦਾ ਰਾਹ ਦਿਖਾਉਂਦੇ ਹਨ। ਜਿਹੜਾ ਦੇਸ਼ ਗਿਆਨ ਦੇ ਸੋਮਿਆਂ 'ਤੇ ਪਾਬੰਦੀ ਲਾਉਂਦਾ ਹੈ, ਗਿਆਨ ਨੂੰ ਸਾੜ ਦਿੰਦਾ ਹੈ, ਉਹ ਸਮੱਸਿਆਵਾਂ ਦੇ ਹੱਲ ਤੱਕ ਪਹੁੰਚਣ ਤੋਂ ਬਹੁਤ ਪਿੱਛੇ ਭਟਕ ਜਾਂਦਾ ਹੈ ਅਤੇ ਨਵੀਆਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ।

ਕਸ਼ਮੀਰ ਦੇਸ਼ ਦੀ ਜਲਵੰਤ ਸਮੱਸਿਆ ਹੈ, ਇਸ ਦਾ ਹੱਲ ਜਿਵੇਂ ਕਸ਼ਮੀਰਨਾਮਾ ਕਿਤਾਬ ਦੇ ਆਖਰੀ ਵਾਕ 'ਚ ਕਿਹਾ ਗਿਆ ਹੈ-ਕਸ਼ਮੀਰ ਲਈ ਡਿਵੈਲਪਮੈਂਟ, ਡੈਮੋਕਰੇਸੀ, ਡਾਇਲਾਗ ਵਿੱਚ ਹੈ।

ਪਰ ਭਾਜਪਾ ਲਈ ਕਸ਼ਮੀਰ ਕੋਲ ਸਿਰਫ਼ ਬੂਟ ਹੈ ਜਾਂ ਬੰਦੂਕ, ਵੈਸੇ ਵੀ ਭਾਜਪਾ ਤੇ ਸੰਘ, ਲੋਕਾਂ ਨੂੰ ਉਨ੍ਹਾ ਦੇ ਇਤਿਹਾਸ, ਸੱਭਿਆਚਾਰ, ਭਾਸ਼ਾ, ਸੰਸਕ੍ਰਿਤੀ, ਧਰਮ ਤੋਂ ਵਾਂਝਿਆਂ ਕਰਨ ਦੇ ਰਾਹ ਪਏ ਹੋਏ ਹਨ। ਕਿਤਾਬਾਂ ਉੱਤੇ ਪਾਬੰਦੀ ਲਾਉਣੀ ਭਾਜਪਾ ਦੀ ਉਸੇ ਨੀਤੀ ਦਾ ਹਿੱਸਾ ਹੈ। ਗਵਰਨਰ ਨੇ ਚੁਣੀ ਹੋਈ ਰਾਜ ਸਰਕਾਰ ਦੇ ਅਧਿਕਾਰਾਂ ਦੀ ਵੀ ਉਲੰਘਣਾ ਕੀਤੀ ਹੈ। ਇਹ ਪਾਬੰਦੀ ਅੱਜ ਕਸ਼ਮੀਰ ਵਿੱਚ ਹੈ, ਕੱਲ੍ਹ ਦੇਸ਼ ਵਿੱਚ ਵੀ ਲਾਗੂ ਹੋਵੇਗੀ। ਇਸ ਦੀ ਮਾਰ ਹੇਠ ਸਿਰਫ਼ ਇਤਿਹਾਸ ਹੀ ਨਹੀਂ, ਫਿਲਾਸਫੀ ਤੇ ਅਰਥ ਸ਼ਾਸਤਰ, ਰਾਜਨੀਤਕ ਸ਼ਾਸਤਰ ਦੀਆਂ ਕਿਤਾਬਾਂ ਵੀ ਆਉਣਗੀਆਂ। ਭਾਜਪਾ ਇਕ ਦੇਸ਼ ਇੱਕ ਪਾਰਟੀ ਨਹੀਂ, ਇਕ ਦੇਸ਼ ਇੱਕ ਸੰਘੀ ਵਿਚਾਰਧਾਰਾ ਦਾ ਸੰਕਲਪ ਵੀ ਲੁਕੋਈ ਬੈਠੀ ਹੈ। ਉਸ ਲਈ ਹਿੰਦੂਤਵੀ ਵਿਚਾਰਧਾਰਾ ਤੋਂ ਅੱਗੇ ਜਿਹੜੀਆਂ ਵੀ ਵਿਚਾਰਧਾਰਾਵਾਂ ਹਨ, ਹਜ਼ਮ ਨਹੀਂ। ਜੰਮੂ ਕਸ਼ਮੀਰ ਦੇ ਗਵਰਨਰ ਵੱਲੋਂ ਚੁੱਕਿਆ ਇਹ ਕਦਮ ਖ਼ਤਰਨਾਕ ਹੈ। ਇਸ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਗਿਆਨ ਹਾਸਲ ਕਰਨਾ ਵਿਅਕਤੀ ਦੀ ਆਜ਼ਾਦੀ ਦਾ ਪਹਿਲਾ ਤੇ ਬੁਨਿਆਦੀ ਅਧਿਕਾਰ ਹੈ। ਇਸ ਅਧਿਕਾਰ ਦੀ ਰਾਖੀ ਲਈ ਅੱਗੇ ਆਉਣਾ ਪਵੇਗਾ।

ਸੰਪਰਕ : 93544-30211

# ਸਿੱਖਿਆ ਇੱਕ ਨਵਾਂ ਅਧਿਆਇ



ਅਮਨਦੀਪ ਕੌਰ

ਸਿੱਖਿਆ ਜੀਵਨ ਦਾ ਉਹ ਅਨਮੋਲ ਤੋਹਫਾ ਹੈ, ਜੋ ਵਿਅਕਤੀ ਦੇ ਜੀਵਨ ਦੀ ਦਿਸ਼ਾ ਅਤੇ ਦਸ਼ਾ, ਦੋਵਾਂ ਨੂੰ ਬਦਲ ਦਿੰਦਾ ਹੈ । ਸਿੱਖਿਆ ਵਿਅਕਤੀ ਦਾ ਮਹੱਤਵਪੂਰਨ ਹਥਿਆਰ ਹੈ, ਜੋ ਵਿਅਕਤੀ ਵਿੱਚ ਨਵੇਂ ਹੁਨਰ ਪੈਦਾ ਕਰਦੀ ਹੈ । ਸਮੇਂ ਦੇ ਬਦਲਾਵ ਨੇ ਸਿੱਖਿਆ ਨੂੰ ਸਿੱਖਣ ਅਤੇ ਸਿਖਾਉਣ ਦੇ ਢੰਗ ਵੀ ਬਦਲੇ, ਸਿੱਖਿਆ ਕਿਸੇ ਵੀ ਕੌਮ ਦੀ ਤਰੱਕੀ ਅਤੇ ਵਿਕਾਸ ਦਾ ਮੁੱਖ ਆਧਾਰ ਹੁੰਦੀ ਹੈ। ਭਾਰਤ, ਜਿਸ ਨੂੰ ਸਿੱਖਿਆ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਅਪਾਰ ਸੰਭਾਵਨਾਵਾਂ ਵਾਲਾ ਖੇਤਰ ਮੰਨਿਆ ਜਾਂਦਾ ਹੈ, ਅੱਜ ਵੀ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਕਰ ਰਿਹਾ ਹੈ। ਇਹ ਨਵਾਂ ਅਧਿਆਇ ਸਿੱਖਿਆ ਦੇ ਤਰੀਕੇ, ਮਾਪਦੰਡਾਂ ਅਤੇ ਉਪਕਰਣਾਂ ਵਿੱਚ ਨਵੀਨਤਾ ਲਿਆ ਰਿਹਾ ਹੈ। ਸਿੱਖਿਆ ਦੇ ਖੇਤਰ ਵਿੱਚ ਸਰਕਾਰ ਦਾ ਬਹੁਤ ਹੀ ਮਹੱਤਵਪੂਰਨ ਯੋਗਦਾਨ ਹੁੰਦਾ ਹੈ।

ਸਰਕਾਰ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਕਈ ਯੋਜਨਾਵਾਂ ਅਤੇ ਨੀਤੀਆਂ ਨੂੰ ਵੀ ਲਾਗੂ ਕਰਦੀ ਹੈ, ਜਿਵੇਂ ਕਿ ਸਰਬ ਸਿੱਖਿਆ ਅਭਿਆਨ। ਇਹ ਅਭਿਆਨ ਸਰਕਾਰ ਦਾ ਇੱਕ ਮਹੱਤਵਪੂਰਨ ਯੋਗਦਾਨ ਹੈ, ਜਿਸ ਦਾ ਉਦੇਸ਼ ਮੁੱਢਲੀ ਸਿੱਖਿਆ ਨੂੰ ਅੱਗੇ ਲੈ ਕੇ ਜਾਣਾ ਹੈ, ਇਸ ਅਭਿਆਨ ਵਿੱਚ ਸਰਕਾਰ ਨੇ ਭਾਰਤ ਦੇ ਸੰਵਿਧਾਨ ਵਿੱਚ 86ਵੀਂ ਸੋਧ ਦੇ ਅਨੁਸਾਰ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਵਾਈ । ਇਸ ਅਭਿਆਨ ਦਾ ਮੁੱਖ ਉਪਰਾਲਾ ਹੈ ਕਿ ਸਿੱਖਿਆ ਤੋਂ ਕੋਈ ਵੀ ਬੱਚਾ ਵਾਂਝਾ ਨਾ ਰਹਿ ਜਾਵੇ। ਇਸ ਦੀ ਉਦਾਹਰਣ ਵਜੋਂ ਸਰਕਾਰੀ ਸਕੂਲਾਂ 'ਚ ਵੱਧ ਰਹਿ ਬੱਚਿਆਂ ਦੀ ਗਿਣਤੀ ਅਤੇ ਹੋਰ ਵੀ ਕਈ ਕੰਮ ਹਨ, ਜੋ ਸਕੂਲਾਂ ਵਿਚ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਸਰਕਾਰਾਂ ਕਈ ਸਕਾਲਰਸ਼ਿਪ ਸਕੀਮਾਂ 'ਤੇ ਵੀ ਕੰਮ ਕਰਦੀਆਂ ਹਨ। ਸਰਕਾਰ ਸਿੱਖਿਆ ਵਿਚ ਵਿੱਤੀ ਸਹਾਇਤਾ ਵੀ ਪ੍ਰਦਾਨ ਕਰਦੀ ਹੈ, ਅਧਿਆਪਕਾਂ ਨੂੰ ਸਿਖਲਾਈ ਦਿੰਦੀ ਹੈ ਅਤੇ ਸਿੱਖਿਆ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਕੰਮ ਕਰਦੀ ਹੈ, ਜਿਵੇਂ: ਪ੍ਰੀ-ਪ੍ਰਾਇਮਰੀ, ਪ੍ਰਾਇਮਰੀ ਸਿੱਖਿਆ, ਮਿਡਲ ਅਤੇ ਹਾਈ ਸਿੱਖਿਆ, ਸੀਨੀਅਰ ਸੈਕੰਡਰੀ, ਕਾਲਜ, ਯੂਨੀਵਰਸਿਟੀ ਸੰਸਥਾਵਾਂ, ਤਾਂ ਜੋ ਬੱਚਿਆਂ ਨੂੰ ਸੁਚੱਜੇ ਢੰਗ ਨਾਲ ਸਿੱਖਿਆ ਦਿੱਤੀ ਜਾਂਦੀ ਜਾ ਸਕੇ। ਰਾਸ਼ਟਰੀ ਸਿੱਖਿਆ ਨੀਤੀ, ਜੋ ਭਾਰਤ ਸਰਕਾਰ ਦੁਆਰਾ 29 ਜੁਲਾਈ 2020 ਵਿੱਚ ਘੋਸ਼ਿਤ ਕੀਤੀ ਗਈ, ਇਸ ਨੀਤੀ ਦਾ ਉਦੇਸ਼ ਇੱਕ ਸਿੱਖਿਆ ਦਾ ਉਪਦੇਸ਼ ਬਣਾਉਣਾ ਹੈ, ਜੋ ਭਾਰਤੀ ਮੁੱਲਾਂ 'ਤੇ ਨਿਰਭਰ ਕਰਦਾ ਹੈ ਅਤੇ ਜੋ ਸਾਰੇ ਚੰਗੀਆਂ-ਚੰਗੀਆਂ ਸਿੱਖਿਆਵਾਂ ਦੇਣ ਵਾਲੇ ਭਾਰਤ ਨੂੰ ਵਿਸ਼ਵ ਗਿਆਨ ਮਹਾਂਸ਼ਕਤੀ ਬਣਾਉਣ ਵਿੱਚ ਮਦਦ ਕਰਨਗੇ। ਸਰਕਾਰੀ ਸਿੱਖਿਆ ਨੂੰ ਵਧੀਆ ਬਣਾਉਣ ਲਈ ਕਈ ਕਦਮ ਚੁੱਕੇ ਹਨ, ਜਿਵੇਂ: ਸਮਾਰਟ ਸਕੂਲ ਦੀ ਸ਼ੁਰੂਆਤ, ਵਿਦਿਆਰਥੀਆਂ ਨੂੰ ਲੈਪਟਾਪ ਵੰਡੇ ਗਏ ਅਤੇ ਸਿੱਖਿਆ ਦੀ ਗੁਣਵੱਤਾ ਨੂੰ ਵਧਾਉਣ ਲਈ ਨਿਯਮਿਤ ਤਰੀਕਿਆਂ ਦਾ ਉਪਯੋਗ ।

ਪੁਰਾਤਨ ਪੰਜਾਬ ਵਿੱਚ ਸਿੱਖਿਆ ਦਾ ਪ੍ਰਧਾਨ ਸਰੋਤ ਗੁਰਦੁਆਰੇ ਹੁੰਦੇ ਸਨ। ਇਨ੍ਹਾਂ ਗੁਰਦੁਆਰਾ ਵਿਦਿਆਲਿਆਂ ਵਿੱਚ ਬੱਚਿਆਂ ਨੂੰ ਗੁਰਮੁਖੀ ਲਿਪੀ, ਧਾਰਮਿਕ ਗ੍ਰੰਥਾਂ (ਜਿਵੇਂ ਕਿ ਗੁਰੂ ਗ੍ਰੰਥ ਸਾਹਿਬ), ਗਣਿਤ, ਭਾਸ਼ਾ ਅਤੇ ਨੈਤਿਕ ਮੁੱਲਾਂ ਦੀ ਸਿੱਖਿਆ ਦਿੱਤੀ ਜਾਂਦੀ ਸੀ। ਅੱਜਕੱਲ੍ਹ ਸਿੱਖਿਆ ਸਕੂਲ, ਕਾਲਜ, ਯੂਨੀਵਰਸਿਟੀ ਅਤੇ ਇੰਸਟੀਟਿਊਟ ਸੰਸਥਾਵਾਂ ਨਾਲ ਸਿੱਖਿਆ ਦਿੱਤੀ ਜਾ ਰਹੀ ਹੈ, ਉਥੇ ਦੂਜੇ ਪਾਸੇ ਸਿੱਖਿਆ ਦਾ ਬਦਲਦਾ ਰੂਪ ਆਨਲਾਈਨ ਸਿੱਖਿਆ, ਜਿਸ ਨੇ ਸਿੱਖਿਆ ਵਿੱਚ ਨਵਾਂ ਮੋੜ ਲਿਆਂਦਾ। ਸਿੱਖਿਆ ਪ੍ਰਨਲੀ ਨੂੰ ਉੱਚਾ ਕਰਨ ਵਿੱਚ ਆਨਲਾਈਨ ਸਿੱਖਿਆ ਵੀ ਆਪਣਾ ਯੋਗਦਾਨ ਪਾ ਰਹੀ ਹੈ। ਆਨਲਾਈਨ ਸਿੱਖਿਆ ਪ੍ਰਣਾਲੀ ਵੀ ਸਿੱਖਿਆ ਦੇ ਪਦਰ ਨੂੰ ਉੱਚਾ ਕਰ ਰਹੀ ਹੈ। ਆਧੁਨਿਕ ਯੁੱਗ ਵਿੱਚ ਸਿੱਖਿਆ ਪ੍ਰਣਾਲੀ ਵਿੱਚ ਕਈ ਤਰ੍ਹਾਂ ਦੇ ਬਦਲਾਅ ਆ ਰਹੇ ਹਨ। ਹੁਣ ਦੇ ਸਕੂਲਾਂ ਵਿੱਚ ਪੁਰਾਣੀ ਪਾਠਸ਼ਾਲਾ ਪ੍ਰਣਾਲੀ ਦੀ ਥਾਂ ਨਵੀਆਂ ਤਕਨੀਕਾਂ ਤੇ ਆਧੁਨਿਕ ਪਾਠਕ੍ਰਮ ਲਿਆਂਦੇ ਜਾ ਰਹੇ ਹਨ। ਇਹ ਅੱਪਡੇਟਾਂ ਵਿਦਿਆਰਥੀਆਂ ਦੀ ਸੋਚਣ ਦੀ ਸਮਰੱਥਾ, ਤਕਨੀਕੀ ਗਿਆਨ ਅਤੇ ਆਤਮ-ਨਿਰਭਰਤਾ ਨੂੰ ਵਧਾਉਣ ਵਿੱਚ ਮਦਦਗਾਰ ਸਾਬਤ ਹੋ ਰਹੀਆਂ ਹਨ।

ਅੱਜਕੱਲ੍ਹ ਦੀ ਡਿਜੀਟਲ ਦੁਨੀਆ ਵਿੱਚ ਵਿਦਿਆਰਥੀਆਂ ਲਈ ਪੜ੍ਹਾਈ ਦੇ ਤਰੀਕੇ ਬਹੁਤ ਬਦਲ ਗਏ ਹਨ। ਆਨਲਾਈਨ ਐਪਸ ਇਸ ਬਦਲਾਅ ਵਿੱਚ ਇਕ ਵੱਡਾ ਯੋਗਦਾਨ ਪਾ ਰਹੀਆਂ ਹਨ। ਇਹ ਐਪਸ ਵਿਦਿਆਰਥੀਆਂ ਨੂੰ ਘਰ ਬੈਠਿਆਂ ਹੀ ਉਚ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰ ਰਹੀਆਂ ਹਨ। ਨੌਕਰੀ-ਪੇਸ਼ਾ ਵਿਦਿਆਰਥੀ ਵੀ ਇਸ ਐਪਸ ਦਾ ਲਾਭ ਉਠਾ ਰਹੇ ਹਨ, ਅਜਿਹੇ ਵਿਦਿਆਰਥੀ ਨੌਕਰੀ ਦੇ ਨਾਲ-ਨਾਲ ਆਪਣੀ ਸਿੱਖਿਆ ਦਾ ਲਾਭ ਵੀ ਲੈ ਰਹੇ ਹਨ। ਵਿਦਿਆਰਥੀ ਆਪਣੇ ਸਮੇਂ ਅਨੁਸਾਰ ਪੜ੍ਹ ਸਕਦੇ ਹਨ। । ਇਸ ਦੀ ਜ਼ਿਆਦਾਤਰ ਵਰਤੋਂ ਦੀ ਸ਼ੁਰੂਆਤ ਕੋਵਿਡ-19 ਦੌਰਾਨ ਹੋਈ । ਜਦੋਂ ਸਕੂਲ, ਕਾਲਜ, ਯੂਨੀਵਰਸਿਟੀ ਸੰਸਥਾਵਾਂ ਬੰਦ ਸਨ, ਆਨਲਾਈਨ ਸਿੱਖਿਆ ਨੇ ਹੀ ਸਿੱਖਿਆ ਨੂੰ ਅੱਗੇ ਵਧਾਇਆ ਅਤੇ ਵਿਦਿਆ ਸੰਬੰਧੀ ਵੀਡੀਓਜ਼, ਆਨਲਾਈਨ ਐਪਸ ਦੇ ਜ਼ਰੀਏ ਵਧੀਆ ਢੰਗ ਨਾਲ ਪੜ੍ਹ ਸਕੇ। ਕੋਵਿਡ ਤੋਂ ਬਾਅਦ ਆਨਲਾਈਨ ਲਰਨਿੰਗ ਸਿਸਟਮ ਬਹੁਤ ਵਧ ਗਿਆ ਹੈ, ਜਿਵੇਂ:- ਜ਼ੂਮ, ਗੂਗਲ ਕਲਾਸ ਰੂਮ ਆਦਿ। ਹੁਣ ਕਲਾਸਰੂਮਾਂ ਵਿੱਚ ਸਮਾਰਟ ਬੋਰਡ, ਪ੍ਰੋਜੈਕਟਰ ਅਤੇ ਆਨਲਾਈਨ ਲੈਕਚਰ ਵਰਤੇ ਜਾਂਦੇ ਹਨ। ਵਿਦਿਆਰਥੀਆਂ ਨੂੰ ਤਕਨੀਕੀ, ਵਪਾਰਕ ਅਤੇ ਰੋਜ਼ਗਾਰ ਯੋਗਤਾ ਵਾਲੀਆਂ ਵਿਧਾਵਾਂ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸਕੂਲਾਂ ਵਿੱਚ ਕਾਊਂਸਲਰ, ਮੈਡੀਟੇਸ਼ਨ ਅਤੇ ਯੋਗ ਵਰਗੇ ਕਾਰਜਕ੍ਰਮ ਸ਼ੁਰੂ ਕੀਤੇ ਗਏ ਹਨ।

ਕੁੱਲ ਮਿਲਾ ਕੇ ਇਹ ਕਹਿਣਾ ਸਹੀ ਹੋਵੇਗਾ ਕਿ ਸਿੱਖਿਆ ਦਾ ਖੇਤਰ ਬਹੁਤ ਹੀ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਹੁਣ ਵਿਦਿਆਰਥੀਆਂ ਨੂੰ ਆਪਣੀ ਪਸੰਦ ਦੇ ਵਿਸ਼ਿਆਂ ਦੀ ਚੋਣ ਕਰਨ ਦੀ ਵਿਸ਼ੇਸ਼ ਆਜ਼ਾਦੀ ਮਿਲ ਰਹੀ ਹੈ। ਆਨਲਾਈਨ ਸਿੱਖਿਆ ਵਿੱਚ ਕਈ ਫਾਇਦੇ ਹਨ, ਪਰ ਇਸ ਨਾਲ ਕੁਝ ਚੁਣੌਤੀਆਂ ਵੀ ਹਨ। ਜੇਕਰ ਇਸ ਦਾ ਸਹੀ ਤਰੀਕੇ ਨਾਲ ਉਪਯੋਗ ਕੀਤਾ ਜਾਵੇ ਤਾਂ ਇਹ ਸਿੱਖਿਆ ਪ੍ਰਣਾਲੀ ਵਿੱਚ ਇਨਕਲਾਬ ਲਿਆ ਸਕਦੀ ਹੈ। ਇਸ ਦਾ ਸਹੀ ਤਰੀਕੇ ਨਾਲ ਅਤੇ ਸੰਤੁਲਿਤ ਢੰਗ ਨਾਲ ਉਪਯੋਗ ਕੀਤਾ ਜਾਵੇ। ਭਵਿੱਖ 'ਚ ਇਹ ਰਿਵਾਇਤੀ ਸਿੱਖਿਆ ਦੇ ਨਾਲ ਮਿਲ ਕੇ ਇੱਕ ਮਜ਼ਬੂਤ ਸਿੱਖਿਆ ਪ੍ਰਣਾਲੀ ਦੀ ਰਚਨਾ ਕਰ ਸਕਦੀ ਹੈ।

# ਸੰਪਰਕ : 62395-43925

# ਜੰਗ ਦਾ ਖਿਆਲ ਮਨੁੱਖਤਾ ਦੇ ਖਾਤਮੇ ਵਾਲਾ ਹੁੰਦਾ



ਬਲਵਿੰਦਰ ਸਿੰਘ ਭੁੱਲਰ

ਦੁਨੀਆ ਭਰ ਦੇ ਸੈਂਕੜੇ ਦੇਸ਼ ਅੱਜ ਵਿਕਾਸ ਕਰ ਰਹੇ ਹਨ, ਜਿਸ ਦਾ ਮਕਸਦ ਮਨੁੱਖਤਾ ਦਾ ਭਲਾ ਹੈ। ਵਿਕਾਸ ਕਰਨ ਨਾਲ ਸੁੱਖ-ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ, ਅਨੁਸ਼ਾਸਨ ਕਾਇਮ ਕੀਤਾ ਜਾਂਦਾ ਹੈ, ਚੰਗੀ ਸਿੱਖਿਆ ਦਿੱਤੀ ਜਾਂਦੀ ਹੈ, ਰੁਜ਼ਗਾਰ ਦਿੱਤਾ ਜਾਂਦਾ ਹੈ। ਇਹੋ ਇੱਕ ਵਿਕਾਸਸ਼ੀਲ ਦੇਸ਼ ਦੀ ਨਿਸ਼ਾਨੀ ਹੈ, ਜਿਸ ਨਾਲ ਮਨੁੱਖਤਾ ਸ਼ਾਂਤੀ ਨਾਲ ਆਪਣਾ ਚੰਗਾ ਜੀਵਨ ਬਤੀਤ ਕਰਦੀ ਹੈ ਅਤੇ ਆਪਣੇ ਸਹਿਯੋਗੀ ਜੀਵ-ਜੰਤੂਆਂ, ਪੌਦਿਆਂ ਦੀ ਰਾਖੀ ਕਰਕੇ ਵਾਤਾਵਰਣ ਦੀ ਸ਼ੁੱਧਤਾ ਲਈ ਯਤਨਸ਼ੀਲ ਰਹਿੰਦੀ ਹੈ। ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਦੀ ਸੋਚ ਦੁਨੀਆ ਨਾਲੋਂ ਵੱਖਰੀ ਹੈ, ਉਸ ਨੂੰ ਨਾ ਮਨੁੱਖਤਾ ਦੀ ਭਲਾਈ ਲਈ ਕੋਈ ਚਿੰਤਾ ਹੈ ਅਤੇ ਨਾ ਹੀ ਵਾਤਾਵਰਣ ਦੀ। ਬਲਕਿ ਉਹ ਹਮੇਸ਼ਾ ਮਨੁੱਖਤਾ ਦਾ ਘਾਣ ਕਰਨ ਲਈ ਹੀ ਸੋਚਦਾ ਰਹਿੰਦਾ ਹੈ। ਇਸ ਦੀ ਤਾਜ਼ਾ ਉਦਾਹਰਣ ਬੀਤੇ ਦਿਨ ਅਮਰੀਕਾ ਵਿਖੇ ਪਾਕਿਸਤਾਨ ਦੇ ਫੌਜ ਮੁਖੀ ਮਾਰਸ਼ਲ ਆਸਿਮ ਮੁਨੀਰ ਦੇ ਬਿਆਨ ਤੋਂ ਸਪੱਸ਼ਟ ਹੁੰਦੀ ਹੈ।

ਆਪਣੇ ਅਮਰੀਕਾ ਦੌਰੇ ਦੌਰਾਨ ਮਾਰਸ਼ਲ ਮੁਨੀਰ ਫਲੋਰੀਡਾ ਰਾਜ ਦੇ ਸ਼ਹਿਰ ਟੈਂਪਾ ਵਿਖੇ ਇੱਕ ਪਾਕਿਸਤਾਨੀ ਨਾਗਰਿਕ ਵੱਲੋਂ ਕਰਵਾਏ ਪ੍ਰੋਗਰਾਮ ਵਿੱਚ ਭਾਸ਼ਣ ਕਰ ਰਹੇ ਸਨ। ਉਹਨਾਂ ਭਾਸ਼ਣ ਕਰਦਿਆਂ ਕਿਹਾ ਕਿ ਜੇ ਅਸੀਂ ਤਬਾਹ ਹੋਏ ਤਾਂ ਅੱਧੀ ਦੁਨੀਆ ਨੂੰ ਲੈ ਕੇ ਜਾਵਾਂਗੇ। ਇਸੇ ਦੌਰਾਨ ਉਸ ਨੇ ਕਿਹਾ ਕਿ ਜਲ ਸੰਧੀ ਭਾਰਤ ਵੱਲੋਂ ਮੁਅੱਤਲ ਕਰਕੇ ਡੈਮ ਬਣਾਉਣ ਦੀ ਸਕੀਮ ਹੈ, ਜਿਸ ਨੂੰ ਅਸੀਂ ਉਡੀਕ ਰਹੇ ਹਾਂ। ਜਦ ਇਹ ਡੈਮ ਬਣ ਗਿਆ ਤਾਂ ਅਸੀਂ ਦਸ ਮਿਜ਼ਾਇਲਾਂ ਨਾਲ ਉਸ ਨੂੰ ਤਬਾਹ ਕਰ ਦੇਵਾਂਗੇ। ਮੁਨੀਰ ਦੇ ਇਸ ਬਿਆਨ ਤੋਂ ਪਾਕਿਸਤਾਨ ਦੀ ਸੋਚ ਪਰਤੱਖ ਹੁੰਦੀ ਹੈ, ਜਿਸ ਵਿੱਚ ਡਰ ਵੀ ਝਲਕਦਾ ਹੈ ਅਤੇ ਉਸ ਵਿੱਚੋਂ ਹੰਕਾਰ ਦੀ ਬੋਅ ਵੀ ਆਉਂਦੀ ਹੈ। ਉਸ ਨੂੰ ਸ਼ਾਇਦ ਇਹ ਸਮਝ ਨਹੀਂ ਕਿ ਜ਼ਰੂਰੀ ਨਹੀਂ ਹੰਕਾਰ ਤੇ ਗੁੱਸੇ ਦਾ ਸੇਕ ਪਹਿਲਾਂ ਦੁਸ਼ਮਣ ਨੂੰ ਹੀ ਭਸਮ ਕਰੇ, ਅਜਿਹਾ ਸੇਕ ਸਭ ਤੋਂ ਪਹਿਲਾਂ ਖ਼ੁਦ ਨੂੰ ਹੀ ਸਾੜ ਕੇ ਸੁਆਹ ਕਰ ਦਿੰਦਾ ਹੈ।

ਮੁਨੀਰ ਇਹ ਬਿਆਨ ਆਪਣੇ ਦੇਸ਼ ਦੇ ਪ੍ਰਮਾਣੂ ਬੰਬਾਂ ਦੀ ਹੋਂਦ ਦੇ ਹੰਕਾਰ ਵਿੱਚ ਦੇ ਰਿਹਾ ਹੈ। ਉਸ ਨੂੰ ਸਮਝਣਾ ਚਾਹੀਦਾ ਹੈ ਕਿ ਫੌਜ ਤੇ ਹਥਿਆਰਾਂ 'ਤੇ ਵਿਸ਼ਵਾਸ ਕਰਨਾ ਇੱਕ ਬਹੁਤ ਵੱਡਾ ਰੋਗ ਹੈ, ਜਿਸ ਨੇ ਦੁਨੀਆ ਭਰ ਨੂੰ ਨੁਕਸਾਨ ਪਹੁੰਚਾਇਆ ਹੈ। ਸੰਸਾਰ ਦੀ ਸ਼ਾਂਤੀ ਭੰਗ ਕੀਤੀ ਹੈ ਤੇ ਮਨੁੱਖਤਾ ਦਾ ਘਾਣ ਕੀਤਾ ਹੈ। ਉਸ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਮਾਣੂ ਬੰਬ ਕੇਵਲ ਪਾਕਿਸਤਾਨ ਕੋਲ ਹੀ ਨਹੀਂ, ਬਲਕਿ ਭਾਰਤ ਕੋਲ ਤਾਂ ਉਸ ਤੋਂ ਵੱਧ ਤੇ ਸ਼ਕਤੀਸ਼ਾਲੀ ਬੰਬ ਹੋ ਸਕਦੇ ਹਨ। ਭਾਰਤ ਕੋਈ ਖਾਲੀ ਹੱਥ ਨਹੀਂ ਬੈਠਾ ਪਾਕਿਸਤਾਨ ਦੇ ਮੂੰਹ ਵੱਲ ਨਹੀਂ ਵੇਖ ਰਿਹਾ। ਭਾਰਤ ਸ਼ਾਂਤੀ ਚਾਹੁੰਦਾ ਹੈ ਅਤੇ ਮਨੁੱਖਤਾ ਤੇ ਵਾਤਾਵਰਣ ਦੇ ਭਲੇ ਲਈ ਕੰਮ ਕਰਨਾ ਚਾਹੁੰਦਾ ਹੈ, ਪਰ ਜੇ ਦੁਸ਼ਮਣ ਉਸ ਵੱਲ ਅੱਖ ਚੁੱਕ ਕੇ ਵੇਖੇ ਤਾਂ ਉਹ ਅੱਖ ਕੱਢਣ ਵੀ ਜਾਣਦਾ ਹੈ, ਜੇ ਉਂਗਲ ਕਰੇ ਤਾਂ ਉਂਗਲ ਵੱਢਣੀ ਵੀ ਜਾਣਦਾ ਹੈ। ਪਰ ਭਾਰਤ ਸਮਝਦਾ ਹੈ ਕਿ ਜੰਗ ਦਾ ਸੁਆਲ ਮੂਰਖਤਾ ਭਰਿਆ ਤੇ ਮਨੁੱਖਤਾ ਦੇ ਖਾਤਮੇ ਵਾਲਾ ਹੁੰਦਾ ਹੈ, ਜਦ ਕਿ ਅਮਨ ਸ਼ਾਂਤੀ ਦਾ ਸੁਆਲ ਮਾਨਵਤਾ ਦੇ ਭਲੇ ਲਈ।

ਪਾਕਿਸਤਾਨੀ ਮਾਰਸ਼ਲ ਮੁਨੀਰ ਨੇ ਭਾਰਤ ਵੱਲੋਂ ਬਣਾਏ ਜਾਣ ਵਾਲੇ ਡੈਮ ਨੂੰ ਮਿਜ਼ਾਇਲਾਂ ਨਾਲ ਤਬਾਹ ਕਰਨ ਦਾ ਲਲਕਾਰਾ ਮਾਰਿਆ ਹੈ। ਪਾਕਿਸਤਾਨ ਨੇ ਮਿਜ਼ਾਇਲਾਂ ਤਾਂ ਕੁੱਝ ਮਹੀਨੇ ਪਹਿਲਾਂ ਵੀ ਚਲਾਈਆਂ ਸਨ, ਜਦੋਂ ਭਾਰਤ ਨੇ ਅਪਰੇਸ਼ਨ ਸਿੰਧੂਰ ਨਾਲ ਉਹਨਾਂ ਦਾ ਜਵਾਬ ਦਿੱਤਾ ਸੀ। ਮਿਜ਼ਾਇਲਾਂ ਨੂੰ ਹਵਾ ਵਿੱਚ ਹੀ ਤਬਾਹ ਕਰਦਿਆਂ ਜਦੋਂ ਭਾਰਤ ਨੇ ਦੋ ਹੱਥ ਵਿਖਾਏ ਤਾਂ ਚਾਰ ਦਿਨਾਂ ਵਿੱਚ ਹੀ ਪਾਕਿਸਤਾਨ ਗੋਡਿਆਂ ਭਾਰ ਹੋ ਗਿਆ ਸੀ ਤੇ ਮਿੰਨਤਾਂ ਕਰਨ 'ਤੇ ਉੱਤਰ ਆਇਆ ਸੀ। ਮੁਨੀਰ ਨੂੰ ਨਹੀਂ ਪਤਾ ਕਿ ਭਾਰਤ ਜੰਗ ਲੜਨ ਦੇ ਸਮਰੱਥ ਹੈ ਅਤੇ ਅਪਰੇਸ਼ਨ ਸਿੰਧੂਰ ਸਮੇਂ ਵੀ ਲੰਬੀ ਲੜਾਈ ਸਮਝ ਕੇ ਸੰਘਰਸ਼ ਵਿੱਢਿਆ ਸੀ, ਪਰ ਜਦ ਪਾਕਿਸਤਾਨ ਫੌਜ ਦੇ ਨੱਕ ਵਿੱਚ ਦਮ ਕਰ ਦਿੱਤਾ ਅਤੇ ਉਹ ਸੀਜ਼ ਫਾਇਰ ਲਈ ਕਹਿਣ ਲੱਗੇ ਤਾਂ ਭਾਰਤ ਨੇ ਮਨੁੱਖਤਾ ਦੇ ਭਲੇ ਲਈ 'ਹਾਂ' ਕੀਤੀ ਸੀ। ਇਹ ਲੋਕ ਚਾਹੇ ਪਾਕਿਸਤਾਨ ਦੇ ਸਨ, ਪਰ ਅਕਸਰ ਮਨੁੱਖ ਸਨ, ਜਿਹਨਾਂ ਨੂੰ ਮਾਰ ਮੁਕਾਉਣਾ ਭਾਰਤ ਸ਼ੌਕ ਨਹੀਂ ਸਮਝਦਾ ਸੀ ਅਤੇ ਘਾਣ ਨਹੀਂ ਕਰਨਾ ਚਾਹੁੰਦਾ ਸੀ।

ਦੁਨੀਆ ਦੇ ਮਹਾਨ ਫਿਲਾਸਫਰ ਰਸੂਲ ਹਮਜ਼ਾਤੋਵ ਨੇ ਕਿਹਾ ਕਿ ਸਿਆਣੇ ਦੇ ਹੱਥਾਂ ਵਿੱਚ ਸੱਪ ਦੀ ਜ਼ਹਿਰ ਵੀ ਭਲਾ ਕਰ ਸਕਦੀ ਹੈ ਅਤੇ ਮੂਰਖ ਦੇ ਹੱਥਾਂ ਵਿੱਚ ਸ਼ਹਿਦ ਵੀ ਨੁਕਸਾਨ ਕਰ ਸਕਦਾ ਹੈ। ਮੁਨੀਰ ਦੇ ਬਿਆਨ ਦੇ ਸੰਦਰਭ ਵਿੱਚ ਹਮਜ਼ਾਤੋਵ ਦਾ ਵਿਚਾਰ ਅੱਜ ਵੀ ਖ਼ਰਾ ਵਿਖਾਈ ਦਿੰਦਾ ਹੈ, ਪਾਕਿਸਤਾਨ ਦੇ ਹੱਥਾਂ ਵਿੱਚ ਪਿਆ ਪ੍ਰਮਾਣੂ ਮਨੁੱਖਤਾ ਦੇ ਘਾਣ ਵੱਲ ਸੇਧਤ ਹੈ ਅਤੇ ਭਾਰਤ ਕੋਲ ਪਿਆ ਪ੍ਰਮਾਣੂ ਵਿਕਾਸ ਵੱਲ ਸੇਧਤ ਹੈ। ਮਨੁੱਖਤਾ ਦਾ ਅਸਲੀ ਰੂਪ ਸ਼ਾਂਤਮਈ ਹਿਰਦੇ ਵਿੱਚ ਹੈ, ਅਸ਼ਾਂਤੀ ਵਿੱਚ ਨਹੀਂ। ਭਾਰਤ ਅੱਜ ਦੁਨੀਆ ਦੀ ਬਹੁਤ ਵੱਡੀ ਸ਼ਕਤੀ ਬਣ ਚੁੱਕਾ ਹੈ, ਪਰ ਉਹ ਹੰਕਾਰ ਦੀ ਬਜਾਏ ਮਨੁੱਖਤਾ ਪ੍ਰਤੀ ਹਮਦਰਦੀ ਤੇ ਸ਼ਾਂਤੀ ਲਈ ਕਾਰਜ ਕਰ ਰਿਹਾ ਹੈ। ਪਰ ਜੇ ਪਾਕਿਸਤਾਨ ਸਮਝੇ ਕਿ ਭਾਰਤ ਡਰ ਜਾਵੇਗਾ, ਇਹ ਉਸ ਦਾ ਭੁਲੇਖਾ ਹੈ।

ਮਾਰਸ਼ਲ ਮੁਨੀਰ ਦਾ ਅੱਧੀ ਦੁਨੀਆ ਖਤਮ ਕਰਨ ਦਾ ਅਰਥ ਹੈ ਪ੍ਰਮਾਣੂ ਬੰਬਾਂ ਨਾਲ ਮਨੁੱਖਤਾ ਦਾ ਘਾਣ ਕਰਨਾ। ਜੇ ਅਜਿਹਾ ਘਾਣ ਹੋਵੇਗਾ ਤਾਂ ਪਾਕਿਸਤਾਨ ਦੇ ਲੋਕ ਪਹਿਲਾਂ ਮੌਤ ਦੇ ਸ਼ਿਕਾਰ ਹੋਣਗੇ। ਇਸ ਲਈ ਪਾਕਿਸਤਾਨ ਦੀ ਜਨਤਾ ਨੂੰ ਸਮਝਣਾ ਚਾਹੀਦਾ ਹੈ ਕਿ ਪਾਕਿਸਤਾਨ ਦੀ ਸਰਕਾਰ ਅਤੇ ਫੌਜ ਉੱਥੋਂ ਦੀ ਜਨਤਾ ਨੂੰ ਸੁਖੀ ਜੀਵਨ ਤੇ ਸੁਰੱਖਿਆ ਦੇਣੀ ਚਾਹੁੰਦੀ ਹੈ ਜਾਂ ਖਤਮ ਕਰਨਾ ਚਾਹੁੰਦੀ ਹੈ, ਉਹਨਾਂ ਦੀ ਮਨਸ਼ਾ ਕੀ ਹੈ। ਇਸੇ ਤਰ੍ਹਾਂ ਗੁਆਂਢੀ ਦੇਸ਼ਾਂ ਨੂੰ ਇਸ ਬਿਆਨ 'ਤੇ ਵਿਚਾਰ ਚਰਚਾ ਕਰਨੀ ਚਾਹੀਦੀ ਹੈ ਕਿ ਪਾਕਿਸਤਾਨ ਦਾ ਨਾਲ ਲਗਦੇ ਦੇਸ਼ਾਂ ਪ੍ਰਤੀ ਕੀ ਨਜ਼ਰੀਆ ਹੈ। ਇਹਨਾਂ ਦੇਸ਼ਾਂ ਵੱਲੋਂ ਮੁਨੀਰ ਦੇ ਬਿਆਨ ਦਾ ਮੂੰਹ ਤੋੜਵਾਂ ਜੁਆਬ ਦੇ ਕੇ ਪਾਕਿਸਤਾਨ ਦੀ ਸੋਚ ਨੂੰ ਦੁਨੀਆ ਸਾਹਮਣੇ ਪ੍ਰਤੱਖ ਕਰਨਾ ਚਾਹੀਦਾ ਹੈ ਅਤੇ ਮਨੁੱਖਤਾ ਦੀ ਸੁਰੱਖਿਆ ਤੇ ਭਲਾਈ ਲਈ ਇੱਕਮੁੱਠਤਾ ਦਾ ਮੁਜ਼ਾਹਰਾ ਕਰਨਾ ਚਾਹੀਦਾ ਹੈ।

ਮਾਰਸ਼ਲ ਮੁਨੀਰ ਨੇ ਇਹ ਮਨੁੱਖਤਾ ਦੇ ਖਾਤਮੇ ਵਾਲਾ ਬਿਆਨ ਅਮਰੀਕਾ ਦੀ ਧਰਤੀ 'ਤੇ ਦਿੱਤਾ ਹੈ ਅਤੇ ਬਿਆਨ ਤੋਂ ਬਾਅਦ ਮੁਨੀਰ ਨੇ ਅਮਰੀਕਾ ਦੇ ਫੌਜੀ ਤੇ ਸਿਆਸੀ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ ਹਨ। ਅਮਰੀਕਾ ਦੇ ਸੈਂਟਰਲ ਕਮਾਨ ਦੇ ਕਮਾਂਡਰ ਜਨਰਲ ਮਾਈਕਲ ਟੀ ਕੁਰਿੱਲਾ ਦੇ ਸੇਵਾਮੁਕਤੀ ਸਮਾਗਮ 'ਚ ਵੀ ਭਾਗ ਲਿਆ ਅਤੇ ਨਵੇਂ ਕਮਾਂਡਰ ਐਡਮਿਰਲ ਬਰੈਡ ਕੂਪਰ ਨੂੰ ਵਧਾਈ ਦਿੱਤੀ। ਜੁਆਇੰਟ ਚੀਫ਼ ਆਫ਼ ਸਟਾਫ ਦੇ ਚੇਅਰਮੈਨ ਜਨਰਲ ਡੈਨ ਕੈਨ ਨਾਲ ਵੀ ਵਾਰਤਾ ਕੀਤੀ ਹੈ। ਅਮਰੀਕਾ ਦੀ ਧਰਤੀ 'ਤੇ ਦਿੱਤੇ ਅਜਿਹੇ ਵਿਵਾਦਗ੍ਰਸਤ ਬਿਆਨ ਦਾ ਅਮਰੀਕਨ ਸਰਕਾਰ ਨੂੰ ਨੋਟਿਸ ਲੈਣਾ ਚਾਹੀਦਾ ਹੈ। ਮਨੁੱਖਤਾ ਦੀ ਭਲਾਈ ਅਤੇ ਸੁਰੱਖਿਆ ਨੂੰ ਮੁੱਖ ਰੱਖ ਕੇ ਮਾਰਸ਼ਲ ਮੁਨੀਰ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਪਾਕਿਸਤਾਨ ਨੂੰ ਇਸ ਮਾਮਲੇ ਵਿੱਚ ਸਥਿਤੀ ਸਪੱਸ਼ਟ ਕਰਨ ਲਈ ਦਬਾਅ ਪਾਉਣਾ ਚਾਹੀਦਾ ਹੈ।

# ਸੰਪਰਕ : 098882 75913

# ਸੰਸਾਰ ਪੱਧਰ 'ਤੇ ਸਾਮਰਾਜਵਾਦੀ ਜੰਗਾਂ ਦਾ ਖ਼ਾਤਮਾ ਤੇ ਜਮਾਤੀ ਜੰਗ ਨੂੰ ਭਖਾਉਣਾ ਸਮੇਂ ਦੀ ਅਣਸਰਦੀ ਲੋੜ : ਕਰਮਵੀਰ ਬੱਧਨੀ, ਬੋਹੜ ਬੁੱਟਰ



**ਮੋਗਾ (ਇਕਬਾਲ ਸਿੰਘ ਖਹਿਰਾ)**

ਸਰਬ ਭਾਰਤ ਨੌਜਵਾਨ ਸਭਾ ਵੱਲੋਂ ਦੇਸ਼ ਵਿਆਪੀ ਸੱਦੇ ਉੱਤੇ ਫਲਸਤੀਨ ਨਾਲ ਇੱਕਜੁੱਟਤਾ ਪ੍ਰਗਟ ਕਰਨ, ਗਾਜ਼ਾ ਫਲਸਤੀਨ ਦੇ ਲੋਕਾਂ ਦੇ ਯੋਜਨਾਬੱਧ ਕਤਲੇਆਮ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਸਰਬ ਭਾਰਤ ਨੌਜਵਾਨ ਸਭਾ ਮੋਗਾ ਵੱਲੋਂ ਪ੍ਰਦਰਸ਼ਨ ਕੀਤਾ ਗਿਆ।ਇਸ ਸਮੇਂ ਸਾਰਾ ਭਾਰਤ ਨੌਜਵਾਨ ਸਭਾ ਮੋਗਾ ਦੇ ਕਾਰਕੁਨਾਂ ਵੱਲੋਂ ਮੇਨ ਚੌਕ ਵਿੱਚ ਗਾਜ਼ਾ ਫਲਸਤੀਨ ਦੀਆਂ ਘਟਨਾਵਾਂ ਨੂੰ ਬਿਆਨ ਕਰਦੀ ਇੱਕ ਪ੍ਰਦਰਸ਼ਨੀ ਲੋਕਾਂ ਨਾਲ ਰੂਬਰੂ ਕੀਤੀ ਗਈ।

ਸਰਬ ਭਾਰਤ ਨੌਜਵਾਨ ਸਭਾ ਦੇ ਪੰਜਾਬ ਦੇ ਸੂਬਾ ਪ੍ਰਧਾਨ ਕਰਮਵੀਰ ਬੱਧਨੀ ਤੇ ਜ਼ਿਲ੍ਹਾ ਮੀਤ ਸਕੱਤਰ ਬੋਹੜ ਬੁੱਟਰ ਨੇ ਬੋਲਦਿਆਂ ਕਿਹਾ ਕਿ ਗਾਜ਼ਾ ਵਿੱਚ ਹਸਪਤਾਲਾਂ, ਮਰੀਜ਼ਾਂ, ਛੱਟਾਂ, ਡਾਕਟਰਾਂ ਤੇ ਨਰਸਾਂ ਉੱਤੇ ਇਜ਼ਰਾਈਲ ਬੰਬ ਵਰ੍ਹਾਅ ਰਿਹਾ ਹੈ।ਡਾਕਟਰ ਤੇ ਨਰਸਾਂ ਖੁਰਾਕ ਦੀ ਘਾਟ ਨਾਲ ਅਰਧ ਬੇਹੋਸ਼ੀ ਦੀ ਹਾਲਤ ਵਿੱਚ ਵੀ ਡਿਊਟੀਆਂ ਕਰ ਰਹੇ ਹਨ, ਉਹ ਮਾਨਸਿਕ ਸਦਮਿਆਂ ਦਾ ਸ਼ਿਕਾਰ ਹੋ ਰਹੇ ਹਨ।ਗਾਜ਼ਾ ਵਿੱਚ ਇਲਾਜ ਲਈ ਲੋੜੀਂਦੀਆਂ ਦਵਾਈਆਂ ਤੇ ਹੋਰ ਸਮੱਗਰੀ ਦੀ ਵੱਡੀ ਘਾਟ ਹੈ।ਇਜ਼ਰਾਈਲ ਨੇ ਹੁਣ ਤੱਕ ਫਲਸਤੀਨ ਦੇ 60000 ਲੋਕਾਂ ਦਾ ਕਤਲ ਕਰ ਦਿੱਤਾ ਹੈ, ਮਲਬੇ ਦੇ ਢੇਰਾਂ ਹੇਠ ਦੱਬੇ ਗੁੰਮਨਾਮ ਲੋਕਾਂ ਦਾ ਅਜੇ ਕੋਈ ਰਿਕਾਰਡ ਨਹੀਂ ਹੈ।

ਗਾਜ਼ਾ ਵਿੱਚ ਬੰਬਾਂ ਤੇ ਮਿਜ਼ਾਈਲਾਂ ਤੋਂ ਬਾਅਦ ਹੁਣ ਲੋਕਾਂ ਨੂੰ ਭੁੱਖ ਨਾਲ ਮਾਰਿਆ ਜਾ ਰਿਹਾ ਹੈ, ਪਿਛਲੇ ਪੰਜ ਮਹੀਨਿਆਂ ਤੋਂ 21 ਲੱਖ ਲੋਕਾਂ ਨੂੰ ਭੁੱਖੇ ਰੱਖਿਆ ਜਾ ਰਿਹਾ ਹੈ।ਭੁੱਖ ਨਾਲ ਮਰਨ ਵਾਲਿਆਂ ਦੀ ਗਿਣਤੀ ਹਰ ਰੋਜ਼ ਵੱਧ ਰਹੀ ਹੈ।ਫਲਸਤੀਨ ਵਿੱਚ 20 ਲੱਖ ਲੋਕ ਦਵਾਈਆਂ, ਪਾਣੀ ਤੇ ਭੋਜਨ ਦੀ ਘਾਟ ਨਾਲ ਜੂਝ ਰਹੇ ਹਨ।ਇਜ਼ਰਾਈਲ ਤੇ ਅਮਰੀਕੀ ਗੱਠਜੋੜ 24 ਘੰਟਿਆਂ ਵਿੱਚ 100 ਵਾਰ ਬੰਬਾਰੀ ਕਰਨ ਦੇ ਰਿਕਾਰਡ ਬਣਾ ਰਿਹਾ ਹੈ।ਗਾਜ਼ਾ ਦੇ 80% ਘਰ, 70% ਸਕੂਲ ਯੂਨੀਵਰਸਿਟੀਆਂ ਤੇ 36% ਹਸਪਤਾਲ ਇਜ਼ਰਾਈਲ-ਅਮਰੀਕੀ ਹਮਲਿਆਂ ਵਿੱਚ ਤਬਾਹ ਹੋ ਗਏ ਹਨ।ਇਹ ਅੰਕੜੇ ਅਪ੍ਰੈਲ 2024 ਤੱਕ ਦੇ ਹਨ।ਅਸਲ ਅੰਕੜੇ ਤੇ ਤਸਵੀਰਾਂ ਇੰਟਰਨੈੱਟ ਤੋਂ ਹਟਾਈਆਂ ਜਾ ਰਹੀਆਂ ਹਨ।ਇਜ਼ਰਾਈਲ ਵੱਲੋਂ ਬੱਚਿਆਂ ਦੇ ਇਹ ਵਹਿਸ਼ੀਆਨਾ ਕਤਲਾਂ ਦੀਆਂ ਤਸਵੀਰਾਂ ਬੜੀਆਂ ਭਿਆਨਕ ਹਨ, ਬੱਚਿਆਂ ਲਈ ਬੇਬੀ ਮਿਲਕ ਤੇ ਹੋਰ ਖ਼ੁਰਾਕ ਨੂੰ ਫਲਸਤੀਨ ਪਹੁੰਚਣ ਤੋਂ ਰੋਕ ਦਿੱਤਾ ਗਿਆ ਹੈ।40 ਹਜ਼ਾਰ ਬੱਚਿਆਂ ਸਣੇ 2 ਸਾਲ ਤੋਂ ਹੇਠਲੇ 1 ਲੱਖ ਬੱਚਿਆਂ ਉੱਤੇ ਭੁੱਖ ਨਾਲ ਮਰਨ ਦਾ ਸੰਕਟ ਮੰਡਰਾ ਰਿਹਾ ਹੈ।ਮਾਵਾਂ ਦੁੱਧ ਦੀ ਥਾਂ ਬੱਚਿਆਂ ਨੂੰ ਕੇਵਲ ਪਾਣੀ ਪਿਆਉਣ ਨੂੰ ਮਜਬੂਰ ਹਨ।ਆਗੂਆਂ ਨੇ ਕਿਹਾ ਇਨ੍ਹਾਂ ਸਾਮਰਾਜੀ ਜੰਗਾਂ ਦਾ ਖ਼ਾਤਮਾ ਹੋਣਾ ਚਾਹੀਦਾ ਹੈ।

ਅੱਜ ਸਰਮਾਏਦਾਰ ਮੁਲਕ ਮਨੁੱਖਤਾ ਨੂੰ ਮਲਬਿਆਂ ਹੇਠ ਦੱਬ ਕੇ ਮੁਨਾਫ਼ੇ ਦੇ ਮਹਿਲ ਉਸਾਰ ਰਹੇ ਹਨ। ਇਹ ਜੰਗ ਖ਼ਤਮ ਹੋਣੀ ਚਾਹੀਦੀ ਹੈ ਤੇ ਹਰ ਇੱਕ ਨੂੰ ਰੋਟੀ ਰੋਜ਼ੀ ਦਾ ਜੁਗਾੜ ਕਰਦੀ ਜਮਾਤੀ ਜੰਗ ਤੇਜ਼ ਹੋਣੀ ਚਾਹੀਦੀ ਹੈ।ਇਸ ਸਮੇਂ ਉਨ੍ਹਾਂ ਕਿਹਾ ਕਿ ਅੱਜ ਸਰਬ ਭਾਰਤ ਨੌਜਵਾਨ ਸਭਾ ਨੇ ਦੇਸ਼ ਵਿਆਪੀ ਇਹ ਪ੍ਰਦਰਸ਼ਨ ਕਰਕੇ ਦੁਨੀਆ ਪੱਧਰ 'ਤੇ ਹੋ ਰਹੀਆਂ ਇਨ੍ਹਾਂ ਜੰਗਾਂ ਦੇ ਖ਼ਾਤਮੇ ਖਿਲਾਫ ਇੱਕਜੁੱਟਤਾ ਜ਼ਾਹਰ ਕਰਦਿਆਂ ਸੱਦਾ ਦਿੱਤਾ ਕਿ ਆਓ ਮਨੁੱਖਤਾ ਦੀ ਰਾਖੀ ਲਈ ਇੱਕ ਪਲੇਟਫਾਰਮ 'ਤੇ ਇਕੱਠੇ ਹੋਈਏ ਤੇ ਹਰ ਇੱਕ ਲਈ ਖੁਸ਼ੀਆਂ ਦੀ ਗਰੰਟੀ ਕਰਦੇ ਕਾਨੂੰਨ ਦੁਨੀਆ ਪੱਧਰ 'ਤੇ ਬਣਨ ਤੇ ਮਨੁੱਖਤਾ ਖੁਸ਼ਹਾਲ ਹੋਵੇ, ਲਈ ਲਾਮਬੰਦ ਹੋਈਏ।ਇਸ ਸਮੇਂ ਉਨ੍ਹਾਂ ਨਾਲ ਸਾਰਾ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਲਖਬੀਰ ਸਿੰਘ ਰਾਜੂ, ਜ਼ਿਲ੍ਹਾ ਆਗੂ ਜਸ਼ਨ ਜੋਗਾ ਮਹੇਸਰੀ, ਪ੍ਰੈਸ ਸਕੱਤਰ ਜਸਪ੍ਰੀਤ ਬੱਧਨੀ, ਪ੍ਰਥਾ ਯੋਸ਼ਾ, ਨਵਜੀਤ ਕੌਰ, ਰਾਜਵਿੰਦਰ ਮਹਿਰੋਂ, ਹਰਪ੍ਰੀਤ ਸਿੰਘ, ਸਟੂਡੈਂਟ ਫੈਡਰੇਸ਼ਨ ਦੇ ਜ਼ਿਲ੍ਹਾ ਸਕੱਤਰ ਸਵਰਾਜ ਖੋਸਾ, ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ, ਸਕੱਤਰੇਤ ਮੈਂਬਰ ਨਵਜੋਤ ਬਿਲਾਸਪੁਰ ਆਦਿ ਹਾਜ਼ਰ ਸਨ।

# ਨੁਕਸਾਨੀਆਂ ਫਸਲਾਂ ਦੇ ਮੁਆਵਜ਼ੇ ਲਈ ਏ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਫਾਜ਼ਿਲਕਾ (ਪਰਮਜੀਤ ਢਾਬਾਂ)**-ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਿੰਦਰ ਢੰਡੀਆਂ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ ਦੀ ਅਗਵਾਈ ਵਿੱਚ ਏਡੀਸੀ ਡਾਕਟਰ ਮਨਜੀਤ ਕੌਰ ਨੂੰ ਮੰਗ ਪੱਤਰ ਦਿੱਤਾ ਗਿਆ।ਕਾਮਰੇਡ ਢੰਡੀਆਂ ਤੇ ਕਾਮਰੇਡ ਗੋਲਡਨ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਫ਼ਾਜ਼ਿਲਕਾ ਜ਼ਿਲ੍ਹੇ ਦੇ ਵਿੱਚ ਕਰੀਬ 40-50 ਪਿੰਡਾਂ ਵਿੱਚ ਮੀਂਹ ਦੇ ਪਾਣੀ ਨਾਲ ਹੜ੍ਹ ਆਉਣ ਕਾਰਨ ਫਸਲਾਂ ਦਾ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਨੁਕਸਾਨੀਆਂ ਫਸਲਾਂ ਦਾ ਪ੍ਰਤੀ ਏਕੜ ਮੁਆਵਜ਼ਾ 1 ਲੱਖ ਰੁਪਏ ਦਿੱਤਾ ਜਾਵੇ, ਢਹਿ ਚੁੱਕੇ ਹੋਏ ਘਰਾਂ ਦਾ 2 ਲੱਖ ਰੁਪਏ ਦਾ ਤੁਰੰਤ ਮੁਆਵਜ਼ਾ ਦਿੱਤਾ ਜਾਵੇ।ਆਗੂਆਂ ਨੇ ਕਿਹਾ ਕਿ ਮੀਂਹ ਦੇ ਪਾਣੀ ਨਾਲ ਤਕਰੀਬਨ ਹਰ ਸਾਲ ਇਨ੍ਹਾਂ ਪਿੰਡਾਂ ਦੇ ਵਿੱਚ ਨੁਕਸਾਨ ਹੁੰਦਾ ਰਹਿੰਦਾ ਹੈ।ਇਨ੍ਹਾਂ ਪਿੰਡਾਂ ਦੇ ਪੱਕੇ ਹੱਲ ਲਈ ਵੱਡੇ ਸੇਮ ਨਾਲੇ ਬਣਾ ਕੇ ਮੀਂਹ ਦਾ ਪਾਣੀ ਦਰਿਆ ਵੱਲ ਕੱਢਿਆ ਜਾਵੇ, ਤਾਂ ਜੋ ਇਸ ਤਰ੍ਹਾਂ ਦੀਆਂ ਆਫ਼ਤਾਂ ਤੋਂ ਬਚਿਆ ਜਾ ਸਕੇ।ਇਸ ਮੌਕੇ ਪਹੁੰਚੇ ਛੋਟੇ ਕਿਸਾਨਾਂ ਨੇ ਮੰਗ ਕੀਤੀ ਕਿ ਅਸੇ ਵੀ ਕਈ ਥਾਵਾਂ ਤੋਂ ਹੀ ਪਾਣੀ ਨਾਲ ਕਿਸਾਨਾਂ ਵੱਲੋਂ ਪਾਣੀ ਰੋਕ ਕੇ ਰੱਖਿਆ ਹੋਇਆ ਹੈ, ਜਿਸ ਨਾਲ ਉਨ੍ਹਾਂ ਦੀ ਫਸਲ ਦਾ ਨੁਕਸਾਨ ਹੋ ਰਿਹਾ।ਰੁਕੇ ਹੋਏ ਪਾਣੀ ਨੂੰ ਖੋਲ੍ਹ ਚਲਦਾ ਕੀਤਾ ਜਾਵੇ।ਇਸ ਮੌਕੇ ਸੀ ਪੀ ਆਈ ਦੇ ਬਲਾਕ ਸੰਮਤੀ ਮੈਂਬਰ ਕਾਮਰੇਡ ਸੁਬੇਗ ਝੰਗੜ ਭੈਣੀ, ਕਾਮਰੇਡ ਭਜਨ ਲਾਲ ਫ਼ਾਜ਼ਿਲਕਾ, ਕਾਮਰੇਡ ਗੁਰਦਿਆਲ ਢਾਬਾਂ, ਕਾਮਰੇਡ ਕ੍ਰਿਸ਼ਨ ਧਰਮੂ ਵਾਲਾ, ਕਾਮਰੇਡ ਹਰਭਜਨ ਛੱਪੜੀ ਵਾਲਾ, ਕੁਲਦੀਪ ਬਖੂਸ਼ਾਹ, ਕ੍ਰਿਸ਼ਨ ਰਿਣਵਾਂ ਬਾਰੇ ਕਾ, ਪ੍ਰੇਮ ਗੁਲਾਮ ਰਸੂਲ, ਅਸ਼ੋਕ ਸੋਨੇ ਕਾ ਹਿਠਾੜ, ਹੁਸ਼ਿਆਰ ਕਾਵਾਂ ਵਾਲੀ ਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।



# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸਾਦਿਕ 'ਚ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਫੂਕੇ ਪੁਤਲੇ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸਥਾਨਕ ਸਬ ਤਹਿਸੀਲ ਵਿਖੇ ਇਕੱਠੇ ਹੋ ਕੇ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਪੂਰੀਆਂ ਕਰਨ ਦੀ ਬਜਾਏ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਲੀਡਰਸ਼ਿਪ ਨਾਲ ਗੱਲਬਾਤ ਕਰਨ ਤੋਂ ਭਗੌੜਾ ਹੋ ਚੁੱਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਦੇ ਵਿੱਤ ਮੰਤਰੀ ਤੇ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਵੱਲੋਂ ਵਾਰ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਐਨ ਮੌਕੇ 'ਤੇ ਆ ਕੇ ਮੀਟਿੰਗਾਂ ਮੁਲਤਵੀ ਕਰਨ ਦੇ ਰੋਸ ਵਜੋਂ ਰੈਲੀ ਕੀਤੀ ਗਈ ਅਤੇ ਪੰਜਾਬ ਸਰਕਾਰ ਦੇ ਖਿਲਾਫ ਤਿੱਖੀ ਨਾਹਰੇਬਾਜ਼ੀ ਕਰਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਪੁਤਲੇ ਫੂਕੇ ਗਏ।ਇਸ ਮੌਕੇ ਸੰਬੋਧਨ ਕਰਦੇ ਹੋਏ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਆਗੂ ਚੰਦ ਸਿੰਘ ਡੋਡ, ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਰਵੀਕਿਰਨ ਸਿੰਘ, ਅਸ਼ੋਕ ਸੇਠੀ, ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਪਿਛਲੇ ਲਗਭਗ ਸਾਢੇ ਤਿੰਨ ਸਾਲਾਂ ਤੋਂ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਗਈ ਨਾ-ਪੱਖੀ ਪਹੁੰਚ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਬਹੁਤ ਸਾਰੇ ਮਸਲੇ ਪੈਂਡਿੰਗ ਅਵਸਥਾ ਵਿੱਚ ਪਏ ਹਨ।ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਸਾਢੇ ਪੰਜ ਸਾਲਾਂ ਦਾ ਤਨਖਾਹਾਂ ਤੇ ਪੈਨਸ਼ਨਾਂ ਦਾ ਬਣਦਾ ਬਕਾਇਆ ਯਕਮੁਸ਼ਤ ਤੁਰੰਤ ਜਾਰੀ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ 13 ਫੀਸਦੀ ਚਾਰ ਕਿਸ਼ਤਾਂ ਤੇ ਪਿਛਲੀਆਂ ਕਿਸ਼ਤਾਂ ਦਾ ਰਹਿੰਦਾ ਸਾਰਾ ਬਕਾਇਆ ਤੁਰੰਤ ਦਿੱਤਾ ਜਾਵੇ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਤੁਰੰਤ ਲਾਗੂ ਕੀਤਾ ਜਾਵੇ ਅਤੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਮੰਗ ਪੱਤਰ ਵਿੱਚ ਦਰਜ ਸਮੂਹ ਮੰਗਾਂ ਦਾ ਪੰਜਾਬ ਸਰਕਾਰ ਵੱਲੋਂ ਤੁਰੰਤ ਨਿਪਟਾਰਾ ਕੀਤਾ ਜਾਵੇ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸਾਰੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਨਾ ਕੀਤਾ ਤਾਂ ਲਗਾਤਾਰ ਤਿੱਖੇ ਐਕਸ਼ਨ ਕਰਕੇ ਭਗਵੰਤ ਮਾਨ ਸਰਕਾਰ ਦਾ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਵਤੀਰਾ ਲੋਕਾਂ ਦੀ ਕਚਹਿਰੀ ਵਿੱਚ ਸਮੇਂ ਸਮੇਂ ਜਾ ਕੇ ਨੰਗਾ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਮ ਨਾਥ ਅਰੋੜਾ, ਰਮੇਸ਼ ਕੁਮਾਰ ਕੌਸ਼ਲ, ਰੂਪ ਚੰਦ ਸ਼ਰਮਾ, ਚਰਨਜੀਤ ਸਿੰਘ, ਰੌਸ਼ਨ ਲਾਲ ਤੇ ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਧੂਰੀ ਵਿਕਾਸ ਮੰਚ ਵੱਲੋਂ ਮੈਗਾ ਮੈਡੀਕਲ ਚੈੱਕਅਪ ਕੈਂਪ 31 ਨੂੰ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਧੂਰੀ ਵਿਕਾਸ ਮੰਚ (ਰਜਿ:) ਧੂਰੀ ਵੱਲੋਂ ਗਰੀਨ ਵਾਟਿਕਾ ਹੈਲਥ ਕੇਅਰ ਤੇ ਸ੍ਰੀ ਸਨਾਤਨ ਧਰਮ ਸਭਾ ਧੂਰੀ ਦੇ ਸਹਿਯੋਗ ਨਾਲ ਮੈਗਾ ਮੈਡੀਕਲ ਚੈੱਕਅਪ ਕੈਂਪ 31 ਅਗਸਤ ਨੂੰ ਸ੍ਰੀ ਸਨਾਤਨ ਧਰਮ ਸਭਾ ਚੈਰੀਟੇਬਲ ਹਸਪਤਾਲ ਧੂਰੀ ਵਿਖੇ ਲਗਾਇਆ ਜਾ ਰਿਹਾ ਹੈ। ਸੰਸਥਾ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ ਤੇ ਸਕੱਤਰ ਜਨਰਲ ਹੰਸ ਰਾਜ ਬਜਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਵਿੱਚ ਹੱਡੀਆਂ ਜੋੜਾਂ ਦੇ ਮਾਹਰ ਡਾ. ਅਕਾਸ਼ਦੀਪ ਸਿੰਘ, ਸਰਜਨ ਡਾ. ਰੁਪਿੰਦਰ ਗਰਗ, ਛਾਤੀ ਤੇ ਟੀ ਬੀ ਰੋਗਾਂ ਦੇ ਮਾਹਰ ਡਾ. ਏ. ਤਾਇਲ, ਅੱਖਾਂ ਦੇ ਮਾਹਰ ਡਾ. ਅਮਨਦੀਪ ਗਰਗ, ਮੈਡੀਸਨ ਡਾ. ਯਸ਼ਪਾਲ ਗੋਇਲ, ਔਰਤ ਰੋਗਾਂ ਦੇ ਮਾਹਰ ਡਾ. ਆਸਥਾ ਗਰਗ, ਦੰਦਾਂ ਦੀਆਂ ਬਿਮਾਰੀਆਂ ਦੇ ਮਾਹਰ ਡਾ. ਦੀਕਸ਼ਾ ਗਰਗ ਆਪਣੀ ਟੀਮ ਸਮੇਤ ਮਰੀਜ਼ਾਂ ਦਾ ਚੈੱਕਅਪ ਕਰਨਗੇ ਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸ ਮੌਕੇ ਲੈਬ ਟੈਸਟ ਤੇ ਐਕਸਰੇ ਸਰਕਾਰੀ ਰੇਟਾਂ 'ਤੇ ਕੀਤੇ ਜਾਣਗੇ। ਉਨ੍ਹਾਂ ਹਲਕਾ ਨਿਵਾਸੀਆਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ।

### ਆੜ੍ਹਤੀਏ ਦੀ ਦੁਕਾਨ ਤੋਂ ਕਣਕ ਚੋਰੀ

**ਧੂਰੀ (ਮਨੋਹਰ ਸਿੰਘ ਸੱਗੂ)**-ਸਥਾਨਕ ਨਵੀਂ ਅਨਾਜ ਮੰਡੀ ਅੰਦਰ ਸਥਿਤ ਇੱਕ ਆੜ੍ਹਤੀਏ ਦੀ ਦੁਕਾਨ ਤੋਂ ਕਣਕ ਚੋਰੀ ਹੋਣ ਦੀ ਖਬਰ ਹੈ। ਚੋਰੀ ਦੀ ਵਾਰਦਾਤ ਦੁਕਾਨ 'ਚ ਲੱਗੇ ਸੀ ਸੀ ਟੀ ਵੀ ਕੈਮਰਿਆਂ 'ਚ ਕੈਦ ਹੋ ਗਈ। ਚੋਰੀ ਦੀ ਵਾਰਦਾਤ ਸਬੰਧੀ ਜਾਣਕਾਰੀ ਦਿੰਦਿਆਂ ਗਿਰਧਾਰੀ ਲਾਲ ਕ੍ਰਿਸ਼ਨ ਲਾਲ ਆੜ੍ਹਤ ਦੀ ਫਰਮ ਦੇ ਮਾਲਿਕ ਰਮਨ ਗੋਇਲ ਨੇ ਦੱਸਿਆ ਕਿ ਲੰਘੇ ਦਿਨ ਜਦ ਉਹ ਆਪਣੀ ਆੜ੍ਹਤ ਵਾਲੀ ਦੁਕਾਨ 'ਤੇ ਆਏ ਤਾਂ ਦੇਖਿਆ ਕਿ ਕਣਕ ਦੇ 10/11 ਥੈਲੇ (ਪ੍ਰਤੀ ਥੈਲਾ 30 ਕਿਲੋ) ਗਾਇਬ ਸਨ। ਜਦੋਂ ਅਸੀਂ ਦੁਕਾਨ 'ਚ ਲੱਗੇ ਸੀ ਸੀ ਟੀ ਵੀ ਕੈਮਰੇ ਦੀਆਂ ਫੋਟੋਆਂ ਖੰਘਾਲੀਆਂ ਤਾਂ ਦੇਖਿਆ ਕਿ ਦੋ ਅਣਪਛਾਤੇ ਚੋਰਾਂ ਵੱਲੋਂ 9 ਅਗਸਤ ਸਵੇਰੇ ਤੇ 10 ਤੇ 11 ਅਗਸਤ ਦੀ ਦਰਮਿਆਨੀ ਰਾਤ ਨੂੰ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਚੋਰੀ ਦੀ ਵਾਰਦਾਤ ਸਬੰਧੀ ਸਥਾਨਕ ਪੁਲਸ ਨੂੰ ਸੂਚਿਤ ਕੀਤਾ ਗਿਆ ਹੈ।

### ਚਰਨਪਾਲ ਬਰਾੜ ਬਾਰ ਐਸੋਸੀਏਸ਼ਨ ਦੇ ਮੈਂਬਰ ਚੁਣੇ



**ਬਠਿੰਡਾ (ਰਾਜੀਵ ਗੋਇਲ)**-ਬਠਿੰਡਾ ਕਚਹਿਰੀ ਦੇ ਨਾਮਵਰ ਤੇ ਮਸ਼ਹੂਰ ਵਕੀਲ ਚਰਨਪਾਲ ਸਿੰਘ ਬਰਾੜ ਬਾਰ ਐਸੋਸੀਏਸ਼ਨ ਬਠਿੰਡਾ ਦੇ 2025-26 ਲਈ ਐਗਜ਼ੀਕਿਊਟਵ ਮੈਂਬਰ ਚੁਣੇ ਗਏ ਹਨ।ਦੱਸਣਾ ਬਣਦਾ ਹੈ ਕਿ ਵਕੀਲ ਚਰਨਪਾਲ ਸਿੰਘ ਬਰਾੜ ਬਹੁਤ ਹੀ ਮਸ਼ਹੂਰ ਤੇ ਤਜਰਬੇਕਾਰ ਵਕੀਲ ਹਨ ਅਤੇ ਜਿਨ੍ਹਾਂ ਵੱਲੋਂ ਬੀਤੇ ਸਮੇਂ ਬਠਿੰਡਾ ਦੇ ਹੀ ਇੱਕ ਪਿੰਡ ਵਿੱਚ ਮਾਸੂਮ ਬੱਚਿਆਂ ਦੀ ਬਲੀ ਦੇਣ ਵਾਲੇ ਤਾਂਤਰਿਕਾਂ ਖਿਲਾਫ ਕੇਸ ਲੜਿਆ ਸੀ, ਜਿਨ੍ਹਾਂ ਨੂੰ ਸਜ਼ਾ ਵੀ ਕਰਵਾਈ ਗਈ ਸੀ।ਗੱਲਬਾਤ ਕਰਦਿਆਂ ਵਕੀਲ ਬਰਾੜ ਵੱਲੋਂ ਸਮੂਹ ਬਾਰ ਐਸੋ. ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਹੈ।

# ਲੈਂਡ ਪੂਲਿੰਗ ਨੀਤੀ ਦੀ ਵਾਪਸੀ ਕਿਸਾਨਾਂ ਦੀ ਇਤਿਹਾਸਕ ਜਿੱਤ : ਚੌਹਾਨ/ਉੱਡਤ

## 21 ਸਤੰਬਰ ਦੀ ਚੰਡੀਗੜ੍ਹ ਰੈਲੀ ਦੀ ਤਿਆਰੀ ਹਿੱਤ ਬਾਜੇਵਾਲਾ 'ਚ ਜਨਤਕ ਮੀਟਿੰਗ



**ਝੁਨੀਰ/ਸਰਦੂਲਗੜ੍ਹ (ਆਤਮਾ ਸਿੰਘ ਪਮਾਰ)**-ਕੇਂਦਰ ਦੀ ਮੋਦੀ ਸਰਕਾਰ ਦੇ ਕਾਲੇ ਕਾਨੂੰਨਾਂ ਦੀ ਤਰਜ਼ 'ਤੇ ਪੰਜਾਬ ਦੀ ਮਾਨ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਉਜਾੜਨ ਲਈ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਦੀ ਵਾਪਸੀ ਕਿਸਾਨਾਂ ਤੇ ਸੰਘਰਸ਼ਸ਼ੀਲ ਲੋਕਾਂ ਦੀ ਇਤਿਹਾਸਕ ਤੇ ਸ਼ਾਨਾਮੱਤੀ ਜਿੱਤ ਹੈ।ਪੰਜਾਬ ਦੇ ਸੰਘਰਸ਼ੀ ਕਿਸਾਨਾਂ ਨੇ ਆਪਣੀਆਂ ਇਨਕਲਾਬੀ ਲੀਹਾਂ 'ਤੇ ਪਹਿਰਾ ਦਿੰਦਿਆਂ ਇੱਕ ਵਾਰ ਫਿਰ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਨੂੰ ਉਜਾੜਨ ਦੀ ਨੀਅਤ ਵਾਲਿਆਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇੱਥੋਂ ਥੋੜ੍ਹੀ ਦੂਰ ਸਥਿਤ ਪਿੰਡ ਬਾਜੇਵਾਲਾ ਵਿਖੇ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਤੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਰਦਿਆਂ ਕਿਹਾ ਕਿ ਦੇਸ਼ ਦੇ ਕਾਰਪੋਰੇਟ ਘਰਾਣੇ ਪੰਜਾਬ ਦੀ ਜ਼ਮੀਨ ਨੂੰ ਖੋਹਣ ਲਈ ਪੂਰੀ ਤਰ੍ਹਾਂ ਤਰਲੋ ਮੱਛੀ ਹੋ ਰਹੇ ਹਨ ਤੇ ਦੇਸ਼ ਦੇ ਹਾਕਮ ਪੂਰੀ ਤਰ੍ਹਾਂ ਕਾਰਪੋਰੇਟ ਘਰਾਣਿਆਂ ਦੇ ਝੋਲੀ ਚੁੱਕ ਬਣ ਚੁੱਕੇ ਹਨ।ਕਮਿਊਨਿਸਟ ਆਗੂਆਂ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਪੱਖੀ ਲੋਕ ਦੋਖੀ ਸਰਕਾਰਾਂ ਦਾ ਮੁਕਾਬਲਾ ਏਕੇ ਤੇ ਸੰਘਰਸ਼ ਦੇ ਬਲਬੂਤੇ ਹੀ ਕੀਤਾ ਜਾ ਸਕਦਾ ਹੈ।

ਕਮਿਊਨਿਸਟ ਆਗੂਆਂ ਨੇ ਕਿਹਾ ਕਿ ਸੀਪੀਆਈ ਦੀ 25ਵੀਂ ਪਾਰਟੀ ਕਾਂਗਰਸ ਦੇ ਸ਼ੁਰੂਆਤ ਮੌਕੇ 21 ਸਤੰਬਰ ਨੂੰ ਚੰਡੀਗੜ੍ਹ ਵਿਖੇ ਕੀਤੀ ਜਾਣ ਵਾਲੀ ਰੈਲੀ ਲਾਮਿਸਾਲ ਤੇ ਇਤਿਹਾਸਕ ਹੋਵੇਗੀ ਤੇ ਸਮੇਂ ਦੇ ਹਾਕਮਾਂ ਨੂੰ ਸੋਚਣ ਲਈ ਮਜਬੂਰ ਕਰੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਬੂਟਾ ਸਿੰਘ ਬਾਜੇਵਾਲਾ, ਕਾਮਰੇਡ ਗਿੰਦਰ ਸਿੰਘ ਬਾਜੇਵਾਲਾ, ਗੁਰਮੇਲ ਹੀਰਾ, ਨਿਰਮਲ ਸਿੰਘ ਬਾਜੇਵਾਲਾ, ਸੁਖਵਿੰਦਰ ਸਿੰਘ ਬਾਜੇਵਾਲਾ ਆਦਿ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਮੁਲਾਜ਼ਮਾਂ-ਪੈਨਸ਼ਨਰਾਂ ਵੱਲੋਂ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਡੀ ਸੀ ਦਫਤਰ ਅੱਗੇ 28 ਜੁਲਾਈ 2025 ਨੂੰ ਕੀਤੀ ਗਈ ਵਰਚੁਅਲ ਮੀਟਿੰਗ ਦੇ ਫੈਸਲਿਆਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਵਾਰ ਵਾਰ ਫਰੰਟ ਦੇ ਆਗੂਆਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗਾਂ ਮੁਲਤਵੀ ਕਰਨ ਖਿਲਾਫ ਰੋਸ ਪ੍ਰਗਟ ਕਰਨ ਵਾਸਤੇ ਸਾਂਝਾ ਫਰੰਟ ਦੇ ਜ਼ਿਲ੍ਹਾ ਆਗੂਆਂ ਜਗਦੀਸ਼ ਸ਼ਰਮਾ, ਮੇਲਾ ਸਿੰਘ ਪੁੰਨਾਵਾਲ, ਰਾਜ ਕੁਮਾਰ ਅਰੋੜਾ, ਅਵਿਨਾਸ਼ ਕੁਮਾਰ, ਗੁਰਪ੍ਰੀਤ ਸਿੰਘ ਮੰਗਵਾਲ, ਮਾਲਵਿੰਦਰ ਸਿੰਘ ਸੰਧੂ ਦੀ ਅਗਵਾਈ ਵਿੱਚ ਰੋਸ ਧਰਨਾ ਤੇ ਰੈਲੀ ਕਰਨ ਉਪਰੰਤ ਲਾਲ ਬੱਤੀ ਚੌਕ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਪੁਤਲੇ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸੁਰਿੰਦਰ ਕੁਮਾਰ ਬਾਲੀਆ, ਭੁਪਿੰਦਰ ਜੱਸੀ ਅਵਿਨਾਸ਼ ਸ਼ਰਮਾ, ਫਕੀਰ ਸਿੰਘ ਟਿੱਬਾ, ਬਲਦੇਵ ਬਡਰੁੱਖਾਂ, ਜੀਵਨ ਕੁਮਾਰ, ਭੁਪਿੰਦਰ ਜੱਸੀ, ਅਵਤਾਰ ਗੰਢੂਆ, ਅਮਰੀਕ ਸਿੰਘ ਖੇੜੀ, ਬਿੱਕਰ ਸਿੰਘ ਸਿਬੀਆਂ, ਗੁਰਮੀਤ ਸਿੰਘ ਮਿੱਡਾ, ਲਾਭ ਸਿੰਘ, ਸੁਰਿੰਦਰ ਸੋਢੀ, ਕੰਵਲਜੀਤ ਸਿੰਘ, ਸਤਪਾਲ ਸਿੰਗਲਾ, ਉਮ ਪ੍ਰਕਾਸ਼ ਖਿਪਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਤੇ ਵਿੱਤ ਮੰਤਰੀ ਮੰਤਰੀ ਪੰਜਾਬ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਅਗਵਾਈ ਕਰਦੇ ਸਾਂਝੇ ਫਰੰਟ ਨੂੰ ਵਾਰ ਵਾਰ ਮੀਟਿੰਗਾਂ ਦੇ ਮੁੱਕਰ ਰਹੇ ਹਨ। ਸੂਬਾਈ ਆਗੂਆਂ ਨੇ ਭਗਵੰਤ ਮਾਨ ਸਰਕਾਰ ਨੂੰ ਅਪੀਲ ਕੀਤੀ ਕਿ ਫਰੰਟ ਨਾਲ ਜਲਦੀ ਮੀਟਿੰਗ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਤੁਰੰਤ ਹੱਲ ਕੀਤਾ ਜਾਵੇ, ਨਹੀਂ ਤਾਂ 23 ਅਗਸਤ 2025 ਨੂੰ ਲੁਧਿਆਣਾ ਵਿਖੇ ਮੀਟਿੰਗ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਮੋਹਨ ਸਿੰਘ, ਅਜੇ ਕੁਮਾਰ, ਵਿਜੇ ਕੁਮਾਰ, ਰਾਮ ਲਾਲ ਸ਼ਰਮਾ, ਜਸਮੇਲ ਸਿੰਘ, ਹਰਪਾਲ ਸਿੰਘ ਸੁਨਾਮ, ਨਰਿੰਦਰ ਸਿੰਘ, ਸ਼ੇਰ ਸਿੰਘ ਰਾਮਗੜ੍ਹ, ਸਤਨਾਮ ਸਿੰਘ ਤੋਂ ਇਲਾਵਾ ਸੈਂਕੜਿਆਂ ਦੀ ਗਿਣਤੀ ਵਿੱਚ ਮੁਲਾਜ਼ਮ ਪੈਨਸ਼ਨਰ ਹਾਜ਼ਰ ਸਨ।

# ਮੈਂ ਕਿਸੇ ਵੀ ਨਸ਼ੇ ਦੇ ਵਪਾਰੀ ਨੂੰ ਪੁਲਸ ਤੋਂ ਨਹੀਂ ਛੁਡਾਉਣਾ : ਕੁੰਦਰਾ



**ਸਮਰਾਲਾ (ਸੁਰਜੀਤ ਸਿੰਘ)**

ਕੋਈ ਵੀ ਦੋਸਤੀ, ਮੁਲਾਹਜ਼ੇਦਾਰ ਤੇ ਕੋਈ ਰਿਸ਼ਤੇਦਾਰੀ ਨਸ਼ੇ ਦੇ ਵਪਾਰੀਆਂ ਨੂੰ ਪੁਲਸ ਤੋਂ ਛੁਡਾਉਣ ਲਈ ਨਹੀਂ ਚਲੇਗੀ।ਇਹ ਗੱਲ ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਤੇ ਮਾਛੀਵਾੜਾ ਸਾਹਿਬ ਨਗਰ ਕੌਂਸਲ ਦੇ ਪ੍ਰਧਾਨ ਸੋਨੂੰ ਕੁੰਦਰਾ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਬੇਸ਼ੱਕ ਮੈਨੂੰ ਕੋਈ ਵੋਟ ਪਾਵੇ ਜਾਂ ਨਾ, ਪਰ ਮੈਂ ਕਿਸੇ ਵੀ ਨਸ਼ੇ ਦੇ ਵਪਾਰੀ ਦੀ ਪੈਰਵਾਈ ਪੁਲਸ ਕੋਲ ਨਹੀਂ ਕਰਨੀ।ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਭਾਵੇਂ ਕੋਈ ਮੇਰਾ ਸਗਾ, ਕੋਈ ਰਿਸ਼ਤੇਦਾਰ ਜਾਂ ਕੋਈ ਨਜ਼ਦੀਕੀ ਕਿਉਂ ਨਾ ਹੋਵੇ, ਮੈਂ ਉਸ ਨੂੰ ਸਲਾਖਾਂ ਪਿੱਛੇ ਡੱਕਣ ਦੀ ਸਿਫਾਰਸ਼ ਪੁਲਸ ਨੂੰ ਕਰਾਂਗਾ।ਉਨ੍ਹਾਂ ਕਿਹਾ ਕਿ ਅਜਿਹੀ ਵੋਟ ਬੈਂਕ ਦੀ ਰਾਜਨੀਤੀ ਨੇ ਪੰਜਾਬ ਦੀ ਨੌਜਵਾਨੀ ਦਾ ਬੇੜਾ ਗ਼ਰਕ ਕਰ ਦਿੱਤਾ।ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀਆਂ ਲਾਸ਼ਾਂ ਬਦਲੇ ਸਾਨੂੰ ਵੋਟਾਂ ਦੀ ਹਰਗਿਜ਼ ਕੋਈ ਜ਼ਰੂਰਤ ਨਹੀਂ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਲਾਇਕੀ ਕਾਰਨ ਮਾਛੀਵਾੜਾ ਸਾਹਿਬ ਇਲਾਕਾ ਨਸ਼ਿਆਂ ਦਾ ਕੇਂਦਰ ਬਣਿਆ ਰਿਹਾ ਹੈ, ਜਿਸ ਨਾਲ ਬਹੁਤ ਸਾਰੇ ਨੌਜਵਾਨ ਭਟਕੇ ਤੇ ਕਈਆਂ ਦੀਆਂ ਜਾਨਾਂ ਵੀ ਗਈਆਂ।ਉਨ੍ਹਾਂ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨਸ਼ਿਆਂ ਦੇ ਵਪਾਰੀਆਂ 'ਤੇ ਸ਼ਿਕੰਜਾ ਕੱਸਿਆ ਹੈ, ਉਦੋਂ ਤੋਂ ਨਸ਼ਿਆਂ ਦੀ ਇਸ ਨਾਮੁਰਾਦ ਬਿਮਾਰੀ ਨੂੰ ਠੱਲ੍ਹ ਪਈ ਹੈ। ਉਨ੍ਹਾਂ ਕਿਹਾ ਕਿ ਪੁਲਸ ਪੂਰੀ ਤਰ੍ਹਾਂ ਮੁਸਤੈਦ ਹੈ।ਉਨ੍ਹਾਂ ਕਿਹਾ ਕਿ ਨਸ਼ਾ ਫਰੋਸ਼ੀ ਦਾ ਧੰਦਾ ਪਿਛਲੇ 25-30 ਤੋਂ ਸਾਲਾਂ ਤੋਂ ਚਲ ਰਿਹਾ ਹੈ, ਜਿਸ ਨੂੰ ਸਮੇਂ ਦੀਆਂ ਸਰਕਾਰਾਂ ਦੀ ਪੁਸ਼ਤਪਨਾਹੀ ਵੀ ਮਿਲਦੀ ਰਹੀ ਹੈ, ਪਰ ਹੁਣ ਆਦਮੀ ਪਾਰਟੀ ਦੀ ਸਰਕਾਰ ਨੇ ਨਸ਼ਾ ਫਰੋਸ਼ਾਂ ਨੂੰ ਭਾਜੜਾਂ ਪਾਈਆਂ ਹੋਈਆਂ ਹਨ।ਕੁੰਦਰਾ ਨੇ ਕਿਹਾ ਕਿ ਸਰਕਾਰ ਨੇ ਨਸ਼ੇ ਦੀ ਕਮਰ ਤੋੜ ਦਿੱਤੀ ਹੈ।ਨਸ਼ਾ ਫਰੋਸ਼ਾਂ ਦੀਆਂ ਨਾਜਾਇਜ਼ ਜਾਇਦਾਦਾਂ ਢਾਹ ਕੇ ਉਨ੍ਹਾਂ ਵਿੱਚ ਸਰਕਾਰ ਨੇ ਦਹਿਸ਼ਤ ਪੈਦਾ ਕਰ ਦਿੱਤੀ ਹੈ।ਹੁਣ ਨੌਜਵਾਨ ਇਸ ਬਿਮਾਰੀ ਤੋਂ ਹਟ ਕੇ ਆਪਣੇ ਕੰਮ ਧੰਦਿਆਂ ਵਿੱਚ ਲੱਗ ਗਏ ਹਨ।ਉਨ੍ਹਾਂ ਕਿਹਾ ਕਿ ਪਹਿਲੀਆਂ ਸਰਕਾਰਾਂ ਨਸ਼ਾ ਫਰੋਸ਼ੀ ਸਬੰਧੀ ਲੋਕਾਂ ਨੂੰ ਮੂਰਖ ਬਣਾਉਣ ਲਈ ਮਹਿਜ਼ ਬਿਆਨਬਾਜ਼ੀ ਹੀ ਕਰਦੀਆਂ ਸਨ, ਜਦਕਿ ਹੁਣ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨਸ਼ਿਆਂ ਵਿਰੁੱਧ ਪੂਰੀ ਤਨਦੇਹੀ ਤੇ ਵਚਨਬੱਧਤਾ ਨਾਲ ਲੜ ਰਹੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਉਦੋਂ ਤੱਕ ਚੈਨ ਨਾਲ ਨਹੀਂ ਬੈਠੇਗੀ, ਜਦੋਂ ਤੱਕ ਪੰਜਾਬ ਵਿੱਚੋਂ ਨਸ਼ਾ ਫਰੋਸ਼ੀ ਦਾ ਬੀਜ ਨਾਸ ਨਹੀਂ ਹੋ ਜਾਂਦਾ।ਜ਼ਿਕਰਯੋਗ ਹੈ ਕਿ ਜਦੋਂ ਤੋਂ ਸੋਨੂੰ ਕੁੰਦਰਾ ਨੇ ਬਤੌਰ ਪ੍ਰਧਾਨ ਮਾਛੀਵਾੜਾ ਸਾਹਿਬ ਨਗਰ ਕੌਂਸਲ ਦੀ ਕਮਾਨ ਸੰਭਾਲੀ ਹੈ, ਇਸ ਇਤਿਹਾਸਕ ਕਸਬੇ ਦੀ ਨੁਹਾਰ ਬਦਲਦੀ ਜਾ ਰਹੀ ਹੈ।

# ਬਿਜਲੀ ਮੁਲਾਜ਼ਮਾਂ ਦਾ ਧਰਨਾ ਦੂਜੇ ਦਿਨ ਵੀ ਜਾਰੀ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਬਿਜਲੀ ਬੋਰਡ ਸਬ ਡਵੀਜ਼ਨ ਤਲਵੰਡੀ ਸਾਬੋ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਸੱਦੇ 'ਤੇ ਲਗਾਤਾਰ ਦੂਸਰੇ ਦਿਨ ਬਿਜਲੀ ਮੁਲਾਜ਼ਮਾਂ ਵੱਲੋਂ ਸਮੂਹਕ ਛੁੱਟੀ 'ਤੇ ਰਹਿ ਕੇ ਬਿਜਲੀ ਦਫਤਰ ਤਲਵੰਡੀ ਸਾਬੋ ਵਿਖੇ ਧਰਨਾ ਮੁਜ਼ਾਹਰਾ ਕੀਤਾ ਗਿਆ।ਇਸ ਧਰਨੇ ਨੂੰ ਉਸ ਸਮੇਂ ਵੱਡਾ ਬਲ ਮਿਲਿਆ ਜਦੋਂ ਬਿਜਲੀ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦੇ ਸਮਰਥਨ ਵਿੱਚ ਕਿਸਾਨ ਯੂਨੀਅਨ ਵੱਲੋਂ ਵੀ ਸ਼ਿਰਕਤ ਕੀਤੀ ਗਈ ਤੇ ਬਿਜਲੀ ਮੁਲਾਜ਼ਮਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਦੀ ਹਮਾਇਤ ਕੀਤੀ।ਬਿਜਲੀ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਜਿਵੇਂ ਨਵੀਂ ਰੈਗੂਲਰ ਭਰਤੀ, ਨਿਜੀਕਰਨ ਨੂੰ ਰੋਕਣਾ, ਤੇ ਪੇ ਸਕੇਲਾਂ ਦੀਆਂ ਤਰੁਟੀਆਂ ਦੂਰ ਕਰਨ, ਖਸਤਾ ਹਾਲਤ ਬਿਲਡਿੰਗ ਦੀ ਮੁਰੰਮਤ ਆਦਿ ਨੂੰ ਲੈ ਕੇ ਤਿੰਨ ਦਿਨਾਂ ਦੀ ਸਮੂਹਕ ਛੁੱਟੀ 'ਤੇ ਚੱਲ ਰਹੇ ਹਨ।ਇਸ ਸਮੇਂ ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ. 49 ਦੇ ਜ਼ੋਨ ਸਕੱਤਰ ਨਛੱਤਰ ਸਿੰਘ ਤੇ ਸਰਕਲ ਮੀਤ ਸਕੱਤਰ ਬੇਅੰਤ ਸਿੰਘ ਅਤੇ ਪੈਨਸ਼ਨ ਐਸੁਏਸਨ ਦੇ ਰਿਟਾਇਰੀ ਸਰਕਲ ਆਗੂ ਧੰਨਾ ਸਿੰਘ ਦੁਆਰਾ ਮੁਲਾਜ਼ਮਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ ਅਤੇ ਚੱਲ ਰਹੇ ਸੰਘਰਸ਼ ਬਾਰੇ ਜਾਣਕਾਰੀ ਦਿੱਤੀ।ਇੱਥੇ ਹੀ ਐੱਮ ਐੱਸ ਯੂ ਦੇ ਆਗੂ ਸੁਖਵੀਰ ਸਿੰਘ, ਟੀ ਐੱਸ ਯੂ ਪ੍ਰਧਾਨ ਪ੍ਰਗਟ ਸਿੰਘ, ਇੰਪਲਾਈਜ਼ ਫੈਡਰੇਸ਼ਨ ਆਗੂ ਪ੍ਰਦੀਪ ਸਿੰਘ ਨੇ ਮੈਨੇਜਮੈਂਟ ਦੇ ਅੜੀਅਲ ਰਵੱਈਏ ਵਿਰੁੱਧ ਮੁਲਾਜ਼ਮਾਂ ਨੂੰ ਲਾਮਬੰਦ ਹੋਣ ਦੀ ਅਪੀਲ ਕੀਤੀ ਤੇ ਦੱਸਿਆ ਕਿ ਐਸਮਾ ਕਨੂੰਨ ਲਾਉਣ ਵਰਗੀਆਂ ਗਿੱਦੜ ਧਮਕੀਆਂ ਤੋਂ ਡਰਨ ਦੀ ਲੋੜ ਨਹੀਂ ਹੈ।ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਜਸਵੀਰ ਸਿੰਘ ਤਲਵੰਡੀ ਸਾਬੋ, ਕੁਲਦੀਪ ਸਿੰਘ ਵੱਲੋਂ ਹੋਰ ਕਿਸਾਨ ਸਾਥੀਆਂ ਨਾਲ ਮਿਲ ਕੇ ਚੱਲ ਰਹੇ ਧਰਨੇ ਵਿੱਚ ਸ਼ਮੂਲੀਅਤ ਕੀਤੀ ਗਈ ਅਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਬਿਜਲੀ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਜਲਦ ਤੋਂ ਜਲਦ ਪੂਰਾ ਕਰੇ ਨਹੀਂ ਤਾਂ ਸੰਘਰਸ਼ ਪ੍ਰੋਗਰਾਮ ਹੋਰ ਵੀ ਵਿਸ਼ਾਲ ਹੋਣਗੇ। ਇੱਥੇ ਮੌਜੂਦ ਸਾਰੇ ਮੁਲਾਜ਼ਮ ਤੇ ਕਿਸਾਨ ਆਗੂਆਂ ਦੁਆਰਾ ਪੰਜਾਬ ਸਰਕਾਰ ਤੇ ਬਿਜਲੀ ਮੈਨੇਜਮੈਂਟ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਜਲਦੀ ਹੀ ਮੰਗਾਂ ਦਾ ਹੱਲ ਨਹੀਂ ਕੀਤਾ ਜਾਂਦਾ ਤਾਂ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ ਅਤੇ ਸਮੂਹਿਕ ਛੁੱਟੀ ਨੂੰ ਹੋਰ ਵੀ ਵਧਾਇਆ ਜਾ ਸਕਦਾ ਹੈ।ਇਸ ਸਮੇਂ ਆਮ ਪਬਲਿਕ ਤੇ ਮਹਿਕਮੇ ਦੇ ਹੋਣ ਵਾਲੇ ਨੁਕਸਾਨ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਬਿਜਲੀ ਮੈਨੇਜਮੈਂਟ ਦੀ ਹੋਵੇਗੀ।ਇਸ ਮੌਕੇ ਸਾਥੀ ਪ੍ਰਦੀਪ ਸਿੰਘ ਜੇਈ, ਜਗਜੀਤ ਸਿੰਘ ਬੰਗੀ, ਸੰਜੀਵ ਕੁਮਾਰ, ਰਮਨਦੀਪ ਸ਼ਰਮਾ, ਹਰਦੀਪ ਸਿੰਘ, ਚਮਕੌਰ ਸਿੰਘ ਕਰਮਜੀਤ ਸਿੰਘ ਜੇਈ ਆਦੀ ਸਮੂਹ ਬਿਜਲੀ ਬੋਰਡ ਜਥੇਬੰਦੀਆਂ ਦੇ ਮੈਂਬਰ ਹਾਜ਼ਰ ਹੋਏ।

# ਰੇਲ ਗੱਡੀ ਨੇ ਤਿੰਨ ਜਣਿਆਂ ਨੂੰ ਕੁਚਲਿਆ, ਦੋ ਦੀ ਮੌਤ



ਸ੍ਰੀ ਮੁਕਤਸਰ ਸਾਹਿਬ ਦੇ ਸਿਵਲ ਹਸਪਤਾਲ ਵਿੱਚ ਦਾਖਲ ਜ਼ਖ਼ਮੀ ਬਲਜਿੰਦਰ ਸਿੰਘ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਬੱਲਮਗੜ੍ਹ ਰੋਡ ਰੇਲਵੇ ਕਰਾਸਿੰਗ ਨੇੜੇ ਸੋਮਵਾਰ ਰਾਤ 9 ਵਜੇ ਕੰਮ ਤੋਂ ਵਾਪਸ ਆ ਰਹੇ ਤਿੰਨ ਵਿਅਕਤੀਆਂ ਨੂੰ ਟਰੇਨ ਨੇ ਆਪਣੀ ਚਪੇਟ 'ਚ ਲੈ ਲਿਆ, ਜਿਸ ਨਾਲ ਦੋ ਜਣਿਆਂ ਦੀ ਮੌਤ ਹੋ ਗਈ, ਜਦੋਂ ਕਿ ਇੱਕ ਗੰਭੀਰ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਮੁਕਤਸਰ ਵਿੱਚ ਦਾਖਲ ਕਰਵਾਇਆ ਗਿਆ ਹੈ।ਜਾਣਕਾਰੀ ਅਨੁਸਾਰ ਗੁਰਪ੍ਰੀਤ ਗੋਰੀ (28) ਪੁੱਤਰ ਸੇਵਕ ਸਿੰਘ, ਸੋਨੂੰ (32) ਪੁੱਤਰ ਚੰਦਰ ਸ਼ੇਖਰ ਨਿਵਾਸੀ ਫੈਕਟਰੀ ਰੋਡ ਤੇ ਬਲਜਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਤਿੰਨੋਂ ਸੋਮਵਾਰ ਰਾਤ 9 ਵਜੇ ਦੇ ਕਰੀਬ ਕੰਮ ਤੋਂ ਵਾਪਸ ਆ ਰਹੇ ਸਨ।ਇਹ ਤਿੰਨੇ ਬੱਲਮਗੜ੍ਹ ਰੋਡ ਨੇੜੇ ਪਟੜੀ ਦੇ ਕਿਨਾਰੇ ਘਰ ਜਾ ਰਹੇ ਸਨ। ਫਾਜ਼ਿਲਕਾ ਤੋਂ ਕੋਟਕਪੂਰਾ ਆ ਰਹੀ ਰੇਲਗੱਡੀ ਨੇ ਤਿੰਨਾਂ ਨੂੰ ਟੱਕਰ ਮਾਰ ਦਿੱਤੀ।ਗੁਰਪ੍ਰੀਤ ਤੇ ਸੋਨੂੰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਬਲਜਿੰਦਰ ਜ਼ਖ਼ਮੀ ਹੋ ਗਿਆ।ਰੇਲਵੇ ਪੁਲਸ ਨੇ ਲਾਸ਼ਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ 'ਚ ਰੱਖਵਾ ਦਿੱਤਾ ਹੈ।

# ਅਲਾਇੰਸ ਕਲੱਬ ਡਾਇਮੰਡ ਤੇ ਕਰ ਭਲਾ ਹੋ ਭਲਾ ਪ੍ਰੈੱਸ ਕਲੱਬ ਨੇ ਤੀਜ ਮੇਲਾ ਮਨਾਇਆ



**ਕੋਟਕਪੂਰਾ (ਰਛਪਾਲ ਭੁੱਲਰ)**-ਇੰਟਰਨੈਸ਼ਨਲ ਅਲਾਇੰਸ ਕਲੱਬ ਕੋਟਕਪੂਰਾ ਡਾਇਮੰਡ, ਅਲਾਇੰਸ ਯੂਥ ਕਲੱਬ ਤੇ ਕਰ ਭਲਾ ਹੋ ਭਲਾ ਪ੍ਰੈਸ ਕਲੱਬ ਨੇ ਸਾਵਣ ਮਹੀਨੇ ਦੇ ਮੌਕੇ 'ਤੇ ਤੀਜ ਮੇਲਾ ਬੜੀ ਧੂਮਧਾਮ ਨਾਲ ਮਨਾਇਆ। ਕਲੱਬ ਦੇ ਪ੍ਰਧਾਨ ਚਰਨਦਾਸ ਗਰਗ, ਰਾਕੇਸ਼ ਗਰਗ ਤੇ ਮੋਹਿਤ ਮਹਿਤਾ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਪਤਨੀ ਗੁਰਪ੍ਰੀਤ ਸਿੰਘ ਸੰਧਵਾ, ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਅਜੈਪਾਲ ਸਿੰਘ ਸੰਧੂ ਦੇ ਪਤਨੀ ਰੁਪਿੰਦਰ ਕੌਰ ਸੰਧੂ, ਬਾਬਾ ਫ਼ਰੀਦ ਗਰੁੱਪ ਆਫ਼ ਕਾਲਜਿਜ ਦੇ ਡਾਇਰੈਕਟਰ ਮਨਜੀਤ ਸਿੰਘ ਢਿੱਲੋਂ ਦੇ ਪਤਨੀ ਸੁਰਿੰਦਰ ਕੌਰ ਢਿੱਲੋਂ, ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਸੁਖਜੀਤ ਸਿੰਘ ਢਿੱਲੋਂ ਦੇ ਪਤਨੀ, ਨਗਰ ਕੌਂਸਲ ਦੇ ਪ੍ਰਧਾਨ ਭੁਪਿੰਦਰ ਸਿੰਘ ਸੱਗੂ ਦੇ ਪਤਨੀ ਪਰਮਜੀਤ ਕੌਰ ਸੱਗੂ ਤੇ ਡਾ. ਜਸਬੀਰ ਸਿੰਘ ਦੇ ਪਤਨੀ ਡਾ. ਬਲਜੀਤ ਕੌਰ ਨੇ ਮੁੱਖ ਮਹਿਮਾਨ ਅਤੇ ਮਾਰਕੀਟ ਕਮੇਟੀ ਕੋਟਕਪੂਰਾ ਦੇ ਚੇਅਰਮੈਨ ਗੁਰਮੀਤ ਸਿੰਘ ਦੀ ਪਤਨੀ ਰਵਿੰਦਰ ਕੌਰ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਸਮਾਗਮ ਦੀ ਪ੍ਰਧਾਨਗੀ ਚਨਾਬ ਗਰੁੱਪ ਆਫ਼ ਐਜੂਕੇਸ਼ਨ ਦੇ ਡਾਇਰੈਕਟਰ ਬਲਜੀਤ ਸਿੰਘ ਖੀਵਾ ਦੇ ਪਤਨੀ ਰਿਨੇਸ਼ ਕੌਰ ਖੀਵਾ ਨੇ ਕੀਤੀ।

ਸੰਸਥਾ ਦੇ ਅਹੁਦੇਦਾਰਾ ਰਾਜੂ ਕੰਡਾ, ਡਾ. ਜਸਕਰਨ ਸਿੰਘ ਸੰਧਵਾ, ਕਮਲ ਕਟਾਰੀਆ, ਡਾ. ਰਣਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਸਮਾਗਮ ਵਿੱਚ ਪੰਜਾਬੀ ਸੱਭਿਆਚਾਰ ਨੂੰ ਵਧਾਉਣ ਲਈ ਕੋਟਕਪੂਰਾ ਦੀਆਂ ਔਰਤਾਂ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਹੋਈਆਂ ਸਨ ਤੇ ਇਸ ਸਮੇਂ ਛੋਟੀਆਂ ਕੁੜੀਆਂ ਵੱਲੋਂ ਪੰਜਾਬੀ ਭੰਗੜਾ ਪੇਸ਼ ਕਰਕੇ ਅਤੇ ਢੋਲ ਦੀਆਂ ਤਾਲਾਂ 'ਤੇ ਨੱਚ ਕੇ ਸਮਾਗਮ ਨੂੰ ਚਾਰ ਚੰਦ ਲਾ ਰਹੀਆਂ ਸਨ। ਇਸ ਸਮੇਂ ਮੁੱਖ ਮਹਿਮਾਨਾਂ ਨੇ ਤੀਜ ਸਮਾਗਮ ਕਰਾਉਣ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਕਰਾਉਣ ਲਈ ਪ੍ਰੇਰਿਤ ਕੀਤਾ। ਇਸ ਸਮੇਂ 'ਆਪ' ਨੇਤਾ ਬਿੱਟਾ ਨਰੂਲਾ ਅਤੇ ਉਨ੍ਹਾਂ ਦੀ ਟੀਮ, ਕਰਿਆਨਾ ਐਸੋਸੀਏਸ਼ਨ ਦੇ ਪ੍ਰਧਾਨ ਓਮਕਾਰ ਗੋਇਲ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਨਰੇਸ਼ ਗੋਇਲ, ਸ਼੍ਰੀ ਰਾਧਾ ਕ੍ਰਿਸ਼ਨ ਮੰਦਰ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਅਗਰਵਾਲ, ਸ੍ਰੀ ਬਾਲਾ ਜੀ ਲੰਗਰ ਸੇਵਾ ਸੁਸਾਇਟੀ ਦੇ ਪ੍ਰਧਾਨ ਕਰਨ ਗੋਇਲ ਠੇਕੇਦਾਰ, ਸ੍ਰੀ ਸ਼ਿਆਮ ਯੁਵਾ ਵੈਲਫ਼ੇਅਰ ਸੁਸਾਇਟੀ ਦੇ ਪ੍ਰਧਾਨ ਸਚਿਨ ਸਿੰਗਲਾ, ਖਜ਼ਾਨਚੀ ਕਰਨ ਸਿੰਗਲਾ, ਮਾਨਵ ਗੋਇਲ, ਕੁੱਕੀ ਚੋਪੜਾ ਐਮਸੀ ਤੇ ਸੰਸਥਾ ਦੇ ਅਹੁਦੇਦਾਰ ਰਿਸ਼ੀ ਪਲਤਾ, ਵਾਸੂ ਗੋਇਲ, ਮੋਹਿਤ ਗੋਇਲ, ਆਦਿਤਿਆ ਗੋਇਲ, ਦੇਵਾਸ਼ੂ ਮਿੱਤਲ, ਕੁਨਾਲ ਮਿੱਤਲ ਤੋਂ ਇਲਾਵਾ ਸ਼ਹਿਰ ਦੇ ਹੋਰ ਪਤਵੰਤੇ ਸੱਜਣ ਵੀ ਮੌਜੂਦ ਸਨ।

# ਬਿਜਲੀ ਮੁਲਾਜ਼ਮਾਂ ਵੱਲੋਂ ਸੂਬਾ ਪੱਧਰੀ ਹੜਤਾਲ ਦੂਜੇ ਦਿਨ 'ਚ

## ਸਰਕਾਰ ਨਾਲ ਗੱਲਬਾਤ ਟੁੱਟਣ ਮਗਰੋਂ ਸੰਘਰਸ਼ ਤੇਜ਼ ਕਰਨ ਦਾ ਸੱਦਾ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਸੱਦੇ 'ਤੇ ਐਂਪਲਾਈਜ਼ ਫੈਡਰੇਸ਼ਨ ਚਾਹਲ ਦੇ ਵਰਕਰਾਂ ਤੇ ਆਗੂਆਂ ਨੇ ਪੰਜਾਬ ਸਰਕਾਰ ਦੀ ਮੁਲਾਜ਼ਮ ਵਿਰੋਧੀ ਨੀਤੀ ਤੇ ਉਨ੍ਹਾਂ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਵਿਰੁੱਧ ਆਪਣੇ ਸੰਘਰਸ਼ ਦੇ ਦੂਜੇ ਦਿਨ ਪੰਜਾਬ ਦੀਆਂ ਵੱਖ-ਵੱਖ ਸਬ-ਡਵੀਜ਼ਨਾਂ, ਸਬ-ਸਟੇਸ਼ਨਾਂ, ਥਰਮਲ ਪਲਾਂਟਾਂ ਤੇ ਹਾਈਡਲ ਪ੍ਰਾਜੈਕਟਾਂ 'ਤੇ ਤਿੰਨ ਰੋਜ਼ਾ ਛੁੱਟੀ ਲੈ ਕੇ ਹੜਤਾਲ ਕੀਤੀ।ਇਸ ਹੜਤਾਲ ਕਰਕੇ ਕੈਸ਼ ਕਾਊਂਟਰ ਤੇ ਸ਼ਿਕਾਇਤ ਘਰ ਬੰਦ ਰਹੇ।ਜਥੇਬੰਦੀ ਦੇ ਸੂਬਾਈ ਆਗੂਆਂ ਗੁਰਵੇਲ ਸਿੰਘ ਬੱਲਪੁਰੀਆ, ਮਨਜੀਤ ਸਿੰਘ ਚਾਹਲ, ਪੂਰਨ ਸਿੰਘ ਖਾਈ, ਹਰਬੰਸ ਸਿੰਘ ਦੀਦਾਰਗੜ੍ਹ ਤੇ ਬਲਜੀਤ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿੱਚ ਮੈਨੇਜਮੈਂਟ ਦਾ ਰਵੱਈਆ ਨਿਰਾਸ਼ਾਜਨਕ ਰਿਹਾ। ਹੜਤਾਲ ਦੇ ਕਾਰਨਾਂ ਬਾਰੇ ਜਾਣਕਾਰੀ ਦਿੰਦਿਆਂ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ 2 ਜੂਨ ਦੀ ਮੀਟਿੰਗ ਵਿੱਚ ਮੈਨੇਜਮੈਂਟ ਨੇ ਮੰਨਿਆ ਸੀ ਕਿ ਇਸ ਪਾਲਿਸੀ ਤਹਿਤ ਭਰਤੀ ਮੁਲਾਜ਼ਮਾਂ ਦੀਆਂ ਮੋੜਨਯੋਗ ਰਕਮਾਂ 'ਤੇ ਵਿਆਜ ਮੁਆਫ਼ ਕੀਤਾ ਜਾਵੇਗਾ, ਵੱਖ-ਵੱਖ ਸੀਆਰਏ ਤਹਿਤ ਭਰਤੀ ਮੁਲਾਜ਼ਮਾਂ ਨੂੰ ਕੰਟਰੈਕਟ ਸਮੇਂ ਦਾ ਲਾਭ ਦਿੱਤਾ ਜਾਵੇਗਾ, ਪੁਰਾਣੀ ਪੈਨਸ਼ਨ ਦੀ ਬਹਾਲੀ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ, ਠੇਕੇਦਾਰੀ ਸਿਸਟਮ ਤਹਿਤ ਭਰਤੀ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ, ਪੈਨਸ਼ਨਰਾਂ ਦਾ ਕੱਟਿਆ ਜਾਂਦਾ 200 ਰੁਪਏ ਬਹਾਲ ਕੀਤਾ ਜਾਵੇਗਾ, ਪਰ ਇਨ੍ਹਾਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ।

ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਮਨਵਾਉਣ ਲਈ ਬਿਜਲੀ ਦਫ਼ਤਰਾਂ ਸਾਹਮਣੇ ਰੈਲੀਆਂ ਕੀਤੀਆਂ ਜਾਣਗੀਆਂ ਤੇ 13 ਅਗਸਤ ਤੱਕ ਮੁਲਾਜ਼ਮ ਸਮੂਹਕ ਛੁੱਟੀ 'ਤੇ ਰਹਿਣਗੇ।ਇਸ ਤੋਂ ਇਲਾਵਾ 15 ਅਗਸਤ ਨੂੰ ਜ਼ਿਲ੍ਹਾ ਪੱਧਰੀ ਰੋਸ ਪ੍ਰਗਟਾਵੇ ਕੀਤੇ ਜਾਣਗੇ।ਜੇਕਰ ਸਰਕਾਰ ਨੇ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਉਧਰ, ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਪਾਵਰਕਾਮ ਦੇ ਹੜਤਾਲ ਕਰਨ ਵਾਲੇ ਕਰਮਚਾਰੀਆਂ ਨੂੰ ਆਪਣੀ ਹੜਤਾਲ ਖਤਮ ਕਰਕੇ ਡਿਊਟੀ 'ਤੇ ਵਾਪਸ ਆਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਘਰਾਂ, ਖੇਤੀਬਾੜੀ ਤੇ ਉਦਯੋਗਿਕ ਖੇਤਰਾਂ ਲਈ ਨਿਰਵਿਘਨ ਬਿਜਲੀ ਸਪਲਾਈ ਬੇਹੱਦ ਜ਼ਰੂਰੀ ਹੈ।ਇਸ ਲਈ ਹੜਤਾਲੀ ਕਰਮਚਾਰੀਆਂ ਨੂੰ ਤੁਰੰਤ ਡਿਊਟੀਆਂ 'ਤੇ ਵਾਪਸ ਆ ਜਾਣਾ ਚਾਹੀਦਾ ਹੈ।ਉਨ੍ਹਾਂ ਮੁਲਾਜ਼ਮਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਨੂੰ ਹੱਲ ਕਰ ਦਿੱਤਾ ਜਾਵੇਗਾ।ਬਿਜਲੀ ਮੰਤਰੀ ਨੇ ਕਿਹਾ ਕਿ 10 ਅਗਸਤ ਦੀ ਮੀਟਿੰਗ ਦੌਰਾਨ ਪੀ ਐੱਸ ਪੀ ਸੀ ਐੱਲ ਪ੍ਰਸ਼ਾਸਨ ਨੇ ਕਰਮਚਾਰੀਆਂ ਵੱਲੋਂ ਰੱਖੀਆਂ ਲਗਭਗ ਸਾਰੀਆਂ ਮੁੱਖ ਮੰਗਾਂ ਨੂੰ ਸਵੀਕਾਰ ਕਰਨ ਲਈ ਆਪਣੀ ਸਹਿਮਤੀ ਦੇ ਦਿੱਤੀ ਸੀ।ਨਵੇਂ ਮੋਰਚੇ ਦਾ ਐਲਾਨ : ਇੱਥੋਂ ਦੇ ਬਿਜਲੀ ਨਿਗਮ ਦੇ ਮੁੱਖ ਦਫ਼ਤਰ ਪੀਐੱਸਪੀਸੀਐੱਲ ਵਿੱਚ ਵੱਖ ਵੱਖ ਜਥੇਬੰਦੀਆਂ ਵੱਲੋਂ ਮੀਟਿੰਗ ਕੀਤੀ ਗਈ।ਇਸ ਮੌਕੇ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਇਹ ਸਾਰੀਆਂ ਜਥੇਬੰਦੀਆਂ ਬਿਜਲੀ ਮੁਲਾਜ਼ਮ ਸੰਘਰਸ਼ਸ਼ੀਲ ਮੋਰਚੇ ਦੇ ਨਾਂਅ ਹੇਠ ਇਕਜੁੱਟ ਹੋ ਕੇ ਆਉਣ ਵਾਲੇ ਸਮੇਂ ਅੰਦਰ ਬਿਜਲੀ ਮੁਲਾਜ਼ਮਾਂ ਦੇ ਭਖਦੇ ਮਸਲਿਆਂ ਲਈ ਲੜਾਈ ਲੜਨਗੀਆਂ।

# ਸਰਕਾਰ ਬਾਹਰੋਂ ਆਉਣ ਵਾਲੇ ਚਾਵਲਾਂ 'ਤੇ ਮੰਡੀ ਬੋਰਡ ਫੀਸ ਮੁਆਫ ਕਰੇ : ਗੁਰਦੀਪ ਚੀਮਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਤੇ ਪਟਿਆਲ਼ਾ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਵਾਅਦੇ ਮੁਤਾਬਕ ਦੂਜੇ ਰਾਜਾਂ ਦੀ ਤਰਜ਼ 'ਤੇ ਬਾਹਰੋਂ ਆਉਣ ਵਾਲੇ ਚਾਵਲਾਂ ਦੀ ਮੰਡੀ ਬੋਰਡ ਦੀ ਫੀਸ ਨੂੰ ਮੁਆਫ ਕਰੇ।ਉਨ੍ਹਾਂ ਦੱਸਿਆ ਕਿ ਪੰਜਾਬ ਰਾਈਸ ਮਿੱਲਰਜ਼ ਐਸੋਸੀਏਸ਼ਨ ਦੀਆਂ ਸਾਲ 2024-25 'ਚ ਮੁੱਖ-ਮੰਤਰੀ ਪੰਜਾਬ ਨਾਲ ਤੇ ਇਸ ਤੋਂ ਬਾਅਦ ਪੰਜਾਬ ਸਰਕਾਰ ਦੀਆਂ ਮੀਟਿੰਗਾਂ 'ਚ ਸ਼ੈਲਰ ਮਾਲਕਾਂ ਨੂੰ ਕਿਹਾ ਸੀ ਕਿ ਜੋ ਬਾਹਰਲੀ ਸਟੇਟ ਤੋਂ ਚਾਵਲ ਆਉਂਦਾ ਹੈ ਤਾਂ ਦੂਸਰੇ ਸੂਬਿਆਂ ਦੀ ਤਰਜ਼ 'ਤੇ ਮੰਡੀ ਬੋਰਡ ਦੀ ਫੀਸ ਸ਼ੈਲਰ ਮਾਲਕਾਂ 'ਤੇ ਖਤਮ ਕਰ ਦਿੱਤੀ ਜਾਵੇਗੀ।ਚੀਮਾ ਨੇ ਦੱਸਿਆ ਕਿ ਚੀਫ ਸੈਕਰੇਟਰੀ ਸਾਹਿਬ ਦੀ ਮੀਟਿੰਗ 'ਚ ਵੀ ਇਸ ਗੱਲ ਨੂੰ ਸਮੇਂ-ਸਮੇਂ 'ਤੇ ਦੱਸਿਆ ਗਿਆ ਮਾਰਕੀਟ ਫੀਸ ਦੇ ਨਾਂ 'ਤੇ ਸ਼ੈਲਰ ਮਾਲਕਾਂ ਦੀ ਬਲੈਕ-ਮੇਲਿੰਗ ਬਾਰਡਰਾਂ ਉੱਤੇ ਟਰੱਕ ਰੋਕ ਕੇ ਕੀਤੀ ਜਾਂਦੀ ਹੈ, ਜਦੋਂਕਿ ਮੰਡੀ ਬੋਰਡ ਨੂੰ ਪਿਛਲੇ ਸਾਲਾਂ 'ਚ ਸਿਰਫ 25-30 ਲੱਖ ਰੁਪਏ ਮਾਰਕੀਟ ਦੀ ਫੀਸ ਮਿਲੀ ਹੈ।

ਪੰਜਾਬ ਪ੍ਰਧਾਨ ਗੁਰਦੀਪ ਸਿੰਘ ਚੀਮਾ ਨੇ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਸ਼ੈਲਰ ਮਾਲਕਾਂ ਨੂੰ ਆਉਣ ਵਾਲੇ ਸੀਜ਼ਨ 'ਚ ਜੋ ਕਿ ਬਹੁਤ ਹੀ ਔਖਾ ਟਾਈਮ ਆਉਣ ਵਾਲਾ ਹੈ, ਬਾਰੇ ਪੰਜਾਬ ਸਰਕਾਰ ਮੁਤਾਬਿਕ ਕੇਂਦਰ ਸਰਕਾਰ ਕੋਈ ਵੀ ਫੈਸਲਾ ਨਹੀਂ ਲੈਂਦੀ ਤਾਂ ਨਵੇਂ ਸੀਜ਼ਨ ਦੀ ਤਿਆਰੀ ਕਰਨ ਲਈ ਇਹ ਪੇਮੈਂਟ ਸ਼ੈਲਰ ਮਾਲਕਾਂ ਤੋਂ ਅੰਡਰਟੇਕਿੰਗ ਲੈ ਕੇ ਕਰ ਦਿੱਤੀਆਂ ਜਾਣ ਤਾਂ ਕਿ ਉਹ 2025-26 ਲਈ ਆਪਣੇ ਖਰਚਿਆਂ ਲਈ ਬਿਜਲੀ ਦੇ ਬਿੱਲ, ਲੇਬਰਾਂ ਨੂੰ ਐਡਵਾਂਸ ਦੇਣਾ ਤੇ ਹੋਰ ਸਟਾਫ ਜੋ ਕਿ ਸ਼ੈਲਰ ਦੇ ਕੰਮ 'ਚ ਲੋੜੀਂਦਾ ਹੈ, ਉਨ੍ਹਾਂ ਨੂੰ ਐਡਵਾਂਸ ਪੈਸੇ ਦੇ ਕੇ ਅਗਲੇ ਸਾਲ ਆਪਣੀ ਮਿੱਲ ਚਲਾ ਸਕਣ।

# ਪੰਚਾਇਤ 'ਤੇ ਦਰਜ ਝੂਠਾ ਕੇਸ ਵਾਪਸ ਕਰਾਉਣ ਦੀ ਮੰਗ ਨੂੰ ਲੈ ਕੇ ਵ਼ਫਦ ਪੁਲਸ ਮੁਖੀ ਨੂੰ ਮਿਲਿਆ



**ਜਗਰਾਉਂ (ਨਛੱਤਰ ਸੰਧੂ)**

28 ਜੁਲਾਈ ਨੂੰ ਪਿੰਡ ਅਖਾੜਾ ਦੇ ਜੋਰਾ ਸਿੰਘ ਨਾਂਅ ਦੇ ਵਿਅਕਤੀ ਵੱਲੋਂ ਖੁਦਕਸ਼ੀ ਕਰ ਲੈਣ ਉਪਰੰਤ ਉਸ ਦੇ ਭਰਾ ਸਵਰਨ ਸਿੰਘ, ਗਵਾਂਢੀ ਸੁਖਦੀਪ ਸਿੰਘ, ਪਿੰਡ ਦੀ ਸਰਪੰਚ ਦੇ ਪਤੀ ਜਸਬੀਰ ਸਿੰਘ ਸਮੇਤ ਪੰਜ ਪੰਚਾਇਤ ਮੈਂਬਰਾਂ ਦੇ ਖਿਲਾਫ ਮ੍ਰਿਤਕ ਨੂੰ ਖੁਦਕਸ਼ੀ ਲਈ ਮਜਬੂਰ ਕਰਨ ਦਾ ਪਰਚਾ ਦਰਜ ਕਰ ਦਿੱਤਾ ਗਿਆ ਸੀ। ਇਸ ਝੂਠੇ ਪਰਚੇ ਨੂੰ ਰੱਦ ਕਰਾਉਣ ਲਈ ਪਿੰਡ ਵਾਸੀਆਂ ਦਾ ਵਿਸ਼ਾਲ ਵਫ਼ਦ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਅਗਵਾਈ 'ਚ ਜ਼ਿਲ੍ਹਾ ਪੁਲਸ ਮੁਖੀ ਡਾ. ਅੰਕੁਰ ਗੁਪਤਾ ਨੂੰ ਮਿਲਿਆ।

ਵਫ਼ਦ ਨੇ ਪੁਲਸ ਅਧਿਕਾਰੀ ਨੂੰ ਦੱਸਿਆ ਕਿ ਪੰਚਾਇਤ ਵੱਲੋਂ ਪਿੰਡ 'ਚ ਸਬੰਧਤ ਵਿਅਕਤੀ ਦੀ ਗਲੀ 'ਚ ਟਾਇਲਾਂ ਦਾ ਫ਼ਰਸ਼ ਲਵਾਇਆ ਗਿਆ ਸੀ, ਜੋ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਨੇ ਪੱਟ ਦਿੱਤਾ, ਜਿਸ ਖਿਲਾਫ਼ ਪੰਚਾਇਤ ਵੱਲੋਂ ਬੀ ਡੀ ਪੀ ਓ ਨੂੰ ਮਤਾ ਪਾ ਕੇ ਸ਼ਿਕਾਇਤ ਦਿੱਤੀ ਗਈ, ਜੋ ਸਬੰਧਤ ਅਧਿਕਾਰੀ ਨੂੰ ਯੋਗ ਕਨੂੰਨੀ ਕਾਰਵਾਈ ਲਈ ਪੁਲਸ ਥਾਣਾ ਸਦਰ ਨੂੰ ਭੇਜ ਦਿੱਤੀ ਗਈ ਸੀ, ਜਿਸ 'ਤੇ ਕੋਈ ਕਾਰਵਾਈ ਅਜੇ ਤੱਕ ਅਮਲ 'ਚ ਨਹੀਂ ਆਈ।ਉਲਟਾ ਮ੍ਰਿਤਕ ਤੇ ਉਸ ਦੇ ਬੇਟੇ ਦੇ ਬਿਆਨਾਂ ਤੇ ਅੱਠ ਨਿਰਦੋਸ਼ ਪਿੰਡ ਵਾਸੀਆਂ ਖਿਲਾਫ਼ ਝੂਠਾ ਪਰਚਾ ਦਰਜ ਕਰ ਲਿਆ ਗਿਆ।ਵਫ਼ਦ ਨੇ ਦੱਸਿਆ ਕਿ ਸ਼ਿਕਾਇਤ ਮ੍ਰਿਤਕ ਦੇ ਖਿਲਾਫ਼ ਨਹੀਂ ਸੀ ਤੇ ਪੰਚਾਇਤ ਇਸ ਮਸਲੇ ਨੂੰ ਗੱਲਬਾਤ ਰਾਹੀ ਹੱਲ ਕਰਨ ਦੇ ਯਤਨਾਂ 'ਚ ਸੀ, ਪਰ ਲੋਕ ਏਕਤਾ ਦੇ ਜ਼ੋਰ ਤੋਂ ਖਫ਼ਾ ਪਿੰਡ ਦੇ ਕੁੱਝ ਵਿਅਕਤੀਆਂ ਵੱਲੋਂ ਇਸ ਮਸਲੇ ਨੂੰ ਧੜੇਬੰਦਕ ਰੂਪ ਦੇਣ ਦੀ ਕੋਸ਼ਿਸ਼ ਦੇ ਸਿੱਟੇ ਵਜੋਂ ਪਰਚਾ ਦਰਜ ਕਰਾਇਆ ਗਿਆ ਹੈ।ਵਫ਼ਦ ਨੇ ਮੰਗ ਕੀਤੀ ਕਿ ਮਾਮਲੇ ਦੀ ਸਮਾਂਬੱਧ ਪੜਤਾਲ ਕਰਕੇ ਬੇਕਸੂਰ ਪਿੰਡ ਵਾਸੀਆਂ ਖਿਲਾਫ ਦਰਜ ਪਰਚਾ ਰੱਦ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਬਾਇਓ ਗੈਸ ਫੈਕਟਰੀ ਖਿਲਾਫ਼ ਪਿਛਲੇ ਸਵਾ ਸਾਲ 'ਚ ਉਸਰਿਆ ਮਿਸਾਲੀ ਏਕਾ ਤੇ ਸਰਬਸੰਮਤੀ ਨਾਲ ਬਣਾਈ ਪੰਚਾਇਤ ਪਿੰਡ ਦੇ ਕੁੱਝ ਲੋਕਾਂ ਨੂੰ ਰਾਸ ਨਹੀਂ ਆਈ, ਜਿਸ ਕਾਰਨ ਚੱਲ ਰਹੇ ਜਨਤਕ ਸੰਘਰਸ਼ ਨੂੰ ਜਾਣ-ਬੁੱਝ ਕੇ ਢਾਹ ਲਾਉਣ ਅਤੇ ਪਿੰਡ 'ਚ ਧੜੇਬੰਦੀ ਅਤੇ ਹਉਮੈ ਨੂੰ ਪੱਠੇ ਪਾਉਣ ਲਈ ਇਹ ਸਾਜ਼ਿਸ਼ ਰਚੀ ਗਈ ਹੈ। ਇਸ ਸਮੇਂ ਲੋਕ ਆਗੂ ਕੰਵਲਜੀਤ ਖੰਨਾ, ਕਿਸਾਨ ਆਗੂ ਇੰਦਰਜੀਤ ਸਿੰਘ ਧਾਲੀਵਾਲ, ਪਿੰਡ ਕਮੇਟੀ ਦੇ ਆਗੂਆਂ ਸੁਖਜੀਤ ਸਿੰਘ, ਗੁਰਤੇਜ ਸਿੰਘ , ਜਗਦੇਵ ਸਿੰਘ, ਹਰਦੇਵ ਸਿੰਘ, ਤਾਰਾ ਸਿੰਘ ਨੇ ਕਿਹਾ ਕਿ ਪਿੰਡ ਵਾਸੀ ਕਿਸੇ ਵੀ ਤਰ੍ਹਾਂ ਪਿੰਡ 'ਚ ਉਸਰੀ ਏਕਤਾ ਨੂੰ ਆਂਚ ਨਹੀਂ ਆਉਣ ਦੇਣਗੇ।ਵਫ਼ਦ ਡੀ ਐਸ ਪੀ, ਬੀ.ਡੀ.ਪੀ.ਓ ਨੂੰ ਵੀ ਮਿਲਿਆ ਤੇ ਯੋਗ ਠੋਸ ਕਾਰਵਾਈ ਦੀ ਮੰਗ ਕੀਤੀ।ਵਫ਼ਦ ਨੇ ਦੱਸਿਆ ਕਿ ਇਸ ਝੂਠੇ ਪਰਚੇ ਨੂੰ ਰੱਦ ਕਰਾਉਣ ਲਈ ਆਉਂਦੇ ਦਿਨਾਂ 'ਚ ਸਖਤ ਸੰਘਰਸ਼ ਐਕਸ਼ਨ ਉਲੀਕਿਆ ਜਾਵੇਗਾ।ਇਸ ਸਮੇਂ ਵਫ਼ਦ ਨੇ ਜ਼ਿਲ੍ਹਾ ਪੁਲਸ ਅਧਿਕਾਰੀ ਨੂੰ ਦੱਸਿਆ ਕਿ ਸਮੁੱਚੇ ਪਿੰਡ 'ਚ ਮ੍ਰਿਤਕ ਦੇ ਚਲਾਣੇ ਤੇ ਦੁੱਖ ਤਾਂ ਹੈ, ਪਰ ਇਸ ਤੋਂ ਵੀ ਵੱਧ ਦੁੱਖ ਇਹ ਹੈ ਕਿ ਨਿਰਦੋਸ਼ ਵਿਅਕਤੀਆਂ ਉਪਰ ਝੂਠੇ ਬਿਆਨਾਂ ਤਹਿਤ ਪਰਚਾ ਦਰਜ ਕਰਕੇ ਸਮੁੱਚੇ ਪਿੰਡ ਨੂੰ ਡੂੰਘੀ ਚਿੰਤਾ ਤੇ ਗੁੱਸੇ 'ਚ ਡੋਬ ਦਿੱਤਾ ਗਿਆ ਹੈ।ਪੰਚਾਇਤ ਉੱਪਰ ਪਰਚਾ ਦਰਜ ਹੋਣ ਨਾਲ ਪਿੰਡ ਦੇ ਸਾਰੇ ਦਫ਼ਤਰੀ ਕੰਮਕਾਜ, ਮਨਰੇਗਾ ਦਾ ਕੰਮ ਆਦਿ, ਪਾਸਪੋਰਟਾਂ ਤੇ ਗਵਾਹੀ, ਮਾਲ ਮਹਿਕਮੇ ਦੇ ਕੰਮਾਂ 'ਤੇ ਮਾੜਾ ਅਸਰ ਪੈ ਰਿਹਾ ਹੈ।

13-AUG-PAGE-6.qxd 8/12/2025 10:26 PM Page 1



## ਕੁੱਸਾ ਦਾ ਨੌਜਵਾਨ ਕਮਲਜੀਤ ਸਿੰਘ ਕੈਨੇਡੀਅਨ ਪੁਲਸ 'ਚ ਭਰਤੀ



**ਬੱਧਨੀ ਕਲਾਂ (ਲਵਲੀ ਮਾਛੀਕੇ)**-ਪੰਜਾਬੀਆਂ ਵੱਲੋਂ ਕੈਨੇਡਾ ਦੀ ਧਰਤੀ ਉੱਤੇ ਜਾ ਕੇ ਸਖ਼ਤ ਮਿਹਨਤ ਕਰਕੇ ਜਿੱਥੇ ਰਾਜਨੀਤਕ ਖੇਤਰ ਤੇ ਵਪਾਰਕ ਖੇਤਰਾਂ ਵਿੱਚ ਵੱਡੀ ਕਾਮਯਾਬੀ ਹਾਸਲ ਕਰਕੇ ਨਾਮਣਾ ਖੱਟਿਆ ਜਾ ਰਿਹਾ ਹੈ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਜਾ ਰਿਹਾ ਹੈ, ਉੱਥੇ ਦੂਸਰੇ ਪਾਸੇ ਪੰਜਾਬੀ ਨੌਜਵਾਨ ਕੈਨੇਡਾ ਵਿੱਚ ਪੜ੍ਹਾਈ ਕਰਕੇ ਸੁਰੱਖਿਆ ਤੇ ਸਿਵਲ ਅਦਾਰਿਆਂ ਵਿੱਚ ਭਰਤੀ ਹੋ ਕੇ ਪੰਜਾਬ ਤੇ ਪੰਜਾਬੀਆਂ ਦਾ ਨਾਮ ਰੌਸ਼ਨ ਕਰ ਰਹੇ ਹਨ।ਇਸੇ ਤਹਿਤ ਇੱਥੋਂ ਨਜ਼ਦੀਕੀ ਪਿੰਡ ਕੁੱਸਾ ਦੇ ਨੌਜਵਾਨ ਕਮਲਜੀਤ ਸਿੰਘ ਧਾਲੀਵਾਲ ਲਾਡੀ ਪੱਤਰਾ ਨੰਬਰਦਾਰ ਸਰਬਣ ਸਿੰਘ ਨੇ ਕੈਨੇਡਾ ਦੇ ਸ਼ਹਿਰ ਪਿਨਪਿੰਗ ਵਿੱਚ ਕੈਨੇਡੀਅਨ ਪੁਲਸ (ਆਰ ਸੀ ਐੱਮ ਪੀ) ਵਿੱਚ ਭਰਤੀ ਹੋ ਕੇ ਪੰਜਾਬ ਦਾ ਮਾਣ ਵਧਾਇਆ ਹੈ।ਆਰ ਸੀ ਐੱਮ ਪੀ ਕੈਨੇਡੀਅਨ ਪੁਲਸ ਵਿੱਚ ਕਮਲਜੀਤ ਸਿੰਘ ਦੀ ਭਰਤੀ ਨਾਲ ਜਿੱਥੇ ਪਰਿਵਾਰਕ ਮੈਂਬਰਾਂ ਵਿੱਚ ਖੁਸ਼ੀ ਦਾ ਮਾਹੌਲ ਹੈ, ਉੱਥੇ ਪਿੰਡ ਕੁੱਸਾ ਵਾਸੀ ਵੀ ਨੌਜਵਾਨ 'ਤੇ ਮਾਣ ਮਹਿਸੂਸ ਕਰ ਰਹੇ ਹਨ।ਨੌਜਵਾਨ ਕਮਲਜੀਤ ਸਿੰਘ ਸਟੱਡੀ ਵੀਜ਼ੇ 'ਤੇ ਕੁਝ ਸਾਲ ਪਹਿਲਾਂ ਕੈਨੇਡਾ ਗਿਆ ਸੀ ਅਤੇ ਪੜ੍ਹਾਈ ਵਿੱਚ ਸਖ਼ਤ ਮਿਹਨਤ ਰਾਹੀਂ ਉਸ ਨੇ ਇਹ ਮੁਕਾਮ ਹਾਸਲ ਕੀਤਾ।

## ਚੋਰ ਗਰੋਹ ਵੱਲੋਂ ਛੇ ਮੋਟਰਾਂ ਤੋਂ ਕੇਬਲਾਂ ਚੋਰੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਹਮੀਦੀ 'ਚ ਚੋਰ ਗਰੋਹ ਵੱਲੋਂ ਛੇ ਕਿਸਾਨਾਂ ਦੀਆਂ ਖੇਤੀ ਮੋਟਰਾਂ ਦੀਆਂ ਕੇਬਲ ਤਾਰਾਂ ਚੋਰੀ ਕਰਕੇ ਕਿਸਾਨਾਂ ਨੂੰ ਵੱਡਾ ਆਰਥਿਕ ਨੁਕਸਾਨ ਪਹੁੰਚਾਇਆ ਹੈ।ਮਿਲੀ ਜਾਣਕਾਰੀ ਅਨੁਸਾਰ ਚੋਰਾਂ ਨੇ ਕਿਸਾਨ ਰਾਜਵਿੰਦਰ ਸਿੰਘ, ਮੇਜਰ ਸਿੰਘ ਯਾਦਵਿੰਦਰ ਸਿੰਘ ਥਿੰਦ, ਕੁਲਵਿੰਦਰ ਸਿੰਘ, ਰਣਜੀਤ ਸਿੰਘ ਦੀਆਂ ਖੇਤੀ ਮੋਟਰਾਂ ਤੋਂ ਕੇਬਲ ਤਾਰਾਂ ਚੋਰੀ ਹੋ ਗਈਆਂ।ਪੀੜਤ ਕਿਸਾਨਾਂ ਦਾ ਕਹਿਣਾ ਹੈ ਕਿ ਦੋ ਹਫਤੇ ਦੇ ਕਰੀਬ ਪਹਿਲਾ 20 ਕਿਸਾਨਾਂ ਦੀਆਂ ਖੇਤੀ ਮੋਟਰਾਂ ਦੀਆਂ ਕੇਬਲਾਂ ਚੋਰੀ ਹੋਣ ਦੇ ਮਾਮਲੇ ਸਬੰਧੀ ਸਬੰਧਤ ਪੁਲਸ ਅਜੇ ਤੱਕ ਕਿਸੇ ਵੀ ਸਿੱਟੇ 'ਤੇ ਨਹੀਂ ਪਹੁੰਚ ਸਕੀ।ਪਿੰਡ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕਰਕੇ ਚੋਰ ਗਰੋਹ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇ।ਇਸ ਮੌਕੇ ਦੁਖੀ ਕਿਸਾਨਾਂ ਨੇ ਨਾਅਰੇਬਾਜ਼ੀ ਕਰਕੇ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ ਹੈ।

## ਮਾਤਾ ਨਹਿਰਾਂ ਵਾਲੀ ਵਿਖੇ ਮਨਾਇਆ ਤੀਆਂ ਦਾ ਤਿਉਹਾਰ



**ਮਮਦੋਟ (ਹਰਪਾਲ ਸਿੰਘ ਸੋਢੀ)**-ਸਾਉਣ ਦੇ ਮਹੀਨੇ ਨੂੰ ਮੁੱਖ ਰੱਖਦੇ ਹੋਏ ਮਮਦੋਟ ਦੇ ਵੱਖ ਵੱਖ ਪਿੰਡਾਂ ਦੀਆਂ ਧੀਆਂ ਭੈਣਾਂ ਤੇ ਨਵ-ਵਿਆਹੁਤਾ ਵੱਲੋਂ ਤੀਆਂ ਦਾ ਤਿਉਹਾਰ ਮਾਤਾ ਨਹਿਰਾਂ ਵਾਲੀ ਦੇ ਵਿਸ਼ਾਲ ਸ਼ੈਡ ਦੇ ਥੱਲੇ ਮੀਤ ਡਿਜ਼ਾਇਨਰ ਬੁਟੀਕ ਦੇ ਸਹਿਯੋਗ ਨਾਲ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵੱਖ ਵੱਖ ਤਰ੍ਹਾਂ ਦੀਆਂ ਪੀਂਘਾਂ ਤੇ ਲੜਕੀਆਂ ਵੱਲੋਂ ਹੱਥ ਨਾਲ ਬਣਾਏ ਗਏ ਸਾਮਾਨ ਖਿੱਚ ਦਾ ਕੇਂਦਰ ਬਣੇ ਰਹੇ। ਇਸ ਸਬੰਧੀ ਮੀਤ ਡਿਜ਼ਾਇਨਰ ਬੁਟੀਕ ਤੇ ਤੀਆਂ ਦੇ ਪ੍ਰੋਗਰਾਮ ਦੇ ਸੰਚਾਲਕਾ ਅਮਨਦੀਪ ਕੌਰ ਤੇ ਪਰਮਿੰਦਰ ਕੌਰ ਨੇ ਦੱਸਿਆ ਕਿ ਮੀਤ ਡਿਜ਼ਾਇਨਰ ਬੁਟੀਕ ਵੱਲੋਂ ਦੂਸਰੀ ਵਾਰ ਤੀਆਂ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ।ਇਸ ਵਿੱਚ ਮਮਦੋਟ ਸਮੇਤ ਵੱਖ ਵੱਖ ਪਿੰਡਾਂ ਵਿੱਚੋਂ ਮਹਿਲਾਵਾਂ ਨੇ ਸ਼ਿਰਕਤ ਕਰਕੇ ਇਸ ਤੀਆਂ ਦੇ ਮੇਲੇ ਦੀ ਸ਼ਾਨ ਵਧਾਈ ਹੈ। ਇਸ ਮੌਕੇ ਜਲੰਧਰ ਤੋਂ ਵਿਸ਼ੇਸ਼ ਤੌਰ 'ਤੇ ਐੱਸ ਐੱਮ ਇੰਟਰਟੇਨਮੈਂਟ ਦੀ ਟੀਮ ਨੇ ਪਹੁੰਚ ਕੇ ਖ਼ੂਬ ਰੰਗ ਬੰਨ੍ਹਿਆ। ਮਹਿਲਾਵਾਂ ਨੇ ਪੰਜਾਬੀ ਵਿਰਸੇ ਨਾਲ ਸਬੰਧਤ ਲੋਕ ਬੋਲੀਆਂ, ਸਿੱਠਣੀਆਂ, ਸੁਹਾਗ, ਟੱਪੇ ਆਦਿ ਗਾ ਕੇ ਪੁਰਾਣੇ ਸੱਭਿਆਚਾਰ ਨੂੰ ਤਾਜ਼ਾ ਕੀਤਾ। ਮੰਚ ਉੱਪਰ ਪੁਰਾਣੇ ਸੱਭਿਆਚਾਰ ਨੂੰ ਦਰਸਾਉਂਦਾ ਹੋਇਆ ਚਰਖਾ, ਚਾਟੀ ਮਧਾਣੀ, ਛੱਜ, ਲਾਲਟੈਨ, ਦੌਰੀ ਕੂੰਡਾ ਖਿੱਚ ਦਾ ਕੇਂਦਰ ਬਣੇ ਰਹੇ। ਮੀਤ ਬੁਟੀਕ ਵੱਲੋਂ ਆਏ ਹੋਏ ਦਰਸ਼ਕਾਂ ਲਈ ਖਾਣ-ਪੀਣ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ।

## ਹਰਜੋਤ ਬੈਂਸ ਨੇ ਸ਼ਹੀਦ ਲਾਂਸ ਨਾਇਕ ਪ੍ਰਿਤਪਾਲ ਸਿੰਘ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਸ੍ਰ. ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਭਾਸ਼ਾ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਜ਼ਿਲ੍ਹਾ ਲੁਧਿਆਣਾ ਦੇ ਉਪ ਮੰਡਲ ਸਮਰਾਲਾ ਅਧੀਨ ਪੈਂਦੇ ਪਿੰਡ ਮਾਨੂੰਪੁਰ ਵਿਖੇ ਸ਼ਹੀਦ ਲਾਂਸ ਨਾਇਕ ਪ੍ਰਿਤਪਾਲ ਸਿੰਘ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ।ਪ੍ਰਿਤਪਾਲ ਸਿੰਘ ਜੰਮੂ ਕਸ਼ਮੀਰ ਦੇ ਕੁਲਗਾਮ ਵਿੱਚ ਅੱਤਵਾਦੀਆਂ ਨਾਲ ਮੁਕਾਬਲੇ ਵਿੱਚ ਸ਼ਹੀਦ ਹੋ ਗਏ ਸਨ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਹੀਦ ਪ੍ਰਿਤਪਾਲ ਸਿੰਘ ਦੀ ਧਰਮ ਪਤਨੀ ਮਨਪ੍ਰੀਤ ਕੌਰ, ਪਿਤਾ ਹਰਬੰਸ ਸਿੰਘ, ਮਾਤਾ ਤੇ ਭਰਾਵਾਂ ਨਾਲ ਦੁੱਖ ਵੰਡਾਇਆ ਅਤੇ ਕਿਹਾ ਕਿ ਪੰਜਾਬ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਪਰਵਾਰ ਨਾਲ ਖੜੀ ਹੈ ਤੇ ਸਰਕਾਰ ਵੱਲੋਂ ਜੋ ਸੰਭਵ ਮੱਦਦ ਹੋਵੇਗੀ, ਉਹ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਨੇ ਵੀ ਸ਼ਹੀਦ ਲਾਂਸ ਨਾਇਕ ਪ੍ਰਿਤਪਾਲ ਸਿੰਘ ਤੇ ਸ਼ਹੀਦ ਹਰਮਿੰਦਰ ਸਿੰਘ ਦੇ ਪਰਵਾਰਾਂ ਨਾਲ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਡੇ ਜਵਾਨ ਦੁਸ਼ਮਣਾਂ ਦਾ ਡੱਟ ਕੇ ਮੁਕਾਬਲਾ ਕਰ ਰਹੇ ਹਨ, ਉਨ੍ਹਾਂ ਦੇ ਇਸ ਜਜ਼ਬੇ ਕਾਰਨ ਹੀ ਅਸੀਂ ਦੇਸ਼ ਵਾਸੀ ਚੈਨ ਦੀ ਨੀਂਦ ਸੌਂ ਰਹੇ ਹਾਂ।ਸ੍ਰ. ਬੈਂਸ ਨੇ ਕਿਹਾ ਕਿ ਸਾਡੇ ਲਈ ਇਹ ਦੁੱਖ ਦੀ ਘੜੀ ਹੈ, ਅਸੀਂ ਅਕਾਲ ਪੁਰਖ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪ ਦੇ ਵਾਅਦੇ ਮੁਤਾਬਿਕ ਪਰਵਾਰ ਦੀ ਹਰ ਸੰਭਵ ਸਹਾਇਤਾ ਕਰੇਗੀ।ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਆਜ਼ਾਦੀ ਦਿਹਾੜੇ ਨੂੰ ਸਮਰਪਤ ਪੁਲਸ ਵੱਲੋਂ ਸ਼ਹਿਰ 'ਚ ਫਲੈਗ ਮਾਰਚ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐੱਸ.ਐੱਸ.ਪੀ. ਪਟਿਆਲਾ ਸ੍ਰੀ ਵਰੁਣ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਡੀ.ਐੱਸ.ਪੀ. ਸਮਾਣਾ ਫ਼ਤਿਹ ਸਿੰਘ ਬਰਾੜ ਦੀ ਅਗਵਾਈ ਹੇਠ ਆਜ਼ਾਦੀ ਦਿਹਾੜੇ ਨੂੰ ਸਮਰਪਤ ਸਮਾਣਾ ਸ਼ਹਿਰ ਅੰਦਰ ਫਲੈਗ ਮਾਰਚ ਕੱਢਿਆ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ.ਐੱਸ.ਪੀ. ਫ਼ਤਿਹ ਸਿੰਘ ਬਰਾੜ ਨੇ ਦੱਸਿਆ ਕਿ ਆਜ਼ਾਦੀ ਦਿਹਾੜੇ ਨੂੰ ਮੁੱਖ ਰੱਖਦਿਆਂ ਸਮਾਜ ਵਿਰੋਧੀ ਅਨਸਰਾਂ 'ਤੇ ਪੁਲਸ ਵੱਲੋਂ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ ਤਾਂ ਕਿ ਕੋਈ ਭੈੜਾ ਅਨਸਰ ਆਜ਼ਾਦੀ ਦਿਹਾੜੇ ਦੇ ਜਸ਼ਨਾਂ ਵਿੱਚ ਵਿਘਨ ਨਾ ਪਾ ਸਕੇ।ਉਨ੍ਹਾਂ ਕਿਹਾ ਕਿ ਸਬ ਡਵੀਜ਼ਨ ਸਮਾਣਾ ਅਧੀਨ ਆਉਂਦੇ ਥਾਣਿਆਂ ਤੇ ਪੁਲਸ ਚੌਕੀਆਂ ਵਿਖੇ ਤਾਇਨਾਤ ਪੁਲਸ ਅਫਸਰਾਂ ਨੂੰ ਦਿਨ-ਰਾਤ ਚੌਕਸੀ ਰੱਖਣ ਦੇ ਸਖ਼ਤ ਆਦੇਸ਼ ਦਿੱਤੇ ਗਏ ਹਨ।ਉਨ੍ਹਾਂ ਆਮ ਪਬਲਿਕ ਨੂੰ ਵੀ ਅਪੀਲ ਕੀਤੀ ਗਈ ਕਿ ਜੇਕਰ ਉਨ੍ਹਾਂ ਨੂੰ ਕੋਈ ਲਾਵਾਰਸ ਚੀਜ਼ ਮਿਲਦੀ ਹੈ ਜਾਂ ਕੋਈ ਸਮਾਜ ਵਿਰੋਧੀ ਅਨਸਰ ਦਿਖਾਈ ਦਿੰਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ।ਇਸ ਫਲੈਗ ਮਾਰਚ ਵਿੱਚ ਥਾਣਾ ਸਿਟੀ ਸਮਾਣਾ ਇੰਚਾਰਜ ਜਸਪ੍ਰੀਤ ਸਿੰਘ, ਥਾਣਾ ਸਦਰ ਸਮਾਣਾ ਇੰਚਾਰਜ ਅਜੇ ਕੁਮਾਰ ਪਰੋਚਾ ਤੋਂ ਇਲਾਵਾ ਵੱਖ ਵੱਖ ਥਾਣਿਆਂ ਤੇ ਪੁਲਸ ਚੌਕੀਆਂ ਦੀਆਂ ਪੁਲਸ ਪਾਰਟੀਆਂ ਹਾਜ਼ਰ ਰਹੀਆਂ।

## ਸਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵਚਨਬੱਧ : ਚੇਅਰਮੈਨ ਜੱਸੀ



**ਨਾਭਾ (ਵਰਿੰਦਰ ਵਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪੰਜਾਬ ਵਿੱਚ ਬਣਾਏ ਜਾ ਰਹੇ ਨਵੇਂ ਖੇਡ ਗਰਾਉਂਡਾਂ ਤਹਿਤ ਨਾਭਾ ਹਲਕੇ ਦੇ 27 ਪਿੰਡਾਂ ਵਿੱਚ 9.40 ਕਰੋੜ ਰੁਪਏ ਦੀ ਲਾਗਤ ਨਾਲ 27 ਮਿੰਨੀ ਸਟੇਡੀਅਮ ਬਣਾਏ ਜਾਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸਥਾਨਕ ਨਵੀਂ ਅਨਾਜ ਮੰਡੀ ਵਿੱਚ ਸ਼ਹੀਦ ਊਧਮ ਸਿੰਘ ਕਲੱਬ ਵੱਲੋਂ ਸਵ. ਨਸੀਬ ਸਿੰਘ ਪਹਿਲਵਾਨ ਦੀ ਯਾਦ ਨੂੰ ਸਮਰਪਤ ਕਰਵਾਏ ਗਏ ਵਿਸ਼ਾਲ ਕੁਸ਼ਤੀ ਦੰਗਲ ਦੌਰਾਨ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਖੇਡ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਤੇ ਖੇਡਾਂ ਵਤਨ ਪੰਜਾਬ ਦੀਆਂ ਤਹਿਤ ਲੱਖਾਂ ਹੀ ਨਵੇਂ ਖਿਡਾਰੀ ਪੈਦਾ ਹੋ ਰਹੇ ਹਨ ਅਤੇ ਸਰਕਾਰ ਦੇ ਇਸ ਉਪਰਾਲੇ ਨਾਲ ਮੁੜ ਤੋਂ ਨੌਜਵਾਨ ਵਰਗ ਅੰਦਰ ਖੇਡਾਂ ਪ੍ਰਤੀ ਉਤਸ਼ਾਹ ਜਾਗਿਆ ਹੈ।ਇਸ ਮੌਕੇ ਉਨ੍ਹਾਂ ਝੰਡੀ ਦੀ ਕੁਸ਼ਤੀ ਦੇ ਪਹਿਲਵਾਨਾਂ ਨਾਲ ਹੱਥ ਜੋੜੀ ਕਰਵਾ ਕੇ ਕੁਸ਼ਤੀ ਦੰਗਲ ਦਾ ਆਨੰਦ ਮਾਣਿਆ।ਇਸ ਮੌਕੇ ਸਵ. ਨਸੀਬ ਸਿੰਘ ਪਹਿਲਵਾਨ ਦੇ ਸਪੁੱਤਰ ਸੰਦੀਪ ਸਿੰਘ ਚੌਹਾਨ, ਸ਼ੀਲਾ ਪਹਿਲਵਾਨ, ਸੁਰਿੰਦਰ ਸਿੰਘ ਚੌਹਾਨ, ਬਲਵਿੰਦਰ ਸਿੰਘ ਭੱਠਲ, ਸੁਨੀਲ ਬੌਸਰ, ਜੱਗੀ ਭਲਵਾਨ, ਸੱਤੀ ਪਹਿਲਵਾਨ, ਰਾਜਵੀਰ ਪਹਿਲਵਾਨ, ਕਾਲੂ ਪਹਿਲਵਾਨ, ਲਖਮੀਰ ਲੱਖਾ ਪ੍ਰਧਾਨ ਲੇਬਰ ਯੂਨੀਅਨ ਸਮੇਤ ਸਮੁੱਚੇ ਪ੍ਰਬੰਧਕਾਂ ਨੇ ਕੁਸ਼ਤੀ ਦੰਗਲ ਵਿੱਚ ਪੁੱਜਣ 'ਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਸਨਮਾਨ ਕੀਤਾ।

## ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਤੇ ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੇ ਚੇਅਰਪਰਸਨ ਬਣਾਉਣ ਦਾ ਸਵਾਗਤ : ਜਵੰਧਾ



**ਧੂਰੀ (ਮਹਿਤ ਗਰਗ, ਬਿੰਨੀ ਗਰਗ)**-ਅਕਾਲੀ ਆਗੂ ਮਾਸਟਰ ਹਰਦੇਵ ਸਿੰਘ ਜਵੰਧਾ ਜ਼ਿਲ੍ਹਾ ਡੈਲੀਗੇਟ ਸ਼੍ਰੋਮਣੀ ਅਕਾਲੀ ਦਲ ਭਰਤੀ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਤੇ ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦਾ ਚੇਅਰਪਰਸਨ ਬਣਾਉਣ ਦਾ ਭਰਪੂਰ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਸੁਨਹਿਰੀ ਭਵਿੱਖ ਦੀ ਆਸ ਬੱਝੀ ਹੈ, ਕਿਉਂਕਿ ਗਿਆਨੀ ਹਰਪ੍ਰੀਤ ਸਿੰਘ ਤੇ ਬੀਬੀ ਸਤਵੰਤ ਕੌਰ ਦੋਵੇਂ ਹੀ ਪੰਥ ਪ੍ਰਸਤ, ਨਿਧੜਕ ਜਰਨੈਲ ਤੇ ਉੱਚ ਸਿੱਖਿਆ ਪ੍ਰਾਪਤ ਸਿੱਖ ਵਿਦਵਾਨ ਹਨ, ਜਿਨ੍ਹਾਂ ਦਾ ਰੋਮ ਰੋਮ ਪੰਥ ਪ੍ਰਸਤੀ ਤੇ ਪੰਥਕ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ। ਜਵੰਧਾ ਨੇ ਡੈਲੀਗੇਟ ਅਜਲਾਸ ਵੱਲੋਂ ਪਾਸ ਕੀਤੇ ਮਤਿਆਂ ਨੂੰ ਵੀ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਦੱਸਿਆ, ਜਿਨ੍ਹਾਂ ਉੱਤੇ ਪਹਿਰਾ ਦੇਣ ਨਾਲ ਸ਼੍ਰੋਮਣੀ ਅਕਾਲੀ ਦਲ ਮਜ਼ਬੂਤ ਹੋਵੇਗਾ। ਹੁਣ ਸਮੂਹ ਪੰਜਾਬ ਵਾਸੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇਣ ਦਾ ਸਮਾਂ ਹੈ।

## ਟਰੇਡ ਯੂਨੀਅਨਾਂ ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼-ਵਿਆਪੀ ਵਿਰੋਧ ਦਿਵਸ ਸਾਂਝੇ ਤੌਰ 'ਤੇ ਮਨਾਉਣ ਦਾ ਫੈਸਲਾ

### ਅਮਰੀਕਨ ਸਾਮਰਾਜ ਦੇ ਦਬਾਅ ਅੱਗੇ ਕਮਜ਼ੋਰੀ ਵਿਖਾਉਣ ਕਾਰਨ ਮੋਦੀ ਸਰਕਾਰ ਦੀ ਨਿੰਦਾ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸਾਮਰਾਜੀ ਦੇਸ਼ਾਂ ਅਮਰੀਕਾ ਤੇ ਬਰਤਾਨੀਆ ਵੱਲੋਂ ਜਿਸ ਤਰ੍ਹਾਂ ਭਾਰਤ ਸਮੇਤ ਹੋਰ ਸੁਤੰਤਰ ਦੇਸ਼ਾਂ ਖ਼ਿਲਾਫ਼ ਵਪਾਰਕ ਜੰਗ ਛੇੜੀ ਗਈ ਹੈ ਤੇ ਆਪਣੇ ਹਿੱਤਾਂ ਨੂੰ ਮੂਹਰੇ ਰੱਖ ਕੇ ਵਪਾਰਕ ਸਮਝੌਤੇ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ, ਇਸ ਦਾ ਭਾਰਤ ਦੀਆਂ ਦਸ ਕੇਂਦਰੀ ਟਰੇਡ ਯੂਨੀਅਨਾਂ ਨੇ ਕਿਸਾਨ ਭਰਾਵਾਂ ਨਾਲ ਮਿਲ ਕੇ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ।ਏਐੱਕ ਸੰਘਰਸ਼ਸ਼ੀਲ ਜਥੇਬੰਦੀਆਂ ਦੀ ਸਥਾਨਕ ਦਰਬਾਰ ਗੰਜ ਰੈਸਟ ਹਾਊਸ ਵਿੱਚ ਮੀਟਿੰਗ ਹੋਈ।

ਇਸ ਮੀਟਿੰਗ ਵਿੱਚ ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਦੇ ਆਗੂ ਅਸ਼ੋਕ ਕੌਸ਼ਲ, ਮੰਡੀ ਬੋਰਡ ਮੁਲਾਜ਼ਮ ਆਗੂ ਵੀਰਇੰਦਰਜੀਤ ਸਿੰਘ ਪੁਰੀ, ਪਸਸਫ ਰਾਣਾ ਦੇ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸਿਮਰਜੀਤ ਸਿੰਘ ਬਰਾੜ, ਨਰੇਗਾ ਮਜ਼ਦੂਰ ਯੂਨੀਅਨ ਦੇ ਸੀਨੀਅਰ ਆਗੂ ਕਾਮਰੇਡ ਵੀਰ ਸਿੰਘ ਕੰਮੇਆਣਾ, ਦਰਜਾ ਚਾਰ ਮੁਲਾਜ਼ਮ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਸਹੋਤਾ, ਅਧਿਆਪਕ ਆਗੂ ਪ੍ਰੀਤਮ ਸਿੰਘ, ਕਰਮਜੀਤ ਸਿੰਘ ਤੇ ਗੁਰਦੀਪ ਸਿੰਘ ਨੇ ਦੱਸਿਆ ਕਿ ਸਾਮਰਾਜੀ ਦੇਸ਼ਾਂ, ਖ਼ਾਸ ਕਰਕੇ ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਆਪਣੇ ਖੇਤੀ ਤੇ ਡੇਅਰੀ ਉਤਪਾਦ ਲਈ ਭਾਰਤੀ ਬਜ਼ਾਰ ਖੋਲ੍ਹਣ ਤੇ ਭਾਰਤੀ ਬਜ਼ਾਰ ਨੂੰ ਅਮਰੀਕਨ ਕੰਪਨੀਆਂ ਦਾ 'ਡੰਪਿੰਗ ਗਰਾਊਂਡ' ਬਣਾਉਣ ਲਈ ਜਿਵੇਂ ਦਬਾਅ ਪਾਇਆ ਜਾ ਰਿਹਾ ਹੈ, ਉਸ ਨਾਲ ਭਾਰਤ ਦੇ ਕਿਸਾਨ ਤੇ ਦੁੱਧ ਉਤਪਾਦਕ ਬੁਰੀ ਤਰ੍ਹਾਂ ਤੇ ਤਬਾਹ ਹੋ ਜਾਣਗੇ।ਭਾਰਤ ਵੱਲੋਂ ਰੂਸ ਤੇ ਇਰਾਨ ਤੋਂ ਸਸਤਾ ਤੇਲ ਖ਼ਰੀਦਣ ਕਾਰਨ ਟਰੰਪ ਵੱਲੋਂ ਭਾਰਤੀ ਵਸਤਾਂ 'ਤੇ 50% ਟੈਰਿਫ ਲਗਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਪਰ ਮੋਦੀ ਸਰਕਾਰ ਨੇ ਇੱਕ ਵਾਰ ਵੀ ਟਰੰਪ ਨੂੰ ਠੋਕਵਾਂ ਜਵਾਬ ਨਹੀਂ ਦਿੱਤਾ, ਜਿਸ ਕਾਰਨ ਖ਼ਤਰਾ ਬਣਿਆ ਹੋਇਆ ਹੈ ਕਿ ਕਿਤੇ ਮੋਦੀ ਸਰਕਾਰ ਭਾਰਤ ਦੇ ਕਰੋੜਾਂ ਮਿਹਨਤਕਸ਼ ਲੋਕਾਂ ਦੇ ਹਿੱਤ ਸਾਮਰਾਜ ਅੱਗੇ ਗਹਿਣੇ ਨਾ ਪਾ ਦੇਵੇ।ਇਸ ਹਾਲਾਤ ਦੀ ਗੰਭੀਰਤਾ ਨੂੰ ਵੇਖਦੇ ਹੋਏ ਕਿਸਾਨ ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ 13 ਅਗਸਤ ਨੂੰ ਸਵੇਰੇ ਠੀਕ 11 ਵਜੇ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫ਼ਤਰ ਮਿਨੀ ਸਕੱਤਰੇਤ ਵਿਖੇ 'ਵਿਰੋਧ ਦਿਵਸ' ਮਨਾਇਆ ਜਾਵੇਗਾ।ਇਸ ਵਿੱਚ ਸਿਵਲ ਪੈਨਸ਼ਨਰ ਐਸੋਸੀਏਸ਼ਨ, ਸਫ਼ਾਈ ਮਜ਼ਦੂਰ ਯੂਨੀਅਨ, ਡੀ ਟੀ ਐੱਫ ਤੇ ਹੋਰ ਜਥੇਬੰਦੀਆਂ ਨੇ ਵੀ ਵਿਰੋਧ ਦਿਵਸ ਵਿੱਚ ਸ਼ਾਮਲ ਹੋਣ ਲਈ ਸਹਿਮਤੀ ਪ੍ਰਗਟ ਕੀਤੀ ਹੈ।

## ਬਿਜਲੀ ਮੁਲਾਜ਼ਮਾਂ ਵੱਲੋਂ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੀ ਐੱਸ ਪੀ ਸੀ ਐੱਲ ਇੰਪਲਾਇਜ਼ ਜਾਇੰਟ ਫੋਰਮ ਏਕਤਾ ਮੰਚ ਐਸੋਸੀਏਸਨ ਆਫ ਜੂਨੀਅਰ ਇੰਜੀਨੀਅਰ ਤੇ ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਟ੍ਰਾਂਸਕੋ ਗਿੱਦੜਬਾਹਾ ਵੱਲੋਂ ਜਥੇਬੰਦੀਆਂ ਦੇ ਸੱਦੇ 'ਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਖਿਲਾਫ ਸੂਬਾ ਪੱਧਰ 'ਤੇ ਸਮੂਹਕ ਛੁੱਟੀ ਲੈ ਕੇ ਸਰਕਾਰ ਵਿਰੁੱਧ ਤਿੰਨ ਰੋਜ਼ਾ ਸੰਘਰਸ ਅਰੰਭਿਆ ਗਿਆ।

ਸੰਘਰਸ਼ ਦੌਰਾਨ ਬੁਲਾਰਿਆਂ ਵੱਲੋਂ 13% ਮਹਿਗਾਈ ਭੱਤੇ ਦੀ ਅਦਾਇਗੀ ਤਨਖਾਹ ਸਕੇਲਾਂ ਵਿੱਚ ਸੋਧ, ਘਾਤਕ ਹਾਦਸਿਆਂ ਵਿੱਚ ਪੀੜਤ ਪਰਵਾਰਾਂ ਨੂੰ ਮੁਆਵਜ਼ਾ, ਤਰਸ ਦੇ ਅਧਾਰ 'ਤੇ ਨਿਯੁਕਤ ਕਰਮਚਾਰੀਆਂ ਤੋਂ ਵਿਆਜ ਸਮੇਤ ਰਿਕਵਰੀ ਵਸੂਲਨ, ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨਾ, ਓਵਰ ਟਾਇਮ ਦਾ ਬਕਾਇਆ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ, ਖਾਲੀ ਪਈਆਂ ਅਸਾਮੀਆਂ ਨੂੰ ਪੂਰਾ ਕਰਨਾ ਅਤੇ ਹੋਰ ਹੱਕੀ ਮੰਗਾਂ ਸਬੰਧੀ ਜਾਣੂ ਕਰਵਾਇਆ ਗਿਆ ਅਤੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਤੇ ਬਿਜਲੀ ਮੈਨੇਜਮੈਂਟ ਵੱਲੋਂ ਇਹ ਮੰਗਾਂ ਲਾਗੂ ਕਰਕੇ ਸਰਕੂਲਰ ਜਾਰੀ ਨਹੀਂ ਕੀਤੇ ਜਾਂਦੇ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਪਣਾਈਆਂ ਜਾ ਰਹੀਆਂ ਕਿਸਾਨ ਮਜ਼ਦੂਰ ਮੁਲਾਜ਼ਮ ਤੇ ਹੋਰ ਕਿਰਤੀ ਵਰਗ ਵਿਰੋਧੀ ਨੀਤੀਆਂ ਖਿਲਾਫ ਡੱਟ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਸੰਘਰਸ਼ ਵਿੱਚ ਗਿੱਦੜਬਾਹਾ ਦੀਆਂ ਪਾਵਰਕਾਮ ਅੰਦਰ ਕੰਮ ਕਰਦੀਆਂ ਵੱਖ ਵੱਖ ਜਥੇਬੰਦੀਆਂ ਨੇ ਹਿੱਸਾ ਲਿਆ। ਇਸ ਮੌਕੇ ਵੰਸ ਦਾਬੜਾ, ਨਵਜੋਤ ਸਿੰਘ, ਜਗਦੀਸ਼ ਸਿੰਘ ਛੱਤਿਆਣਾ, ਬਲਤੇਜ ਸਿੰਘ, ਕੁਲਦੀਪ ਸਿੰਘ, ਨੌਨਿਹਾਲ ਸਿੰਘ, ਕੁਲਵਿੰਦਰ ਸਿੰਘ, ਜਸਵਿੰਦਰ ਸਿੰਘ, ਲੱਖਵਿੰਦਰ ਸਿੰਘ, ਰੂਪ ਸਿੰਘ, ਗੁਰਦਿੱਤ ਸਿੰਘ, ਸਮਸ਼ੇਰ ਸਿੰਘ, ਮੇਘਰਾਜ ਬੁੱਟਰ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਇਹ ਵੀ ਕਿਹਾ ਕਿ ਜੇਕਰ ਸਰਕਾਰ ਲੋਕ ਤੇ ਮੁਲਾਜ਼ਮ ਮਾਰੂ ਨੀਤੀਆਂ ਤੋਂ ਬਾਝ ਨਾ ਆਈ ਤਾਂ ਇਹ ਸੰਘਰਸ਼ ਅੱਗੇ ਹੋਰ ਵਧਾਇਆ ਜਾਵੇਗਾ।

## ਦੇਸ਼ ਭਗਤ ਯੂਨੀਵਰਸਿਟੀ ਵਿਖੇ ਪੁਸਤਕ 'ਉੱਠ ਪੰਜਾਬ ਸਿਆਂ' ਰਿਲੀਜ਼

### ਇਹ ਪੁਸਤਕ ਨਸ਼ਿਆਂ ਖਿਲਾਫ ਮਹੱਤਵਪੂਰਨ ਸਾਹਿਤਕ ਦਸਤਾਵੇਜ਼ : ਡਾ. ਜ਼ੋਰਾ ਸਿੰਘ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਸਾਬਕਾ ਆਈਏਐੱਸ ਅਧਿਕਾਰੀ ਕੈਪਟਨ ਨਰਿੰਦਰ ਸਿੰਘ ਦੀ ਅੰਗਰੇਜ਼ੀ ਕਿਤਾਬ 'ਏ ਬਿਊਰੋਕਰੇਟ ਰਿਕਾਲਜ਼' ਦਾ ਪੰਜਾਬੀ ਅਨੁਵਾਦ, ਜਿਸ ਦਾ ਸਿਰਲੇਖ 'ਉੱਠ ਪੰਜਾਬ ਸਿਆਂ', ਦੇਸ਼ ਭਗਤ ਯੂਨੀਵਰਸਿਟੀ ਵਿਖੇ ਰਿਲੀਜ਼ ਕੀਤਾ ਗਿਆ। ਇਸ ਦਾ ਅਨੁਵਾਦ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ, ਲੋਕਧਾਰਾ ਤੇ ਸੱਭਿਆਚਾਰ ਕੇਂਦਰ ਦੇ ਕੋਆਰਡੀਨੇਟਰ ਪ੍ਰੋ. ਧਰਮਿੰਦਰ ਸਿੰਘ ਵੱਲੋਂ ਕੀਤਾ ਗਿਆ।

ਇਸ ਮੌਕੇ ਕਿਤਾਬ ਨੂੰ ਰਿਲੀਜ਼ ਕਰਦੇ ਹੋਏ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਇਸ ਨੂੰ ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਸਮਰਥਨ ਵਿੱਚ ਇੱਕ ਮਹੱਤਵਪੂਰਨ ਸਾਹਿਤਕ ਦਸਤਾਵੇਜ਼ ਦੱਸਿਆ। ਉਨ੍ਹਾਂ ਕਿਹਾ ਕਿ ਇਹ ਕੰਮ ਅਨੁਵਾਦ ਤੇ ਪਰਿਵਰਤਨਸ਼ੀਲ ਸਾਹਿਤ ਲਈ ਡੀਬੀਯੂ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ। ਆਪਣੇ ਸੰਬੋਧਨ ਵਿੱਚ ਕੈਪਟਨ ਨਰਿੰਦਰ ਸਿੰਘ ਨੇ ਦੱਸਿਆ ਕਿ ਪੁਸਤਕ ਦਾ ਵਿਸ਼ਾਲ ਵਿਸ਼ਾ-ਖੇਤਰ ਦੇਸ਼ ਦੀ ਵੰਡ ਦਾ ਇਤਿਹਾਸ, ਸਿੱਖ ਰੈਜੀਮੈਂਟ, ਓਲੰਪਿਕ ਤੇ ਏਸ਼ੀਆਈ ਖੇਡਾਂ ਵਿੱਚ ਪੰਜਾਬ ਦੀ ਭੂਮਿਕਾ ਤੇ ਮੌਜੂਦਾ ਚੁਣੌਤੀਆਂ ਨਸ਼ੇ, ਗੈਂਗਸਟਰ ਤੇ ਗੈਂਗਵਾਰ, ਨੌਜਵਾਨਾਂ ਦਾ ਵਿਦੇਸ਼ਾਂ ਵੱਲ ਰੁਝਾਨ, ਭ੍ਰਿਸ਼ਟਾਚਾਰ ਤੇ ਰਾਜਨੀਤਕ ਅਧਿਕਾਰੀਆਂ ਅਤੇ ਸਮਗਲਰਾਂ ਦੇ ਗਠਜੋੜ ਨੂੰ ਸਮੇਟਦਾ ਹੈ। ਪ੍ਰੋ ਵਾਈਸ-ਚਾਂਸਲਰ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਇਹ ਅਨੁਵਾਦ ਭਾਰਤ ਸਰਕਾਰ ਦੇ ਅਨੁਵਾਦ ਮਿਸ਼ਨ ਲਈ ਖ਼ਾਸ ਯੋਗਦਾਨ ਹੈ, ਖ਼ਾਸ ਕਰਕੇ ਯੂ.ਜੀ.ਸੀ. ਦੀ ਪੁਸਤਕ ਯੋਜਨਾ ਵਿੱਚ ਸਾਡੀ ਯੂਨੀਵਰਸਿਟੀ ਦੀ ਸ਼ਮੂਲੀਅਤ ਹੈ। ਇਸ ਸਮਾਗਮ ਵਿੱਚ ਪਦਮਸ਼੍ਰੀ ਓਲੰਪੀਅਨ ਕਰਤਾਰ ਸਿੰਘ ਤੇ ਸਰਵਣ ਸਿੰਘ, ਸਟਾਰੈਕਸ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਐੱਮ ਐੱਮ ਗੋਇਲ, ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੋ ਚਾਂਸਲਰ ਡਾ. ਤਜਿੰਦਰ ਕੌਰ, ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ ਤੇ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਪ੍ਰਧਾਨ ਭੁਪਿੰਦਰ ਮਲਿਕ, ਪ੍ਰਸਿੱਧ ਲੇਖਕ ਪਾਲ ਅਜਨਬੀ ਸਮੇਤ ਵਿਸ਼ੇਸ਼ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦਾ ਸੰਚਾਲਨ ਡਾ. ਰੇਣੂ ਸ਼ਰਮਾ ਨੇ ਕੀਤਾ ਤੇ ਧੰਨਵਾਦ ਦਾ ਮਤਾ ਪ੍ਰੋ. ਰਾਮ ਸਿੰਘ ਗੁਰਨਾ ਨੇ ਦਿੱਤਾ।

## ਪੂਨਮ ਕਾਂਗੜਾ ਤੇ ਦਰਸ਼ਨ ਕਾਂਗੜਾ ਮਿਸਾਲ-ਏ-ਭਾਰਤ ਐਵਾਰਡ ਨਾਲ ਸਨਮਾਨਤ

### ਵੱਡੇ ਪੱਧਰ 'ਤੇ ਸਮਾਜ ਸੇਵਾ ਦੇ ਕੰਮਾਂ ਸਦਕਾ ਮਿਲਿਆ ਸਨਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਪ੍ਰਸਿੱਧ ਸਮਾਜ ਸੇਵੀ ਜੋੜੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੇ ਮੁੱਖ ਸਰਪ੍ਰਸਤ ਮੈਡਮ ਪੂਨਮ ਕਾਂਗੜਾ ਤੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਨੂੰ ਉਨ੍ਹਾਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਵੱਡੇ ਪੱਧਰ 'ਤੇ ਸਮਾਜ ਸੇਵੀ ਕੰਮਾਂ ਦੇ ਚਲਦਿਆਂ ਮਿਸਾਲ-ਏ-ਭਾਰਤ ਐਵਾਰਡ ਨਾਲ ਸਨਮਾਨਤ ਕੀਤਾ ਗਿਆ, ਜਿਸ ਸਬੰਧੀ ਮਿਸਾਲ ਦਾ ਪਰਾਇਡ ਆਫ਼ ਸੋਸਾਇਟੀ ਪੰਜਾਬ (ਰਜਿ:) ਵੱਲੋਂ ਮਿਸਾਲ-ਏ-ਭਾਰਤ ਐਵਾਰਡ (2025-26) ਪ੍ਰਸੰਸਾ ਪੱਤਰ ਦਿੰਦਿਆਂ ਮੈਡਮ ਪੂਨਮ ਕਾਂਗੜਾ ਤੇ ਸ੍ਰੀ ਦਰਸ਼ਨ ਸਿੰਘ ਕਾਂਗੜਾ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਇਸ ਮਿਲ਼ੇ ਮਾਨ ਸਨਮਾਨ ਲਈ ਮੈਡਮ ਪੂਨਮ ਕਾਂਗੜਾ ਤੇ ਦਰਸ਼ਨ ਕਾਂਗੜਾ ਨੇ ਕਿਹਾ ਕਿ ਉਹ ਪਿਛਲੇ 27 ਸਾਲਾਂ ਤੋਂ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੇ ਬੈਨਰ ਹੇਠ ਸਮਾਜ ਸੇਵੀ ਕੰਮਾਂ ਦੇ ਨਾਲ ਨਾਲ ਧੱਕੇ ਤੇ ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਲਈ ਹਰ ਪੱਧਰ ਤੋਂ ਉੱਪਰ ਉੱਠ ਕੇ ਕੰਮ ਕਰਦੇ ਆ ਰਹੇ ਹਨ, ਇਹ ਸੇਵਾ ਜਿੰਨਾ ਸਮਾਂ ਉਨ੍ਹਾਂ ਦੇ ਸਾਹ ਚਲਦੇ ਹਨ, ਨਿਰੰਤਰ ਜਾਰੀ ਰਹੇਗੀ।ਉਨ੍ਹਾਂ ਕਿਹਾ ਕਿ ਜਦੋਂ ਉਹ ਜਾਂ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦਾ ਕੋਈ ਸਾਥੀ ਕਿਸੇ ਦੀ ਮਦਦ ਕਰਦਾ, ਉਸ ਨਾਲ ਉਨ੍ਹਾਂ ਦੇ ਮਨ ਨੂੰ ਸਕੂਨ ਮਿਲਦਾ ਹੈ। ਮੈਡਮ ਪੂਨਮ ਕਾਂਗੜਾ ਨੇ ਕੋਰੋਨਾ ਕਾਲ ਦਾ ਜ਼ਿਕਰ ਕਰਦਿਆਂ ਕਿਹਾ ਕਿ ਲਾਕ ਡਾਊਨ ਦੌਰਾਨ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਬਿਨਾਂ ਆਪਣੀ ਜਾਨ ਦੀ ਪ੍ਰਵਾਹ ਕਰਦਿਆਂ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿੱਚ ਲਗਾਤਾਰ ਤਿੰਨ ਮਹੀਨੇ ਜਿੱਥੇ ਆਪਣੀ ਤਰਫੋਂ ਲੋਕਾਂ ਨੂੰ ਰਾਸ਼ਨ ਆਦਿ ਜ਼ਰੂਰਤ ਦੀ ਸਮੱਗਰੀ ਮੁਹੱਈਆ ਕਰਵਾਈ ਉਸ ਦੇ ਨਾਲ ਹੀ ਉਸ ਸਮੇਂ ਹੋਰ ਬਿਮਾਰੀਆਂ ਤੋਂ ਪੀੜਤ ਲੋਕਾਂ ਦਾ ਇਲਾਜ ਕਰਵਾਉਣ ਵਿੱਚ ਵੀ ਸਿਹਤ ਵਿਭਾਗ ਨਾਲ ਮਿਲ ਕੇ ਕੰਮ ਕੀਤਾ।

ਉਨ੍ਹਾਂ ਕਿਹਾ ਕਿ ਅੱਜ ਵੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਹਜ਼ਾਰਾਂ ਸਾਥੀ ਪੰਜਾਬ ਹੀ ਨਹੀਂ, ਬਲਕਿ ਪੂਰੇ ਦੇਸ਼ ਅੰਦਰ ਹਰ ਪੱਧਰ ਤੋਂ ਉੱਪਰ ਉੱਠ ਕੇ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਮੈਡਮ ਪੂਨਮ ਕਾਂਗੜਾ ਤੇ ਦਰਸ਼ਨ ਸਿੰਘ ਕਾਂਗੜਾ ਨੇ ਉਨ੍ਹਾਂ ਨੂੰ ਮਿਸਾਲ-ਏ-ਭਾਰਤ ਐਵਾਰਡ ਨਾਲ ਸਨਮਾਨਤ ਕਰਨ ਲਈ ਪ੍ਰਬੰਧਕਾਂ ਦਾ ਦਿਲੋਂ ਧੰਨਵਾਦ ਕੀਤਾ।

## ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਨੂੰ ਵਾਪਸ ਲੈਣ ਦਾ ਫੈਸਲਾ ਸੰਘਰਸ਼ਸ਼ੀਲ ਕਿਸਾਨਾਂ ਤੇ ਲੋਕ ਸ਼ਕਤੀ ਦੀ ਵੱਡੀ ਜਿੱਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਲੋਕਾਂ ਨੇ ਜਿਵੇਂ ਕੇਂਦਰ ਸਰਕਾਰ ਪਾਸੋਂ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਤੋਂ ਬਾਅਦ ਹੁਣ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਨੂੰ ਵੀ ਲੋਕ ਵਿਰੋਧੀ ਲੈਂਡ ਪੂਲਿੰਗ ਨੀਤੀ ਨੂੰ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਹੈ।ਪੰਜਾਬ ਸਰਕਾਰ ਵੱਲੋਂ ਜਦੋਂ ਤੋਂ ਇਹ ਨੀਤੀ ਪੰਜਾਬ ਮੰਤਰੀ ਮੰਡਲ ਤੋਂ ਪਾਸ ਕਰਵਾਈ ਗਈ ਸੀ, ਉਸ ਸਮੇਂ ਤੋਂ ਤੁਰੰਤ ਬਾਅਦ ਇਹ ਨੀਤੀ ਲਾਗੂ ਕਰਨ ਵਾਸਤੇ 14 ਮਾਰਚ 2025 ਤੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ।ਉਸ ਸਮੇਂ ਤੋਂ ਹੀ ਪੰਜਾਬ ਦੇ ਕਿਸਾਨ ਤੇ ਸਮੂਹ ਇਨਸਾਫ਼ ਪਸੰਦ ਜਥੇਬੰਦੀਆਂ ਸੰਘਰਸ਼ ਦੇ ਰਾਹ ਪਈਆਂ ਹੋਈਆਂ ਸਨ।ਹੁਣ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਨੂੰ ਵਾਪਸ ਲੈਣ 'ਤੇ ਟਿੱਪਣੀ ਕਰਦੇ ਹੋਏ ਪੰਜਾਬ ਪੈਨਸ਼ਨਰਜ਼ ਯੂਨੀਅਨ (ਸਬੰਧਤ ਏਟਕ) ਦੇ ਸੂਬਾਈ ਆਗੂ ਗੁਰਜੀਤ ਸਿੰਘ ਘੋੜੇਵਾਹ, ਗੁਰਬਖਸ਼ ਸਿੰਘ ਢਿੱਲੋਂ, ਅਵਤਾਰ ਸਿੰਘ ਗਗੜਾ, ਗੁਰਮੇਲ ਸਿੰਘ ਮੈਲਡੇ, ਅਵਤਾਰ ਸਿੰਘ ਤਾਰੀ, ਬਲਰਾਜ ਸਿੰਘ ਭੰਗੂ, ਨਸੀਬ ਸਿੰਘ ਜੜ੍ਹੋਤ, ਮਨਜੀਤ ਸਿੰਘ ਮਨਸੂਰਾਂ, ਮਨਜੀਤ ਸਿੰਘ ਗਿੱਲ, ਪੋਹਲਾ ਸਿੰਘ ਬਰਾੜ ਤੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਤੇ ਪੰਜਾਬ ਸੁਬਰਾਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਨੂੰ ਸੰਘਰਸ਼ਸ਼ੀਲ ਕਿਸਾਨਾਂ ਤੇ ਲੋਕ ਸ਼ਕਤੀ ਦੀ ਜਿੱਤ ਕਰਾਰ ਦਿੱਤਾ ਹੈ।ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਕਿ ਤੁਰੰਤ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਬੁਲਾ ਕੇ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰਨ ਦਾ ਮਤਾ ਪਾਸ ਕਰਨ ਅਤੇ ਪਹਿਲਾਂ ਕੀਤੇ ਗਏ ਨੋਟੀਫਿਕੇਸ਼ਨ ਨੂੰ ਤੁਰੰਤ ਡੀਨੋਟੀਫਾਈਡ ਕੀਤਾ ਜਾਵੇ।ਇਸੇ ਦੌਰਾਨ ਸੂਬਾਈ ਆਗੂ ਰਣਜੀਤ ਸਿੰਘ ਰਾਣਵਾਂ ਤੇ ਪ੍ਰੇਮ ਚਾਵਲਾ ਨੇ ਪਾਵਰਕਾਮ ਮੁਲਾਜ਼ਮਾਂ ਵੱਲੋਂ ਅਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ 11 ਤੋਂ 13 ਅਗਸਤ ਤੱਕ ਸਮੂਹ ਛੁੱਟੀ ਲੈ ਕੇ ਉਲੀਕੇ ਰੋਸ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਪੰਜਾਬ ਸਰਕਾਰ ਵੱਲੋਂ ਐਸਮਾਂ ਲਾਉਣ ਦੀਆਂ ਧਮਕੀਆਂ ਦੇਣ ਦੀ ਵੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਤੁਰੰਤ ਪਾਵਰਕਾਮ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

## ਮਾਤਾ ਗੁਜਰੀ ਸਕੂਲ ਦੀਆਂ ਖਿਡਾਰਨਾਂ ਵੱਲੋਂ ਰੱਸਾਕਸ਼ੀ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 69ਵੀਂਆਂ ਜ਼ੋਨਲ ਸਕੂਲ ਪੱਧਰੀ ਖੇਡਾਂ (2025-26) ਦੇ ਤਹਿਤ ਰੱਸਾਕਸੀ ਦੇ ਮੁਕਾਬਲੇ ਸ਼ਹੀਦ ਊਧਮ ਸਿੰਘ ਸਟੇਡੀਅਮ ਭੁਨਰਹੇੜੀ ਵਿਖੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ (ਦੇਵੀਗੜ੍ਹ) ਦੀਆਂ ਖਿਡਾਰਣਾਂ ਨੇ ਬੇਮਿਸਾਲ ਪ੍ਰਦਰਸ਼ਨ ਕੀਤਾ।ਖਾਸ ਗੱਲ ਇਹ ਰਹੀ ਕਿ ਅੰਡਰ-19 ਵਿਭਾਗ ਵਿੱਚ ਖਿਡਾਰਣਾਂ ਨੇ ਪਹਿਲਾ ਸਥਾਨ ਹਾਸਲ ਕਰਕੇ ਚੈਂਪੀਅਨ ਬਣਨ ਦਾ ਮਾਣ ਪ੍ਰਾਪਤ ਕੀਤਾ, ਜਦਕਿ ਅੰਡਰ-17 ਖਿਡਾਰਣਾਂ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਸਕੂਲ ਦੀ ਪ੍ਰੈਜ਼ੀਡੈਂਟ ਮੈਡਮ ਰਵਿੰਦਰ ਕੌਰ, ਡਾਇਰੈਕਟਰ ਭੁਪਿੰਦਰ ਸਿੰਘ, ਪ੍ਰਿੰ. ਮਮਤਾ ਮੱਕੜ, ਅਕਾਦਮਿਕ ਡਾਇਰੈਕਟਰ ਤਜਿੰਦਰ ਕੌਰ ਤੇ ਕੋਚ ਮੁਹੰਮਦ ਸਮੀਰ, ਰੇਨੂੰ ਬਾਲਾ ਨੇ ਖਿਡਾਰਣਾਂ ਦੀ ਇਸ ਉਪਲਬਧੀ 'ਤੇ ਮਾਣ ਮਹਿਸੂਸ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਹੋਣ ਵਾਲੀਆਂ ਰਾਜ ਪੱਧਰੀ ਤੇ ਰਾਸ਼ਟਰੀ ਪ੍ਰਤੀਯੋਗਿਤਾਵਾਂ ਲਈ ਦਿਲੋਂ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਮਾਡਰਨ ਕਾਲਜ ਆਫ਼ ਐਜੂਕੇਸ਼ਨ 'ਚ ਮਨਾਇਆ ਅੰਤਰਰਾਸਟਰੀ ਲਾਇਬ੍ਰੇਰੀਅਨ ਦਿਵਸ

**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸਨ ਬੀਰ ਕਲਾਂ ਵਿਖੇ ਅੰਤਰਰਾਸ਼ਟਰੀ ਲਾਈਬ੍ਰੇਰੀਅਨ ਦਿਵਸ ਪ੍ਰਭਾਵਸ਼ਾਲੀ ਤਰੀਕੇ ਨਾਲ ਮਨਾਇਆ ਗਿਆ। ਲਾਇਬ੍ਰੇਰੀ ਦੇ ਪਿਤਾਮਾ ਡਾਕਟਰ ਐਸਆਰ ਰੰਗਾਨਾਥਨ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਸਧਾਰਨ ਸ਼ਬਦਾਂ ਵਿੱਚ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕਿਤਾਬਾਂ ਦੀ ਮਹੱਤਤਾ ਨੂੰ ਕਦੇ ਅਣਗੌਲਿਆ ਨਹੀਂ ਕੀਤਾ ਜਾ ਸਕਦਾ, ਜੋ ਮਨੁੱਖ ਦੀਆਂ ਸੱਚੀਆਂ ਦੋਸਤਾਂ ਹਨ, ਸਾਨੂੰ ਘੱਟੋ ਘੱਟ ਸਾਲ ਵਿੱਚ ਇੱਕ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ। ਉਨ੍ਹਾਂ ਆਪਣੇ ਨਿੱਜੀ ਜੀਵਨ ਵਿੱਚੋਂ ਉਦਾਹਰਣ ਦਿੰਦੇ ਨੇ ਦੱਸਿਆ ਕਿ ਮੈਂ ਹਰ ਵਕਤ ਇੱਕ ਕਿਤਾਬ ਆਪਣੇ ਕੋਲ ਜ਼ਰੂਰ ਰੱਖਦਾ ਹਾਂ ਕਾਲਜ ਦੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਆਪਣੇ ਸ਼ਬਦਾਂ ਵਿੱਚ ਦੱਸਿਆ ਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਮਾਂ ਲਾਇਬ੍ਰੇਰੀ ਵਿੱਚ ਗੁਜਾਰਨਾ ਚਾਹੀਦਾ ਹੈ। ਇਸ ਮੌਕੇ ਲਾਇਬ੍ਰੇਰੀਅਨ ਵੀਰਪਾਲ ਕੌਰ ਤੇ ਅਮਨਜੀਤ ਸਿੰਘ ਨੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਲਾਇਬ੍ਰੇਰੀ ਦੀ ਮਹੱਤਵ ਦੱਸਦੇ ਕਿਹਾ ਕਿ ਅਸੀਂ ਕਿਤਾਬਾਂ ਤੋਂ ਸੇਧ ਲੈਂਦਿਆਂ ਸਮਾਜ ਨੂੰ ਵਧੀਆ ਬਣਾਉਣ ਦਾ ਬੀੜਾ ਚੁੱਕਾਂਗੇ।



## ਲੈਂਡ ਪੂਲਿੰਗ ਵਾਪਸ ਲੈ ਕੇ ਸਰਕਾਰ ਨੇ ਚੰਗਾ ਉੱਦਮ ਕੀਤਾ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

'ਪੰਜਾਬ ਸਰਕਾਰ ਵੱਲੋਂ ਵਿਕਾਸ ਦੇ ਨਾਂਅ ਹੇਠ ਪੰਜਾਬੀਆਂ ਤੇ ਸਿੱਖਾਂ ਦੀਆਂ ਜ਼ਮੀਨਾਂ ਨੂੰ ਜਬਰ ਪ੍ਰਾਪਤ ਕਰਨ ਦੇ ਅਮਲ ਨੂੰ ਮੁੱਖ ਰੱਖਦੇ ਹੋਏ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਨੂੰ ਇਸ ਯੋਜਨਾ ਨੂੰ ਤੁਰੰਤ ਰੱਦ ਕਰਨ ਦੀ ਮੰਗ ਕਰਦੇ ਹੋਏ ਪੱਤਰ ਲਿਖਿਆ ਸੀ ਕਿ ਇਸ ਨਾਲ ਤਾਂ ਪੰਜਾਬ ਦੇ ਅਮਨਮਈ ਮਾਹੌਲ ਵਿੱਚ ਹੋਰ ਵੱਡਾ ਵਿਸਫੋਟ ਪੈਦਾ ਹੋ ਜਾਵੇਗਾ, ਜਿਸ ਨਾਲ ਇੱਥੋਂ ਦੀ ਕਾਨੂੰਨੀ ਵਿਵਸਥਾ ਨੂੰ ਕਾਬੂ ਕਰਨਾ ਸਰਕਾਰ ਲਈ ਮੁਸ਼ਕਲ ਹੋ ਜਾਵੇਗਾ, ਕਿਉਂਕਿ ਕੋਈ ਵੀ ਯੋਜਨਾ ਉਸ ਸਮੇਂ ਹੀ ਕਾਮਯਾਬ ਹੋ ਸਕਦੀ ਹੈ, ਜਿਸ ਵਿੱਚ ਉਸ ਸੂਬੇ, ਇਲਾਕੇ ਦੇ ਲੋਕਾਂ ਦਾ ਸੰਪੂਰਨ ਸਹਿਯੋਗ ਮਿਲੇ, ਪਰ ਲੈਂਡ ਪੂਲਿੰਗ ਦੀ ਜਬਰੀ ਯੋਜਨਾ ਵਿਰੁੱਧ ਪੰਜਾਬੀਆਂ ਵਿਰੁੱਧ ਬਹੁਤ ਵੱਡਾ ਰੋਹ ਉੱਠ ਖੜਾ ਹੋਇਆ ਸੀ, ਕਿਉਂਕਿ ਇਹ ਵੱਡਾ ਜਬਰ ਸੀ। ਇਸੇ ਲਈ ਅਸੀਂ ਪੰਜਾਬ ਸਰਕਾਰ ਨੂੰ ਰਾਏ ਦਿੰਦੇ ਹੋਏ ਪੱਤਰ ਵਿਚ ਇਸ ਯੋਜਨਾ ਨੂੰ ਤੁਰੰਤ ਵਾਪਸ ਲੈਣ ਦੀ ਜ਼ੋਰਦਾਰ ਮੰਗ ਕੀਤੀ ਸੀ। ਸਰਕਾਰ ਨੇ ਲੋਕਾਂ ਦੇ ਵੱਡੇ ਰੋਹ ਅਤੇ ਸਾਡੇ ਵਰਗਿਆਂ ਵੱਲੋਂ ਲਿਖੇ ਪੰਜਾਬੀਆਂ ਦੇ ਬਿਨ੍ਹਾ 'ਤੇ ਪੱਤਰ ਨੂੰ ਮੁੱਖ ਰੱਖਦੇ ਹੋਏ ਜੋ ਇਹ ਲੈਂਡ ਪੂਲਿੰਗ ਦੇ ਫੈਸਲੇ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਹੈ, ਇਹ ਇਕ ਚੰਗਾ ਉੱਦਮ ਹੈ।'

ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਲੈਂਡ ਪੂਲਿੰਗ ਯੋਜਨਾ ਨੂੰ ਪੰਜਾਬ ਸਰਕਾਰ ਵੱਲੋਂ ਵਾਪਸ ਲੈਣ ਦੇ ਕੀਤੇ ਗਏ ਅਮਲਾਂ ਨੂੰ ਸਹੀ ਸਮੇਂ, ਸਹੀ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ।


# ATAM VALVES LIMITED

Registered Office : 1051, Industrial Area, Jalandhar, Punjab-144004
CIN: L27109PB1985PLC006476,Website: www.atamvalves.in
Tel:+91 181 5001111, Email : cs@atamfebi.com

## 30 ਜੂਨ 2025 ਨੂੰ ਖ਼ਤਮ ਹੋਈ ਤਿਮਾਹੀ ਲਈ ਅਣ-ਪੜਤਾਲੇ ਵਿੱਤੀ ਨਤੀਜੇ

| ਵੇਰਵੇ | ਤਿਮਾਹੀ ਖਤਮ 30.06.2025 | ਤਿਮਾਹੀ ਖਤਮ 31.03.2025 | ਤਿਮਾਹੀ ਖਤਮ 30.06.2024 | ਸਾਲ ਖਤਮ 31.03.2025 |
|---|---|---|---|---|
| | (ਅਣ-ਪੜਤਾਲੇ) | (ਅਣ-ਪੜਤਾਲੇ) | (ਅਣ-ਪੜਤਾਲੇ) | ( ਪੜਤਾਲਿਆ) |
| ਕਾਰੋਬਾਰਾਂ ਤੋਂ ਮਾਲੀਆ | 1237.13 | 1470.88 | 1148.48 | 6050.01 |
| ਕੁੱਲ ਆਮਦਨ | 1237.55 | 1473.35 | 1149.60 | 6057.10 |
| ਮਿਆਦ ਸ਼ੁੱਧ ਲਾਭ/(ਹਾਨੀ) (ਟੈਕਸ ਅਤੇ ਵਿਸ਼ੇਸ਼ ਆਈਟਮਾਂ ਤੋਂ ਪਹਿਲਾਂ) | 165.63 | 287.44 | 124.44 | 851.80 |
| ਮਿਆਦ ਲਈ ਟੈਕਸ ਤੋਂ ਪਹਿਲਾਂ ਸ਼ੁੱਧ ਲਾਭ/ (ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ) | 165.63 | 287.44 | 124.44 | 851.80 |
| ਮਿਆਦ ਲਈ ਟੈਕਸ ਤੋਂ ਬਾਅਦ ਸ਼ੁੱਧ ਲਾਭ/(ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ) | 123.93 | 213.05 | 93.08 | 629.88 |
| ਕੁੱਲ ਵਿਆਪਕ ਆਮਦਨ/ (ਹਾਨੀ) ਮਿਆਦ ਲਈ | 125.48 | 214.66 | 82.87 | 628.51 |
| ਇਕੁਇਟੀ ਸ਼ੇਅਰ ਕੈਪੀਟਲ | 1146.30 | 1146.30 | 1146.30 | 1146.30 |
| ਹੋਰ ਇਕੁਇਟੀ (ਰੀਵੈਲੂਏਸ਼ਨ ਰਿਜ਼ਰਵ ਤੋਂ ਬਿਨਾਂ) | – | – | – | 2500.70 |
| ਪ੍ਰਤੀ ਸ਼ੇਅਰ ਕਮਾਈ (ਰੁ. 10/- ਹਰੇਕ ਦਾ ਅੰਕਿਤ ਮੁੱਲ) | | | | |
| (ਏ) ਬੇਸਿਕ | 1.08 | 1.86 | 0.81 | 5.50 |
| (ਬੀ) ਡਲਿਊਟਿਡ | 1.08 | 1.86 | 0.81 | 5.50 |

**ਟਿੱਪਣੀ 1:** 30 ਜੂਨ 2025 ਨੂੰ ਖਤਮ ਹੋਈ ਤਿਮਾਹੀ ਲਈ ਕੰਪਨੀ ਦੇ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਸਿਫਾਰਸ਼ ਅਤੇ ਨਜ਼ਰਸਾਨੀ ਕੀਤੇ ਗਏ ਅਤੇ ਡਾਇਰੈਕਟਰਾਂ ਦੇ ਬੋਰਡ ਵੱਲੋਂ ਉਨ੍ਹਾਂ ਦੀਆਂ 11.08.2025 ਨੂੰ ਹੋਈਆਂ ਮੀਟਿੰਗਾਂ ਵਿੱਚ ਮਨਜ਼ੂਰ ਕੀਤੇ ਗਏ ਹਨ।

**ਟਿੱਪਣੀ 2:** ਉਪਰੋਕਤ 30 ਜੂਨ 2025 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੈਟ ਦਾ ਇੱਕ ਸਾਰ ਹੈ, ਜੋ ਸੇਬੀ (ਲਿਸਟਿੰਗ ਐਂਡ ਅਦਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ਼ਾਂ ਕੋਲ ਦਾਇਰ ਕੀਤਾ ਗਿਆ ਹੈ। 30 ਜੂਨ 2025 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀ ਵੈੱਬਸਾਈਟ **www.bseindia.com & www.nseindia.com** ਅਤੇ ਕੰਪਨੀ ਦੀ ਵੈੱਬਸਾਈਟ **https://www.atamvalves.in/** 'ਤੇ ਉਪਲੱਬਧ ਹੈ।

**ਟਿੱਪਣੀ 3:** ਪਿਛਲੀ ਮਿਆਦ/ਸਾਲ ਦੇ ਅੰਕੜੇ, ਚਾਲੂ ਮਿਆਦ ਦੇ ਅੰਕੜਿਆਂ ਨਾਲ ਤੁਲਨਾ ਹਿੱਤ, ਜਿੱਥੇ ਲੋੜ ਪਈ ਰੀਗਰੁੱਪਡ/ਰੀਅਰੇਂਜ ਕੀਤੇ ਜਾ ਚੁੱਕੇ ਹਨ।

ਸਥਾਨ : ਜਲੰਧਰ
ਮਿਤੀ : 11/08/2025

ਵਾਸਤੇ ਅਤੇ ਤਰਫੋਂ ਆਤਮ ਵਾਲਵਜ਼ ਲਿਮਟਿਡ
ਦੇ ਡਾਇਰੈਕਟਰਾਂ ਦੇ ਬੋਰਡ
ਸਹੀ /-
ਅਮਿਤ ਜੈਨ
ਪ੍ਰਬੰਧਕੀ ਨਿਰਦੇਸ਼ਕ
(ਡੀ ਆਈ ਐੱਨ-01063087)

## 33 ਗ੍ਰਾਮ ਹੈਰੋਇਨ, ਇਲੈਕਟ੍ਰੋਨਿਕ ਕੰਡਾ ਤੇ ਮੋਟਰਸਾਈਕਲ ਸਮੇਤ 2 ਗ੍ਰਿਫਤਾਰ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ): ਥਾਣਾ ਜੰਡਿਆਲਾ ਪੁਲਸ ਵੱਲੋਂ 33 ਗ੍ਰਾਮ ਹੈਰੋਇਨ, 3600 ਰੁਪਏ ਡਰੱਗ ਮਨੀ, ਇਲੈਕਟ੍ਰੋਨਿਕ ਕੰਡਾ ਅਤੇ ਇੱਕ ਮੋਟਰਸਾਈਕਲ ਸਮੇਤ 02 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਰਵਿੰਦਰ ਸਿੰਘ ਡੀਐੱਸਪੀ ਜੰਡਿਆਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਜੰਡਿਆਲਾ ਦੀ ਪੁਲਸ ਪਾਰਟੀ ਵੱਲੋਂ ਗਸ਼ਤ ਦੌਰਾਨ ਪੁਲ ਸੂਆ ਨਵੀਂ ਆਬਾਦੀ ਤੋਂ ਸ਼ੱਕੀ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੂੰ ਕਾਬੂ ਕਰਕੇ ਨਾਮ/ਪਤਾ ਪੁੱਛਿਆ ਜਿਨ੍ਹਾਂ ਆਪਣਾ ਨਾਮ ਮਹੇਸ਼ ਕੁਮਾਰ ਉਰਫ ਸ਼ੁਭਮ ਉਰਫ ਮੱਠੀ ਅਤੇ ਵਿਸ਼ਾਲ ਸਿੰਘ ਉਰਫ ਕਾਲੂ ਦੱਸਿਆ। ਇਨ੍ਹਾਂ ਨੂੰ 33 ਗ੍ਰਾਮ ਹੈਰੋਇਨ, 3600 ਰੁਪਏ ਡਰੱਗ ਮਨੀ, ਇੱਕ ਇਲੈਕਟ੍ਰੋਨਿਕ ਕੰਡਾ ਅਤੇ ਸਪਲੈਂਡਰ ਮੋਟਰਸਾਈਕਲ ਨੰਬਰ ਪੀਬੀ 02-ਧਖ-8455 ਸਮੇਤ ਗ੍ਰਿਫਤਾਰ ਕੀਤਾ ਗਿਆ। ਪੁੱਛਗਿੱਛ ਦੌਰਾਨ ਉਕਤ ਦੋਸ਼ੀਆਂ ਦੇ ਇੱਕ ਹੋਰ ਸਾਥੀ ਅਜੂ ਪੁੱਤਰ ਰੋਸ਼ਨ ਲਾਲ ਵਾਸੀ ਬਾਗਵਾਲਾ ਖੂਹ ਜੰਡਿਆਲਾ ਗੁਰੂ ਬਾਰੇ ਪਤਾ ਲੱਗਾ ਜਿਸ ਸਬੰਧੀ ਉਕਤ ਦੋਸ਼ੀਆਂ ਖਿਲਾਫ ਥਾਣਾ ਜੰਡਿਆਲਾ ਵਿਖੇ ਮੁਕੱਦਮਾ ਨੰ. 187 ਮਿਤੀ 11-08-2025 ਜੁਰਮ: 21, 27-ਏ, 29-61-85 ਐੱਨ ਡੀ ਪੀ ਐੱਸ ਐਕਟ ਤਹਿਤ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ। ਉਕਤ ਗ੍ਰਿਫਤਾਰ ਦੋਸ਼ੀਆਂ ਦੇ ਫਾਰਵਰਡ ਅਤੇ ਬੈਕਵਰਡ ਲਿੰਕਾਂ ਨੂੰ ਚੰਗੀ ਤਰ੍ਹਾਂ ਖੰਗਾਲਿਆ ਜਾ ਰਿਹਾ ਹੈ ਅਤੇ ਹੋਰ ਜਿਸ ਕਿਸੇ ਦੀ ਵੀ ਸ਼ਮੂਲੀਅਤ ਸਾਹਮਣੇ ਅਵੇਗੀ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।

## ਮੈਡੀਕਲ ਕੈਂਪ ਦੌਰਾਨ 442 ਮਰੀਜ਼ਾਂ ਦੀ ਜਾਂਚ, 100 ਸ਼ੂਗਰ ਮਰੀਜ਼ਾਂ ਦਾ ਕੀਤਾ ਟੈਸਟ



ਸੰਗਰੂਰ, (ਪ੍ਰਵੀਨ ਸਿੰਘ) ਡਾਇਰੈਕਟਰ ਆਯੁਰਵੈਦਾ ਪੰਜਾਬ ਡਾ. ਰਵੀ ਕੁਮਾਰ ਡੂਮਰਾ ਤੇ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਡਾ. ਮਲਕੀਤ ਸਿੰਘ ਘੱਗਾ ਦੇ ਦਿਸ਼ਾ-ਨਿਰਦੇਸ਼ਾਂ ਹੇਠ, ਆਯੂਸ਼ਮਾਨ ਅਰੋਗਿਆ ਕੇਂਦਰ ਮਹਿਲਾਂ ਵੱਲੋਂ ਸ੍ਰੀ ਮੰਜੀ ਸਾਹਿਬ ਗੁਰਦੁਆਰਾ ਸਾਹਿਬ ਪਿੰਡ ਮਹਿਲਾਂ ਵਿਖੇ ਇਕ ਵਿਸ਼ਾਵ ਆਯੂਸ਼ ਕੈਂਪ ਆਯੋਜਤ ਕੀਤਾ ਗਿਆ, ਜਿਸਦਾ ਉਦਘਾਟਨ ਡਾ. ਰਜਨੀ ਬਾਲਾ ਤੇ ਡਾ. ਅਮਨਦੀਪ ਭਾਰਤੀ (ਨੋਡਲ ਅਫਸਰ) ਨੇ ਕੀਤਾ। ਕੈਂਪ ਦਾ ਮੁੱਖ ਸੰਚਾਲਨ ਡਾ. ਰੋਜ਼ੀ ਆਯੁਰਵੈਦਿਕ ਅਫ਼ਸਰ ਵੱਲੋਂ ਕੀਤਾ ਗਿਆ। ਕੈਂਪ ਦੌਰਾਨ ਆਯੁਰਵੈਦਿਕ ਮੈਡੀਕਲ ਵਿਭਾਗ ਵੱਲੋਂ ਡਾ. ਅਮਨਦੀਪ ਭਾਰਤੀ ਅਤੇ ਡਾ. ਰਮਨਦੀਪ ਕੁਮਾਰ, ਡਾ. ਰੋਜ਼ੀ ਤੇ ਹੋਮਿਓਪੈਥੀ ਵਿਭਾਗ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਗਈ ਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਦੌਰਾਨ 442 ਮਰੀਜ਼ਾਂ ਦੀ ਜਾਂਚ ਕੀਤੀ ਗਈ। ਕੈਂਪ ਦੌਰਾਨ ਦਵਾਈਆਂ ਵੰਡਣ ਦੀ ਡਿਊਟੀ ਉਪਵੈਦ ਅਮਿਤ ਕੁਮਾਰ, ਮਨਪ੍ਰੀਤ ਕੌਰ, ਪਰਿਮੰਦਰ ਸਿੰਘ ਤੇ ਕੈਲਾਸ਼ ਮਿਤਲ ਵੱਲੋਂ ਬਾਖੂਬੀ ਨਿਭਾਈ ਗਈ। ਇਸ ਦੇ ਨਾਲ ਹੀ ਯੋਗਾ ਇੰਸਟ੍ਰਕਟਰ ਲਛਮਣ ਸਿੰਘ ਵੱਲੋਂ ਮਰੀਜ਼ਾਂ ਨੂੰ ਰੋਗ ਅਨੁਸਾਰ ਯੋਗਾ ਆਸਣ ਕਰਾਇਆ। ਕੈਂਪ ਦੌਰਾਨ 100 ਮਰੀਜ਼ਾਂ ਦਾ ਸ਼ੂਗਰ ਟੈਸਟ ਵੀ ਕੀਤਾ ਗਿਆ। ਕੈਂਪ ਨੂੰ ਸਫਲਤਾ ਪੂਰਵਕ ਸੁਚਾਰੂ ਢੰਗ ਨਾਲ ਚਲਾਉਣ ਲਈ ਸੁਖਪਾਲ ਸਿੰਘ, ਸ਼ਿਵਲ ਜਿੰਦਲ, ਯੋਗੇਸ਼ ਸ਼ਰਮਾ, ਕੁਲਦੀਪ ਸਿੰਘ, ਰਮੇਸ਼ ਕੁਮਾਰ ਤੇ ਰੁਬਨਪ੍ਰੀਤ ਕੌਰ, ਸੁਭਾਸ਼ ਜਿੰਦਲ ਨੇ ਵਿਸ਼ੇਸ਼ ਭੂਮਿਕਾ ਨਿਭਾਈ।

## ਸਨਮਤੀ ਵਿਮਲ ਜੈਨ ਸਕੂਲ ਦੀ ਕ੍ਰਿਕਟ ਟੀਮ ਮੁਕਾਬਲਿਆਂ 'ਚ ਜੇਤੂ



ਜਗਰਾਓਂ (ਅਮਿਤ ਖੰਨਾ) ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਿੱਥੇ ਵਿੱਦਿਅਕ ਖੇਤਰ ਵਿੱਚ ਅਮਿਟ ਪੈੜਾਂ ਛੱਡਦਾ ਆ ਰਿਹਾ ਹੈ, ਉੱਥੇ ਖੇਡ ਜਗਤ ਵਿੱਚ ਕਾਫੀ ਨਾਂਅ ਕਮਾ ਰਿਹਾ ਹੈ। ਸਕੂਲ ਦੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਾਈਆਂ ਜਾ ਰਹੀਆਂ 69ਵੀਆਂ ਜ਼ੋਨ ਪੱਧਰੀ ਖੇਡਾਂ ਵਿੱਚ ਸਾਡੇ ਸਕੂਲ ਦੀ ਕ੍ਰਿਕਟ ਟੀਮ ਅੰਡਰ-19 ਤੇ ਅੰਡਰ-17 ਦੇ ਮੁਕਾਬਲੇ, ਜੋ ਸਰਕਾਰੀ ਸਕੂਲ ਰਾਮਗੜ੍ਹ ਭੁੱਲਰ ਵਿਖੇ ਹੋਏ ਸਨ। ਇਨ੍ਹਾਂ ਮੁਕਾਬਲਿਆਂ ਵਿੱਚ ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕ੍ਰਿਕਟ ਟੀਮ ਦੀ ਅੰਡਰ-19 ਨੇ ਜ਼ੋਨ ਪੱਧਰ 'ਤੇ ਦੂਜਾ ਤੇ ਕ੍ਰਿਕਟ ਟੀਮ ਅੰਡਰ-17 ਦੀ ਟੀਮ ਨੇ ਤੀਜਾ ਸਥਾਨ ਹਾਸਲ ਕਰਕੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਆਪਣਾ ਸਥਾਨ ਬਣਾਇਆ। ਪ੍ਰਿੰਸੀਪਲ ਮੈਡਮ ਨੇ ਇਹ ਵੀ ਦੱਸਿਆ ਕਿ ਅੰਡਰ-19 ਟੀਮ ਦੇ ਖਿਡਾਰੀ ਚਿਰਾਗ, ਰਾਜਵੀਰ, ਅਨੁਰੁਧ, ਦਕਸ਼ ਮੱਕੜ ਤੇ ਮਨਦੀਪ ਸਿੰਘ ਅਤੇ ਅੰਡਰ-17 ਦੀ ਟੀਮ ਵਿੱਚ ਆਜਮ, ਸਾਹਿਬ, ਆਦਿ ਖਿਡਾਰੀਆਂ ਦੀ ਚੋਣ ਜ਼ਿਲ੍ਹਾ ਪੱਧਰੀ ਖੇਡਾਂ ਲਈ ਕੀਤੀ ਗਈ ਹੈ। ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਮੈਡਮ ਤੇ ਸਕੂਲ ਦੀ ਮੈਨੇਜਮੈਂਟ ਕਮੇਟੀ ਨੇ ਸਵਾਗਤ ਕੀਤਾ ਅਤੇ ਬੱਚਿਆਂ ਨੂੰ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ।




## ਨਾਂਅ ਦੀ ਬਦਲੀ

ਮੈਂ ਵਨੀਤਾ ਰਾਣੀ ਪਤਨੀ ਸ੍ਰੀ ਰਵੀ ਕੁਮਾਰ ਬਾਂਸਲ ਫਲੈਟ ਨੰਬਰ ਡੀ ਆਰ-2 ਰਾਇਲ ਵਿਊ ਪ੍ਰੀਮੀਅਰ ਪੱਖੋਵਾਲ ਰੋਡ ਠੱਕਰਵਾਲ ਲੁਧਿਆਣਾ- 142022 ਮੈਂ ਆਪਣਾ ਨਾਮ ਵਨੀਤਾ ਰਾਣੀ ਤੋਂ ਬਦਲ ਕੇ ਵਨੀਤਾ ਰਾਣੀ ਬਾਂਸਲ ਰੱਖ ਲਿਆ ਹੈ।

ਮੈਂ ਜੋਤੀ ਭੰਡਾਰੀ ਪਤਨੀ ਸ੍ਰੀ ਲਲਿਤ ਕੁਮਾਰ ਵਾਸੀ ਮਕਾਨ ਨੰ-ਏ-17, ਨਿਊ ਵਿਨੇ ਨਗਰ, ਡਾਕਘਰ ਚੋਗਿੱਟੀ, ਜ਼ਿਲ੍ਹਾ ਜਲੰਧਰ, ਪੰਜਾਬ, ਇੱਥੇ ਐਲਾਨ ਕਰਦੀ ਹਾਂ ਕਿ ਮੈਂ ਆਪਣਾ ਨਾਮ ਜੋਤੀ ਤੋਂ ਬਦਲ ਕੇ ਜੋਤੀ ਭੰਡਾਰੀ ਕਰ ਲਿਆ ਹੈ। ਸਾਰੇ ਸੰਬੰਧਤ ਕਿਰਪਾ ਕਰਕੇ ਨੋਟ ਕਰੋ।

ਮੈਂ ਕਸ਼ਿਸ਼ ਭੰਡਾਰੀ D/o ਸ਼੍ਰੀ. ਲਲਿਤ ਕੁਮਾਰ ਵਾਸੀ ਮਕਾਨ ਨੰ.-ਏ-17, ਨਿਊ ਵਿਨੇ ਨਗਰ ਡਾਕਘਰ ਚੋਗਿੱਟੀ, ਜ਼ਿਲ੍ਹਾ ਜਲੰਧਰ, ਪੰਜਾਬ, ਇੱਥੇ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਆਪਣਾ ਨਾਮ ਕਸ਼ਿਸ਼ ਤੋਂ ਬਦਲ ਕੇ ਕਸ਼ਿਸ਼ ਭੰਡਾਰੀ ਕਰ ਲਿਆ ਹੈ। ਸਾਰੇ ਸੰਬਧਤ ਕਿਰਪਾ ਕਰਕੇ ਨੋਟ ਕਰੋ।

## ਆਮ ਸੂਚਨਾ

ਮੈਂ ਸਿਮਰਨ ਪਤਨੀ ਸ੍ਰੀ ਰੋਹਿਤ ਵਾਸੀ ਮਕਾਨ ਨੰ.72, ਗਲੀ ਨੰ.26, ਫਤਿਹ ਸਿੰਘ ਕਲੋਨੀ, ਬਾਹਰਵਾਰ ਗੇਟ ਹਕੀਮਾਂ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਭਰਾ ਸੰਜੇ ਢੋਲਾ ਉਰਫ ਰਾਜਾ ਪੁੱਤਰ ਸੁਦਰਸ਼ਨ ਕੁਮਾਰ ਵਾਸੀ ਗਲੀ ਨੰ.10, ਫਤਿਹ ਸਿੰਘ ਕਲੋਨੀ, ਬਾਹਰਵਾਰ ਗੇਟ ਹਕੀਮਾਂ, ਅੰਮ੍ਰਿਤਸਰ ਅਤੇ ਉਸਦੀ ਪਤਨੀ ਸੁਨੈਨਾ ਢੋਲਾ ਉਰਫ ਪ੍ਰਿਆ ਜੋ ਕਿ ਮੇਰੇ ਅਤੇ ਮੇਰੀ ਭੈਣ ਪੂਜਾ ਦੋਵਾਂ ਦੇ ਕਹਿਣੇ ਤੋਂ ਬਾਹਰ ਹਨ, ਆਪਣੀ ਮਨ ਮਰਜੀ ਕਰਦੇ ਹਨ। ਉਨ੍ਹਾਂ ਦੇ ਦੋ ਬੇਟੇ ਹਨ। ਮੈਂ ਅਤੇ ਮੇਰੀ ਭੈਣ ਉਨ੍ਹਾਂ ਨਾਲ ਆਪਣੇ ਸਾਰੇ ਸੰਬੰਧ ਖਤਮ ਕਰਦੀਆਂ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਦੋਵੇਂ ਭੈਣਾਂ ਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਸਾਡਾ ਅਤੇ ਸਾਡੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਅਸੀਂ, ਹਰਵਿੰਦਰ ਸਿੰਘ ਪੁੱਤਰ ਨਿਰਦੋਸ਼ ਸਿੰਘ ਅਤੇ ਨਿਰਮਲ ਕੌਰ ਪਤਨੀ ਹਰਵਿੰਦਰ ਸਿੰਘ ਵਾਸੀ ਮਕਾਨ ਨੰ: 108, ਗੋਲਡਨ ਐਵੀਨਿਊ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੇ ਘਰ ਦੀਆਂ ਪੁਰਾਣੀਆਂ ਦੋ ਰਜਿਸਟਰੀਆਂ ਜਿਸ ਦਾ ਕੁਲ ਰਕਬਾ 264.60 ਵਰਗ ਗਜ਼, ਪਹਿਲੀ ਰਜਿਸਟਰੀ ਨਗਰ ਸੁਧਾਰ ਟਰੱਸਟ ਵੱਲੋਂ ਬੱਹਕ ਜਸਵੰਤ ਸਿੰਘ ਪੁੱਤਰ ਸੋਹਨ ਸਿੰਘ, ਦਸਤਾਵੇਜ਼ ਨੰ: 1684, ਮਿਤੀ 24.05.1996 ਬਾਬਤ ਪਲਾਟ ਨੰ: 108, ਖਸਰਾ ਨੰ: 1694, 1695 ਦੂਸਰਾ ਮੁਖਤਿਆਰ ਨਾਮਾ ਵੱਲੋਂ ਜਸਵੰਤ ਸਿੰਘ ਪੁੱਤਰ ਸੋਹਨ ਸਿੰਘ ਬੱਹਕ ਨਿਰਦੋਸ਼ ਸਿੰਘ ਪੁੱਤਰ ਸੁੰਦਰ ਸਿੰਘ, ਦਸਤਾਵੇਜ਼ ਨੰ: 2296, ਮਿਤੀ 20.11.1996 ਜੋ 25.03.2025 ਨੂੰ ਗੁੰਮ ਹੋ ਗਈ ਹੈ। ਜਿਸ ਦੀ ਐੱਫ ਆਈ ਆਰ 20.06.2025 ਨੂੰ ਥਾਣਾ ਬੀ-ਡਵੀਜ਼ਨ ਅੰਮ੍ਰਿਤਸਰ ਵਿਖੇ ਦਰਜ ਕਰਵਾ ਦਿੱਤੀ ਹੈ, ਜਿਸ ਦਾ ਜੀ ਡੀ ਨੰ: 031 ਹੈ।

ਇੱਕ ਟਿਊਬਵੈਲ ਕੁਨੈਕਸ਼ਨ ਜਿਸ ਦਾ ਖਾਤਾ ਨੰਬਰ AP- 33/8263/2 (10 BHP) ਜੋ ਕਿ ਚਰਨ ਸਿੰਘ ਪੁੱਤਰ ਨੱਥਾ ਸਿੰਘ ਦੇ ਨਾਮ ਤੇ ਜਮੀਨ ਕਿਲਾ ਨੰਬਰ 131/18 ਵਾਕਿਆ ਰਕਬਾ ਪਿੰਡ ਮੁਹਾਵਾ, ਸਬ ਤਹਿਸੀਲ ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਮ ਤੇ ਚੱਲ ਰਿਹਾ ਹੈ। ਇਹ ਰਕਬਾ ਸੁਖਵੰਤ ਸਿੰਘ ਪੁੱਤਰ ਲੇਟ ਚਰਨ ਸਿੰਘ ਦੇ ਹਿੱਸੇ ਘਰ ਵੰਡ ਰਾਹੀਂ ਆਇਆ ਹੈ। ਇਸ ਨੂੰ ਅਸੀਂ ਹੁਣ ਸੁਖਵੰਤ ਸਿੰਘ ਪੁੱਤਰ ਲੇਟ ਚਰਨ ਸਿੰਘ ਦੇ ਨਾਮ ਤੇ ਕਰਵਾਉਣਾ ਚਾਹੁੰਦੇ ਹਾਂ। ਕਿਸੇ ਵਿਅਕਤੀ ਨੂੰ ਜੇਕਰ ਇਸ ਵਿੱਚ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ 15 ਦਿਨਾਂ ਦੇ ਅੰਦਰ ਦਰਜ ਕਰਵਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਸੀ-600 ਜੋਗਿੰਦਰ ਸਿੰਘ ਪੁੱਤਰ ਮੇਜਾ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਕਰਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਰਕਬਾ ਫਰੀਦੇ ਵਾਲਾ, ਤਹਿ. ਫਿਰੋਜ਼ਪੁਰ ਨੇ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ ਡੀ ਓ ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

ਮੈਂ, ਫਕੀਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਅਰਲੀਭੰਨ ਪੱਤੀ ਨਿੱਜਰਪੁਰ, ਡਾਕਖਾਨਾ ਦਰਗਾਬਾਦ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਆਪਣੇ ਲੜਕੇ ਹਰਦੀਪ ਸਿੰਘ, ਨੂੰਹ ਸੰਦੀਪ ਕੌਰ ਅਤੇ ਪੋਤਰੇ ਇਕਰਾਜਬੀਰ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮਿਤੀ 13-02-2019 ਨੂੰ ਪਹਿਰੇਦਾਰ ਅਤੇ ਨਵਾਂ ਜ਼ਮਾਨਾ ਦੋਵਾਂ ਅਖ਼ਬਾਰਾਂ ਰਾਹੀਂ ਆਪਣੀ ਚੱਲ ਵਾ ਅੱਚਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਹਰਦੀਪ ਸਿੰਘ, ਨੂੰਹ ਸੰਦੀਪ ਕੌਰ ਅਤੇ ਪੋਤਰਾ ਇਕਰਾਜਬੀਰ ਸਿੰਘ ਮੇਰੇ ਕਹਿਣੇ ਵਿੱਚ ਹਨ। ਇਸ ਲਈ ਮੈਂ ਆਪਣੀ ਦਿੱਤੀ ਹੋਈ ਉਕਤ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਹੁਣ ਇਹ ਮੇਰੀ ਚੱਲ ਅੱਚਲ ਜਾਇਦਾਦ ਦੇ ਹੱਕਦਾਰ ਹੋਣਗੇ। ਸੰਬਧਿਤ ਨੋਟ ਕਰਨ।

## PUBLIC NOTICE

I, Varinder Singh S/o Mehal Singh R/o H.No. 90, Main Bazar, Kot Atma Ram, Near Park, Sultanwind Road, Amritsar, Punjab-143001 declare that my father was known by two names Mahel Singh and Mehal Singh. Mahel Singh and Mehal Singh is one and the same person.

I, Pawan Sehgal S/o Jagdish Raj Sehgal R/o WG 298, Mohalla Islama Bad, Jalandhar declare that my son Shubham is out of my control. So I disinherit him from all my moveable and Immoveable properties. The person transacting with him himself will be responsible. I and my family will not have any responsibility. All concerned please note.

I, Sunny S/o Radhe Shyam (ਰਾਧੇ ਸ਼ਾਮ) & Shanti (ਸ਼ਾਨਤੀ) R/o GRD College Phagwara, Distt. Kapurthala -144401 Bring to the notice of all concerned that they should note change in the names of my parents in Punjabi Language Father name from (ਰਾਧੇ ਸ਼ਿਆਮ ਤੋਂ ਰਾਧੇ ਸ਼ਾਮ) Mother name from (ਸ਼ਾਤੀ ਤੋਂ ਸ਼ਾਨਤੀ) This is also for rectification & amendment in my 8th & 10th certificates of PSEB SAS Nagar, Mohali. All please note.

I, Pooja W/o Late. Sanjeev Kumar R/o H.No. EK-42, Major Colony, Near Pan Wali Faqtory, Jalandhar, Punjab declare that my son Bhavuk Uppal is out of my control. I disinherit him from my moveable and immovable properties. I and my family shall not be held responsible for any of his acts, deeds and things. All please note.

We, Mohinder Pal Gandhi S/o Late. Amri Ram Gandhi & Bharti Gandhi W/o Mohinder Pal Gandhi both R/o 160/4, New Shaheed Babu Labh Singh Nagar, Jalandhar declare that our son Keshav Gandhi and his wife Natasha Julka are out of our control. We disinherit them from our moveable and immovable properties. We and our family shall not be held responsible for any of them acts, deeds and things.

I, Mahesh Kumar S/o Puran Chand R/o H.No. 284/2, Sodal Nagar, Sidh Mohalla, Jalandhar, Punjab declare that my son Sunny Kumar is out of my control. I disinherit him from my moveable and immoveable properties. I and my family shall not be held responsible for any of his acts, deeds and things. All please note.

## Change of Name

I, Ramnik Sareen W/O Tejinder Singh Sareen R/O 108, Lawrence Road, Amritsar, have changed my name from Ramnik Kaur Sareen to Ramnik Sareen. Concerned please note.

I, Paramjit Kaur W/o Pritam Singh R/o E.K. 243, Phagwara Gate, Jalandhar have changed my name to Paramjeet Kaur. My given name is Paramjeet and surname is Kaur.

## Change of Name

I, Pinki W/o Surjeet Sidhu R/o Village & Post office Kahlwan,Distt. Jalandhar-144805, Punjab, have changed my name from Pinki to Pinki Sidhu & my minor daughter's name from Muskaan to Muskaan Sidhu. Concerned please note.

I, Neelam W/o Ranjit Singh R/o H.No. 86, Old Sabji Mandi, Bassi Khawaju, Tehsil and Distt. Hoshiarpur Punjab have changed my name from Neelam to Neelam Kaur. Concerned note.

I, Ajay Kumar S/o Bhajan Lal R/o Vill. Thanwala PO Rattewal Teh. Balachaur Distt. SBS Nagar Punjab Have changed my name to Kumar Ajay. All please note.

I Jaswinder Singh S/o Gurbax Singh R/o Ward No. 02 Balachaur Teh. Balachaur Distt. SBS Nagar Punjab Have changed my name to Jaswinder Singh Ajimal. All please note.

I, Karanjit Singh S/o Jarnail Singh R/o Vill. Dugri Bet, PO Garlon Bet, Teh. Balachaur Distt. SBS Nagar Punjab Have changed my name to Singh Karanjit. All please note.

I, Kamal Kishor S/O Ram Gopal R/O 5-A, Cooperative Colony, Amritsar, Punjab have changed my name from Kamal Kishor to Kamal Kishore Taneja. Concerned note.

I, Priti W/o Amresh Ranjan R/o H.No. 215, Miran Kot Road, Blue Valley, Amritsar, Punjab have changed my name from Priti to Preeti.

I, Sharanjit Kaur Sandhu W/o Hardeep Singh R/o 36, B-Block, HIG Flats, New Amritsar, Amritsar, Punjab have changed my name from Sharanjit Kaur Sandhu to Sharanjit Kaur.

I, Ranveer Singh S/o Bikar Singh R/o Vill. Mahal Khurd, Po. Garcha, Teh. Nawanshahr, Distt. S.B.S Nagar 144518, I have changed my name Spelling from Ranveer Singh to Ranvir Singh .

I, Ranjodh Singh Saggal S/o Onkar Singh R/o VPO Jasraur, Tehsil Ajnala District Amritsar have changed my name from Ranjodh Singh Saggal to Ranjodh Singh

I, Baljit Singh S/o Jagir Singh R/o Near Gurdwara Road, Mari Kamboke, PO Mari Kamboke, District Tarn Taran have changed my name from Baljit Singh to Baljeet Singh

I, Amanbir Singh S/o Balwinderjit Singh R/o H.No.269, Lane No.3, Near Gumtala Byepass Defence Enclave, Amritsar have changed my minor son's name from Armaandeep Singh Pawar to Armaandeep Singh

I, Bhushan Parakash S/o Radha Krishan Talwar R/o H.No.92 30 Ft Road White Enclave Majitha Road Amritsar have changed my name Bhushan Parkash to Bhushan Talwar

I, Sharanjit Kaur and Sharnjit Kaur W/o Kuldip Singh R/o H.No.E-8/367, C-4, Guru Nanak Nagar, Bhalla Colony, Chheharta, Amritsar-143105 have declare that above both names are mine one and same person

I, Kuldip Singh and Kuldeep Singh S/o Surjit Singh R/o H.No.E-8/367, C-4, Guru Nanak Nagar, Bhalla Colony, Chheharta, Amritsar-143105 have declare that above both names are mine one and same person.

I, Arjun S/o Sudarshan Pal R/o H.No.268, Gali No.11, New Jawahar Nagar, Batala Road Amritsar have changed my name from Arjun to Arjun Kumar

I, Ajaypal Singh S/o Shamsher Singh R/o Village Warpal District Amritsar have declare that Ajaypal is my Given name and Singh is my Surname.

I, Parmjeet Kaur W/o Sarbjeet Singh R/o L-6/1332, Gali No. 2, Shaheed Udham Singh Nagar, Tarn Taran Road, Amritsar, Punjab have changed my name from Parmjeet Kaur to Paramjit Kaur.

I, Kewal Krishan S/o Som Parkash R/o VPO Beas Pind, Jalandhar, Punjab-144302 India. I want to use Krishan as a Surname. I have changed my name Kewal Krishan to Krishan Kewal. Please note all concern. (12395)

I, Harman S/O Rakesh Kumar Sanyal R/O H.No 468-A, Street No. 8, Tagore Nagar, Jalandhar Have Changed My Name From Harman To Harman Sanyal. All Concerned Please Note.

I, Nidhi W/o Kamal Sharma, resident of 933- Rose Garden, Near Dilbagh Nagar Extension, Jalandhar-144002 (Punjab) have changed my name from Nidhi to Nidhi Sharma after marriage. All concerned please note.

I, Baljinder Singh S/o Mohan Singh R/o V.P.O. Nangal Khunga, Tehsil Tanda, Distt. Hoshiarpur, Punjab, declare have changed my daughter's name from Shoman to Sumandeep Kaur. All Concerned please note.

I, Baljinder Singh S/o Mohan Singh R/o V.P.O. Nangal Khunga, Tehsil Tanda, Distt. Hoshiarpur, Punjab, declare have changed my daughter's name from Prinka to Priyanka. All Concerned please note.

I, Satnam s/o Karam Chand r/o Vill. Kangniwal, Po. Hazara, Distt. Jalandhar have changed my name to Satnam Chand (Surname as Chand) All please note.

I, Gaurav s/o Lekh Raj r/o H. No. 376, Bhargo Nagar, Jalandhar Punjab have changed my name from Gaurav to Gaurav Sangha. All please note.

I, Balkar Kumar s/o Jagdish Ram r/o VPO.Thinda, Distt. Hoshiarpur, Punjab-144519 declare that Given name as Balkar & Surname as Kumar. All please note.

I, Kajal d/o Kuldeep Kumar r/o VPO. Chiheru, Tehsil Phagwara, Distt. Kapurthala, Punjab have changed my name from Kajal to Kajal Kumari. All please note.

I, Joginder Pal S/o Jagar Ram R/o Khurla Kingra, Kurala, Distt. Jalandhar, Punjab have changed my name from Joginder Pal to Juginder Pal. All please note.

## Change of Name

I, Rekha Sharma w/o Jatinder Kumar r/o Gali No.3, Bajant Nagar, Near Reru, Jalandhar Punjab have changed my name from Rekha Sharma to Rekha Rani. After marriage. All please note.

I, Shalini W/o Deepak Sidhu R/o H.No. 16, Green City Colony, Po. Garha, Distt. Jalandhar have changed my name from Shalini to Shalini Maurya. All please note.

I, Charanjeet Kumar S/o Ram Lubhaya R/o H.No. 612, Basti Peer Dad Gurudware Wali Gali, Jalandhar, Punjab have changed my name from Charanjeet Kumar to Charanjit Kumar. All please note.

I, Kamaljit Singh S/o Karnail Singh R/o Ward No. 6, Miani, Hoshiarpur have changed the spelling of my name from Kamaljit Singh to Kamaljeet Singh. All please note.

I, Gurmit Singh S/o Dhian Singh R/o H.No. 184, 62, Garden Colony, Guru Teg Bahadur Nagar, Jalandhar, Punjab have changed the spelling of my name from Gurmit Singh to Gurmeet Singh. All please note.

## ਬੇਦਖਲੀ ਨੋਟਿਸ

ਮੈਂ, ਸੁਰਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਹਸਨ ਮੁੰਡਾ ਰੋਡ ਤੇ ਡੇਰਾ ਪਿੰਡ ਚੀਮਾ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਜੀਤ ਸਿੰਘ ਮੇਰੇ ਕਹਿਣੇ ਤੇ ਕੰਟਰੋਲ ਤੋਂ ਬਾਹਰ ਹੈ ਤੇ ਮੇਰੀ ਤੇ ਮੇਰੇ ਪਰਵਾਰ ਦੀ ਇੱਜ਼ਤ-ਮਾਣ ਨਹੀਂ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਮੈਂ ਇਸ ਨਾਲੋਂ ਸਾਰੇ ਰਿਸ਼ਤੇ ਤੋੜਦਾ ਹਾਂ। ਮੇਰਾ ਜਾਂ ਮੇਰੇ ਪਰਵਾਰ ਦਾ ਇਸ ਨਾਲ ਅੱਜ ਤੋਂ ਕੋਈ ਰਿਸ਼ਤਾ ਨਹੀਂ ਹੋਵੇਗਾ, ਜੋ ਵੀ ਇਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਜਾਂ ਸੰਬੰਧ ਰੱਖੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕਾਂਤਾ ਪਤਨੀ ਸ੍ਰੀ ਵਿਜੈ ਸ਼ਕਤੀ ਕੁਮਾਰ ਵਾਸੀ ਮਕਾਨ ਨੰ: 1182, ਬੀ-ਬਲਾਕ, ਨਿਊ ਅੰਮ੍ਰਿਤਸਰ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਰਸ਼ਾਂਤ ਕੁਮਾਰ ਅਤੇ ਪੋਤਾ ਗੌਤਮ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਅਮਰ ਨਾਥ ਪੁੱਤਰ ਸ੍ਰੀ ਗਿਰਧਾਰੀ ਲਾਲ ਵਾਸੀ 158, ਨਗਰ ਨਿਗਮ ਕਾਲੋਨੀ ਓ/ਸ ਗਿੱਲਵਾਲੀ ਗੇਟ, ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਸ਼ਾਲ ਛਾਬੜਾ ਉਰਫ ਬੰਟੀ ਅਤੇ ਨੂੰਹ ਡੇਜੀ ਅਤੇ ਇਨ੍ਹਾਂ ਦੇ ਪੁੱਤਰ ਸਾਹਿਲ ਛਾਬੜਾ ਅਤੇ ਵਰੁਣ ਛਾਬੜਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦੇ ਕਿਸੇ ਮੈਂਬਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਪਰਮਜੀਤ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਨੇੜੇ ਹੱਚ ਟਾਵਰ ਪ੍ਰੇਮ ਨਗਰ, ਮਜੀਠਾ ਰੋਡ, ਅੰਮ੍ਰਿਤਸਰ ਪੰਜਾਬ-143001 ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸ਼ਨਦੀਪ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਚਰਨ ਕੌਰ ਵਿਧਵਾ ਜੈਬ ਸਿੰਘ ਵਾਸੀ ਮਕਾਨ ਨੰ: 698, ਤੁੰਗਪਾਈ, ਬਟਾਲਾ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰ ਨਹੀਂ ਹੈ।

ਮੈਂ, ਸੁਖਦੇਵ ਸਿੰਘ ਪੁੱਤਰ ਬਚਨ ਸਿੰਘ ਵਾਸੀ ਬਘੇਲ ਸਿੰਘ ਵਾਲਾ, ਝਬਾਲ ਕਲਾਂ, ਤਹਿ. ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਜੋਬਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦੇ ਕਿਸੇ ਮੈਂਬਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਨਿਰਮਲ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਮਕਾਨ ਨੰ: 420, ਗਲੀ ਨੰ: 6, ਜੌੜਾ ਫਾਟਕ, ਕਰਿਸ਼ਨਾ ਨਗਰ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਨਜੋਧ ਸਿੰਘ ਅਤੇ ਉਸ ਦੀ ਪਤਨੀ ਵੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਇਨ੍ਹਾਂ ਦੇ ਪਰਵਾਰ ਸਮੇਤ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਇਨ੍ਹਾਂ ਦੀ ਕਿਸੇ ਕਥਨੀ, ਕਰਨੀ ਅਤੇ ਲੈਣ- ਦੇਣ ਦਾ ਜ਼ਿੰਮੇਵਾਰ ਨਹੀਂ ਹੋਵੇਗਾ।

ਅਸੀਂ ਸ਼ੰਕਰ ਪਾਸਵਾਨ ਪੁੱਤਰ ਦਿਲਚਨ ਪਾਸਵਾਨ ਨਾ ਚੁੰਨਚੁੰਨ ਦੇਵੀ ਪਤਨੀ ਸ਼ੰਕਰ ਪਾਸਵਾਨ ਵਾਸੀਆਨ ਵਾਰਡ ਨੰ: 10, ਨੇੜੇ ਪ੍ਰਿਮੋਜ਼ਤ ਸਕੂਲ, ਕਪੂਰਥਲਾ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੋਹਿਤ ਕੁਮਾਰ (ਕੁਆਰਾ) ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ ਵਾ ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸ਼ੱਬੋ ਪਤਨੀ ਜਿੰਦਰ ਮਸੀਹ ਵਾਸੀ ਮਕਾਨ ਨੰਬਰ 33, ਵਾਰਡ ਨੰਬਰ 6, ਭੁੱਲਰ ਰੋਡ ਪ੍ਰੂੰਦਰ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੂਰਜ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅੱਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਅਸੀਂ, ਜਸਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਅਤੇ ਕੁਲਵਿੰਦਰ ਕੌਰ ਪਤਨੀ ਜਸਵਿੰਦਰ ਸਿੰਘ ਵਾਸੀ ਪਿੰਡ ਰਣੀਆ (ਧਾਰੀਵਾਲ), ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਸਾਡਾ ਪੁੱਤਰ ਗੁਰਪ੍ਰੀਤ ਸਿੰਘ ਜੋ ਸਾਡੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਓਮ ਪ੍ਰਕਾਸ਼ ਪੁੱਤਰ ਸ੍ਰੀ ਦੁਰਗੇਸ਼ ਰਾਮ ਵਾਸੀ ਈ ਕਿਊ-9/ਬੀ, ਪੱਕਾ ਬਾਗ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੇ ਲੜਕੇ ਰਮੇਸ਼ ਅਤੇ ਗੋਪਾਲ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਚੁੰਨੀ ਰਾਮ ਪੁੱਤਰ ਰਾਮੇਸ਼ਰ ਵਾਸੀ ਇੰਦਰਾ ਕਲੋਨੀ, ਬੈਕ ਸਾਇਡ ਵੇਰਕਾ ਮਿਲਕ ਪਲਾਂਟ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਬਲਬੀਰ ਚੰਦ ਪੁੱਤਰ ਗੁਰਦਿਆਲ ਚੰਦ ਵਾਸੀ ਪਿੰਡ ਕਪੂਰ ਪਿੰਡ, ਤਹਿਸੀਲ ਵਾ ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪੰਕਜ ਕੁਮਾਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜਿਸ ਕਿਸੇ ਨੇ ਪੰਕਜ ਕੁਮਾਰ ਨਾਲ ਲੈਣ ਦੇਣ ਕੀਤਾ ਹੈ ਜਾਂ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਪਰਵੇਸ਼ ਕੁਮਾਰ ਅਰੋੜਾ ਪੁੱਤਰ ਦੇਸ ਰਾਜ ਅਤੇ ਆਸ਼ਾ ਰਾਣੀ ਪਤਨੀ ਪਰਵੇਸ਼ ਕੁਮਾਰ ਅਰੋੜਾ ਦੋਨੋਂ ਵਾਸੀਆਨ ਮਕਾਨ ਨੰ. ਡਬਲਯੂ. ਡੀ.-74, ਅਲੀ ਮੁਹੱਲਾ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸ਼ਿਲਸ ਅਰੋੜਾ ਜੋ ਕਿ ਸ਼ਾਦੀਸ਼ੁਦਾ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਹਾਕਮ ਸਿੰਘ ਪੁੱਤਰ ਬਚਨ ਸਿੰਘ ਵਾਸੀ ਪਿੰਡ ਮਾਨਾਵਾਲੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਹਰਪ੍ਰੀਤ ਕੌਰ ਅਤੇ ਉਹਨਾਂ ਦੀ ਲੜਕੀ ਪ੍ਰਭਜੋਤ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।



## ਬੇਦਖਲੀ ਨੋਟਿਸ

ਮੈਂ, ਪਰਮਜੀਤ ਸਿੰਘ ਪੁੱਤਰ ਆਲਾ ਸਿੰਘ ਵਾਸੀ ਪਾਂਚਾਦਾ ਪੱਤੀ ਧਨੌਲਾ ਤਹਿਸੀਲ ਜ਼ਿਲ੍ਹਾ ਬਰਨਾਲਾ ਦਾ ਰਹਿਣ ਵਾਲਾ ਹਾਂ ਮੈਂ ਹਲਫ ਨਾਲ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਵਿੰਦਰ ਸਿੰਘ ਜੋ ਕੁਆਰਾ ਹੈ ਬੁਰੀ ਸੰਗਤ ਦਾ ਸ਼ਿਕਾਰ ਹੋ ਗਿਆ ਹੈ ਅਤੇ ਮੇਰੇ ਕਹਿਣੇ ਤੋਂ ਬਿਲਕੁਲ ਬਾਹਰ ਹੈ ਇਸ ਤੋਂ ਮੈਂ ਤੰਗ ਆ ਕੇ ਮੈਂ ਹੋਸ ਹਵਾਸ ਨਾਲ ਆਪਣੇ ਲੜਕੇ ਨੂੰ ਆਪਣੀ ਚਲਤ ਅਚਲਤ ਜਾਇਦਾਦ ਤੋ ਬੇਦਖਲ ਕਰਦਾ ਹਾਂ ਇਸ ਦਾ ਮੇਰੇ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਕੋਈ ਸਬੰਧ ਨਹੀਂ ਹੈ ਇਹ ਬਾਹਰ ਕਿਸੇ ਨਾਲ ਲੜਾਈ ਝਗੜਾ ਕਰਦਾ ਹੈ ਜਾ ਕਿਸੇ ਤਰ੍ਹਾਂ ਦਾ ਕੋਈ ਵੀ ਕਦਮ ਚੁੱਕਦਾ ਹੈ ਉਹ ਖੁਦ ਜਿੰਮੇਵਾਰ ਹੈ ਇਸ ਨਾਲ ਲੈਣ ਦੇਣ ਵਾਲਾ ਵੀ ਖੁਦ ਜਿੰਮੇਵਾਰ ਹੋਵੇਗਾ। ਮੇਰੇ ਨਾਲ ਇਸ ਦਾ ਕੋਈ ਸੰਬੰਧ ਨਹੀਂ ਰਿਹਾ ਹੈ।

ਮੈਂ, ਸਰਵਜੀਤ ਸਿੰਘ ਪੁੱਤਰ ਬਘੇਲ ਸਿੰਘ ਤੇ ਜਸਨੂਰ ਕੌਰ ਪਤਨੀ ਸਰਵਜੀਤ ਸਿੰਘ ਵਾਸੀ ਸੰਭਲਵਾਲਾ ਤਹਿ ਟੋਹਾਣਾ ਜਿਲਾ ਫਤਿਆਬਾਦ ਦੇ ਹਾਂ। ਸਾਡੀ ਹਕੀਕੀ ਲੜਕੀ ਜਸਨਦੀ ਜੋ ਗਲਤ ਸੰਗਤ ਵਿੱਚ ਪੈ ਗਈ ਹੈ। ਜੋ ਸਾਡੇ ਕਹਿਣੇ ਤੋਂ ਬਾਹਰ ਹੈ, ਇਸ ਨੂੰ ਅਸੀ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾ। ਜੋ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਗੁਰਚਰਨ ਸਿੰਘ ਪੁੱਤਰ ਪੂਰਨ ਸਿੰਘ ਪੁੱਤਰ ਸਾਉਣ ਸਿੰਘ ਵਾਸੀ ਹੰਡਿਆਇਆ ਰੋਡ ਮਾਨਾ ਪਿੰਡੀ ਧਨੌਲਾ ਤਹਿਸੀਲ ਵਾ ਜਿਲ੍ਹਾ ਬਰਨਾਲਾ ਸਵੈ ਘੋਸ਼ਣਾ ਕਰਦਾ ਹਾਂ ਕਿ ਮੇਰੀ ਲੜਕੀ ਸੰਦੀਪ ਕੌਰ ਜੋ ਕਿ ਸਾਦੀ ਸੁਦਾ ਹੈ ਉਹ ਮੇਰੇ ਕਹਿਣੇ ਤੋਂ ਬਾਹਰ ਅਤੇ ਮੇਰੇ ਨਾਲ ਉਹ ਕੋਈ ਰਿਸ਼ਤਾ ਨਹੀਂ ਰੱਖਣਾ ਚਾਹੁੰਦੀ ਇਸ ਤੋਂ ਮੈਂ ਤੰਗ ਆ ਕੇ ਮੈ ਇਸ ਲੜਕੀ ਨੂੰ ਆਪਣੀ ਚਲਤ ਅਚਲਤ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਸ ਦਾ ਮੇਰੇ ਪਰਿਵਾਰ ਨਾਲ ਕੋਈ ਸਬੰਧ ਨਹੀਂ ਹੈ ਇਹ ਬਾਹਰ ਕਿਸੇ ਨਾਲ ਲੜਾਈ ਝਗੜਾ ਕਰਦੀ ਹੈ ਜਾ ਕਿਸੇ ਤਰ੍ਹਾਂ ਦਾ ਕੋਈ ਵੀ ਕਦਮ ਚੁੱਕਦੀ ਹੈ ਉਹ ਖੁਦ ਜਿੰਮੇਵਾਰ ਹੈ ਇਸ ਨਾਲ ਲੈਣ ਦੇਣ ਵਾਲਾ ਵੀ ਖੁਦ ਜਿੰਮੇਵਾਰ ਹੋਵੇਗਾ।

ਮੈਂ ਸੁਨੀਤਾ ਦੇਵੀ ਪਤਨੀ ਸ੍ਰੀ ਕਰਮ ਸਿੰਘ ਪਿੰਡ ਗਾਲੋਵਾਲ ਡਾਕ ਸਫਦਰਪੁਰ ਤਹਿ ਦਸੂਆ ਜਿਲ੍ਹਾ ਹੁਸ਼ਿਆਰਪੁਰ ਪੰਜਾਬ ਦੀ ਹਾ ਮੇਰਾ ਲੜਕਾ ਰਾਹੁਲ ਕੁਮਾਰ ਪੁੱਤਰ ਸ੍ਰੀ ਕਰਮ ਸਿੰਘ ਜੋ ਕਿ ਮੇਰੇ ਕਹਿਣੇ ਵਿਚ ਨਹੀਂ ਹੈ ਮੇਰੇ ਨਾਲ ਲੜਾਈ ਝਗੜਾ ਕਰਦਾ ਹੈ ਮੈਂ ਆਪਣੇ ਲੜਕੇ ਰਾਹੁਲ ਕੁਮਾਰ ਪੁੱਤਰ ਸ੍ਰੀ ਕਰਮ ਸਿੰਘ ਨੂੰ ਆਪਣੀ ਚੱਲ ਤੇ ਅਚਲ ਜਾਇਦਾਦ ਜਿਥੇ ਵੀ ਹੋਵੇ ਤੋਂ ਬੇਦਖ਼ਲ ਕਰਦੀ ਹਾ ਜੋ ਵੀ ਵਿਅਕਤੀ ਇਸ ਨਾਲ ਲੈਣ ਦੇਣ ਕਰੇਗਾ ਖੁਦ ਜੁਮੇਵਾਰ ਹੋਵੇਗਾ ਮੈਂ ਅਤੇ ਮੇਰੇ ਬਾਕੀ ਪਰਿਵਾਰ ਦੇ ਕਿਸੇ ਵੀ ਮੈਂਬਰ ਦਾ ਕੋਈ ਲੈਣ ਦੇਣ ਨਹੀਂ ਹੋਵੇਗਾ।

ਮੈਂ, ਜਸਵਿੰਦਰ ਸਿੰਘ ਪੁੱਤਰ ਸ੍ਰੀ ਸੁੱਖਾ ਸਿੰਘ ਵਾਸੀ ਪਿੰਡ ਚਰੜ ਡਾਕਖਾਨਾ ਰਾਜਪੁਰ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੈਂ ਰੋਜਾਨਾ ਅਖਵਾਰ ਰਾਹੀਂ ਆਪਣੇ ਲੜਕੇ ਮਨਪ੍ਰੀਤ ਸਿੰਘ ਅਤੇ ਮੇਰੀ ਨੂੰਹ ਨਵਜੋਤ ਕੌਰ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਇਹ ਕਿ ਹੁਣ ਮੇਰਾ ਲੜਕਾ ਮਨਪ੍ਰੀਤ ਸਿੰਘ ਅਤੇ ਮੇਰੀ ਨੂੰਹ ਨਵਜੋਤ ਕੌਰ ਮੇਰੇ ਕਹਿਣੇ ਵਿੱਚ ਹੋਣ ਕਾਰਨ ਮੈਂ ਇਹ ਬੇਦਖਲੀ ਖਾਰਜ ਕਰਦਾ ਹਾਂ ਅਤੇ ਹੁਣ ਮੇਰਾ ਲੜਕਾ ਮਨਪ੍ਰੀਤ ਸਿੰਘ ਅਤੇ ਮੇਰੀ ਨੂੰਹ ਨਵਜੋਤ ਕੌਰ ਮੇਰੀ ਵਰਾਸਤ ਦੇ ਆਪਣੇ ਹਿੱਸੇ ਮੁਤਾਬਕ ਵਾਰਿਸ ਰਹਿਣਗੇ।

ਮੈਂ ਅਮਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਤੇ ਡਾਕ. ਖੋਜਾਲਾ ਤਹਿਸੀਲ ਬਟਾਲਾ, ਜਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਅਮਰੀਕ ਸਿੰਘ ਤੇ ਨੂੰਹ ਦਲਜੀਤ ਕੌਰ ਅਤੇ ਦੂਸਰਾ ਲੜਕਾ ਕੰਵਲਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਤਿੰਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ।

ਬਲਬੀਰ ਸਿੰਘ ਪੁੱਤਰ ਅਜੀਤ ਸਿੰਘ, ਨਰਿੰਦਰ ਕੌਰ ਪਤਨੀ ਬਲਬੀਰ ਸਿੰਘ ਵਾਸੀ ਪਿੰਡ ਖਾਪੜ ਖੇੜੀ ਜਿਲ੍ਹਾ ਅੰਮ੍ਰਿਤਸਰ ਸਾਡਾ ਪੁੱਤਰ ਮਨਪ੍ਰੀਤ ਸਿੰਘ ਜੋ ਸਾਡੇ ਕਹਿਣੇ ਤੋ ਬਾਹਰ ਹੈ। ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਰਹੇ ਹਾ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਦੇਵ ਸਿੰਘ ਪੁੱਤਰ ਨਗਾਈਆ ਸਿੰਘ ਪਿੰਡ ਜਟਾਣਾ ਤਹਿਸੀਲ ਚਮਕੌਰ ਸਾਹਿਬ (ਰੂਪਨਗਰ) ਨੇ ਆਪਣੇ ਲੜਕੇ ਸਿਮਰਨਜੀਤ ਸਿੰਘ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ, ਕਿਉਂਕਿ ਇਹ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਤ ਨੋਟ ਕਰਨ।

ਮੈਂ ਸਤਨਾਮ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਮਕਾਨ ਨੰ. 113, ਬਾਬਾ ਦੀਪ ਸਿੰਘ ਕਲੋਨੀ, ਨਸ਼ਹਿਰਾ ਕਲਾਂ, ਤਹਿਸੀਲ ਤੇ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਨਦੀਪ ਸਿੰਘ ਜੋ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ, ਲੜਾਈ ਝਗੜਾ ਕਰਦਾ ਰਹਿੰਦਾ ਹੈ ਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਤਮਾਮ ਚੱਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਬੋਹੜ ਸਿੰਘ ਪੁੱਤਰ ਕਪੂਰ ਸਿੰਘ ਵਾਸੀ ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੀਵਨ ਸਿੰਘ (ਕੁਆਰਾ) ਅਤੇ ਮੇਰੀ ਪਤਨੀ ਹਰਬੰਸ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ, ਬਲਦੇਵ ਸਿੰਘ ਪੁੱਤਰ ਪ੍ਰੇਮ ਚੰਦ ਵਾਸੀ ਪਿੰਡ ਫਿਰੋਜ ਮੰਡ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੌਰਵ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ, ਉਂਕਾਰ ਸਿੰਘ (90 ਸਾਲ) ਪੁੱਤਰ ਨਿਰੰਜਨ ਸਿੰਘ ਵਾਸੀ ਪਿੰਡ ਕੁੰਢਾਲੀਆਂ, ਡਾਕਖਾਨਾ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਗੋਦ ਲਿਆ ਲੜਕਾ ਜਸਕਰਨ ਸਿੰਘ ਅਤੇ ਉਸ ਦੀ ਪਤਨੀ ਨੀਤੂ ਮੇਰੇ ਕੰਟਰੋਲ ਤੋਂ ਬਾਹਰ ਹਨ। ਬੁਢਾਪੇ ਵਿਚ ਮੇਰੀ ਦੇਖ-ਭਾਲ ਨਹੀਂ ਕਰਦੇ ਹਨ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਲੈਣ-ਦੇਣ ਦਾ ਮੈਂ ਜ਼ਿੰਮੇਵਾਰ ਨਹੀਂ ਹਾਂ। ਉਹ ਆਪਣੇ ਕੀਤੇ ਦੇ ਖੁਦ ਜ਼ਿੰਮੇਵਾਰ ਹੋਣਗੇ। ਸੰਬੰਧਤ ਨੋਟ ਕਰਨ।

ਮੈਂ, ਸ਼ਿੰਦਾ ਮਸੀਹ ਪੁੱਤਰ ਬਰਕਤ ਮਸੀਹ ਵਾਸੀ ਮਕਾਨ ਨੰ: 118, ਡੇਰਾ ਰੋਡ ਹਸਨਪੁਰਾ, ਗੋਖੂਵਾਲ ਬਟਾਲਾ ਤਹਿਸੀਲ, ਜ਼ਿਲ੍ਹਾਂ ਗੁਰਦਾਸਪੁਰ। ਮੇਰਾ ਲੜਕਾ ਪ੍ਰਿੰਸ ਮਸੀਹ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਪ੍ਰਿੰਸ ਮਸੀਹ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਲੈਂਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ।

ਮੈਂ, ਹਰਪਾਲ ਸਿੰਘ ਪੁੱਤਰ ਅਮਰ ਸਿੰਘ ਵਾਸੀ ਦੋਰਾਹਾ ਤਹਿ ਪਾਇਲ ਜ਼ਿਲ੍ਹਾ ਲੁਧਿਆਣਾ ਦਾ ਹਾ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਮੇਰੇ ਤੋਂ ਅਲੱਗ ਰਹਿ ਰਿਹਾ ਹੈ ਮੇਰੇ ਨਾਲ ਲੜਾਈ ਝਗੜਾ ਕਰਦਾ ਹੈ ਮੇਰੇ ਕਹਿਣ ਤੋਂ ਬਾਹਰ ਹੈ, ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ ਸੰਬੰਧਿਤ ਨੋਟ ਕਰਨ।

ਮੈਂ ਇੰਦਰਜੀਤ ਸਿੰਘ ਉਰਫ ਘੋਲਾ ਸਿੰਘ ਪੁੱਤਰ ਸੰਪੂਰਨ ਸਿੰਘ ਪੁੱਤਰ ਰੌਣਕ ਸਿੰਘ ਵਾਸੀ ਪਿੰਡ ਮਾਣਕ ਮਾਜਰਾ ਤਹਿਸੀਲ ਖੰਨਾ ਜਿਲਾ ਲੁਧਿਆਣਾ ਨੇ ਆਪਣਾ ਨਾਮ ਦਸਤਾਵੇਜ਼ ਦੇ ਅਧਾਰ ਤੇ ਘੋਲਾ ਸਿੰਘ ਤੋਂ ਬਦਲ ਕੇ ਇੰਦਰਜੀਤ ਸਿੰਘ ਰੱਖ ਲਿਆ ਹੈ ਸੰਬਧਤ ਨੋਟ ਕਰਨ।

ਮੈਂ, ਮਨਜੀਤ ਕੌਰ ਪਤਨੀ ਸਵ. ਮੰਗਲ ਸਿੰਘ ਵਾਸੀ ਪਿੰਡ ਪਰਮਜੀਤਪੁਰ, ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਕਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਰਾਣੀ ਦੇਵੀ ਪਤਨੀ ਵੁਧਵਾ ਵਿਸ਼ਵਾਸ ਅਤੇ ਵੁਧਵਾ ਵਿਸ਼ਵਾਸ ਪੁੱਤਰ ਤਰੋਨੀ ਵਿਸ਼ਵਾਸ ਵਾਸੀ ਮਕਾਨ ਨੰ: 4/213, ਮਜੀਠਾ ਰੋਡ, ਗ੍ਰੀਨ ਫੀਲਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸੂਰਜ ਬਿਸ਼ਵਾਸ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜੋਗਿੰਦਰ ਪਾਲ ਪੁੱਤਰ ਲੇਟ ਸ੍ਰੀ ਖੁਸ਼ਹਾਲ ਚੰਦ ਵਾਸੀ ਮਕਾਨ ਨੰਬਰ 2145, ਭਾਰਗੋ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਅਤੇ ਉਸ ਦੀ ਪਤਨੀ ਪ੍ਰਿਅੰਕਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੀ ਇੱਕ ਨਹੀਂ ਸੁਣਦੇ ਹਨ। ਇਸ ਲਈ ਮੈਂ ਉਪਰੋਕਤ ਦੋਣਾ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੇਕਰ ਇਸ ਦੇ ਨਾਲ ਕੋਈ ਵੀ ਲੈਣ ਦੇਣ ਕਰਦੇ ਹਨ ਤਾਂ ਉਸ ਦੇ ਜ਼ਿੰਮੇਵਾਰ ਉਹ ਖੁਦ ਹੋਣਗੇ।

ਮੈਂ ਸਤਨਾਮ ਸਿੰਘ (ਆਧਾਰ ਕਾਰਡ ਨੰ: 8816 4843 7473) ਪੁੱਤਰ ਪਿਆਰਾ ਸਿੰਘ ਵਾਸੀ ਮਕਾਨ ਨੰਬਰ-296, ਉਚਾ ਧੋੜਾ ਜਿਲਾ ਕਪੂਰਥਲਾ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਰਨੈਲ ਸਿੰਘ, ਮੇਰੀ ਨੂੰਹ ਹਰਜੀਤ ਕੋਰ ਤੇ ਪੋਤੀ ਜਸਵੀਰ ਕੋਰ ਮੇਰੇ ਕਹਿਣੇ ਤੋ ਬਾਹਰ ਹਨ ਤੇ ਘਰ ਵਿੱਚ ਕਲਾ-ਕਲੇਸ਼ ਕਰਦੇ ਰਹਿੰਦੇ ਹਨ, ਇਸ ਲਈ ਮੈਂ ਆਪਣੇ ਲੜਕੇ ਜਰਨੈਲ ਸਿੰਘ ਅਤੇ ਉਸਦੀ ਪਤਨੀ ਹਰਜੀਤ ਕੋਰ ਤੇ ਪੋਤੀ ਜਸਵੀਰ ਕੋਰ ਨੂੰ ਆਪਣੀ ਤਮਾਮ ਚਲ-ਅਚਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਅਗਰ ਕੋਈ ਇਹਨਾਂ ਨਾਲ ਕੋਈ ਲੇਨ-ਦੇਨ ਕਰੇਗਾ ਤਾ ਉਹ ਖੁਦ ਜਿੰਮੇਦਾਰ ਹੋਵੇਗਾ। ਮੇਰਾ ਜਾ ਮੇਰੇ ਕਿਸੇ ਪਰਿਵਾਰ ਦੇ ਮੈਂਬਰ ਦਾ ਇਹਨਾਂ ਵਲੋਂ ਕੀਤੇ ਲੇਣ ਦੇਣ ਜਾਂ ਇਹਨਾਂ ਦੇ ਕਿਸੇ ਜਾਇਜ-ਨਜਾਇਜ ਕੰਮ ਦੀ ਕੋਈ ਜਿੰਮੇਵਾਰੀ ਨਹੀ ਹੋਵੇਗੀ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ-ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ ਵੱਲੋਂ ਬਸੰਤ ਸਿੰਘ ਪੁੱਤਰ ਹਾਕਮ ਸਿੰਘ ਮੁਤਬੰਨਾ ਪੁੱਤਰ ਬੋਘਾ ਸਿੰਘ ਵਾਸੀ ਸੈਦੋਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਖੇਵਟ ਨੰਬਰ 75 ਖਤੌਨੀ ਨੰਬਰ 207 ਵਾਕਿਆ ਰਕਬਾ ਪਿੰਡ ਸੈਦੋਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 20-8-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1) ਮਲਕੀਤ ਸਿੰਘ ਪੁੱਤਰ ਕੁੰਢਾ ਸਿੰਘ ਪੁੱਤਰ ਰਾਮ ਸਿੰਘ ਵਾਸੀ ਸੈਦੋਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/- ਸਹਾਇਕ ਕੁਲੈਕਟਰ ਦਰਜਾ-1 ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

## COURT NOTICE

(U/O 5 Rule 20 Cpc)
In The Court of
Ms. Mandeep Kaur
Civil Judge (Junior Division), Dasuya
CNR No. PBHOA0-000797-2023
Next Date:- 10-09-2025
IDBI Bank Vs. Malkiat Singh
Publication Issued To:
LR. 1a Najar Singh
LR. 1b Sudaragar Singh
LR. 1c Jasbir Singh
LR. 1d Jaswinder Singh
All Son of JD1. Late Malkiat Singh R/o Vill. Shehbajpur, Tehsil Tanda, Dasuya, Distt. Hoshiarpur.
JD. 2 Tarlok Singh S/o Harnek Singh R/o Vill. Shehbazpur, Tehsil Dasuya, Distt. Hoshiarpur.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 10-09-2025 at 10:00 a.m.

For details logon to https://highcourtchd.gov.in/?mod=district_notice&district=Hoshiarpur

Civil Judge (Junior Division) Dasuya
Dated, this day of 11-08-2025

## COURT NOTICE

(U/o 5 Rule 20 CPC)
In The Court of Sh. Balkar Singh
Additional Civil Judge (Senior Division) Budhlada

Next Date, Purpose of Case, Orders and Judgments as well as other case, information is available on http://ecourts.gov.in

CNR No. PBMNA0-000124-2025
Next Date:-04-09-2025
Balvir. Singh Vs. Teja Singh
Publication Issued To:

3. Ajmer Kaur Deceased wd/o Nazar Singh S/o Sohan Singh R/o Kulrian, Teh. Budhlada, Distt. Mansa. Through (A). Mahinder Singh S/o Nazar Singh S/O Sohan Singh S/o Bakshi Singh R/o Kulrian, Teh. Budhlada, Distt. Mansa.

6. Charna Singh Deceased S/o Nazar Singh S/o Sohan Singh R/o Kulrian Teh. Budhlada Through LR. (A). Mahinder Singh S/o Nazar Singh S/o Sohan Singh S/o Bakshi Singh R/o Kulrian Teh. Budhlada Distt. Mansa

7. Sukhwinder Kaur D/o Nazar Singh S/o Sohan Singh R/o Kulrian, Tehsil Budhlada, Distt. Mansa Now W/o Gurjant Singh R/o Sadi Hari, Tehsil Sunam.

8. Jaswinder Kaur D/o Nazar Singh S/o Sohan Singh R/o Kulrian, Tehsil Budhlada, Distt. Mansa. Now W/o Gajjan Singh R/o Sadi Hari, Tehsil Sunam.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 04-09-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division) Budhlada
Dated, this day of-07-08-2025

## COURT NOTICE

(U/o 5 Rule 20 CPC)
In The Court of
Sh. Harwinder Singh
Civil Judge Junior Division - 16, Patiala
CNR No. PBPT02-001995-2024
Next Date:- 12-09-2025
Nanda Sharma
Vs.
Avneet Kaur
Publication Issued To:
Avneet Kaur, Aee, Guru Gobind Singh Thermal Plant, Ropar Now residing as A.E.W.M.E. Sub Division, Ropar

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 12-09-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 16 Patiala
Dated, this day of-11-08-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਰਣਦੀਪ ਸਿੰਘ ਹੀਰ, ਪੀ. ਸੀ. ਐੱਸ.
ਉੱਪ ਮੰਡਲ ਮੈਜਿਸਟਰੇਟ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ-1
ਮੁਕੱਦਮਾ ਨੰ: 86/ਏ. ਸੀ./25
ਦਾਇਰ ਮਿਤੀ : 17.07 2025
ਅਗਲੀ ਤਾਰੀਖ : 20.08.2025
ਵਾਕਿਆ ਰਕਬਾ : ਕੋਟਲੀ ਥਾਨ ਸਿੰਘ
ਵਿਸ਼ਾ : ਇੰਤਕਾਲ ਨੰ: 4503 ਪਿੰਡ ਕੋਟਲੀ ਥਾਨ ਸਿੰਘ ਵਰਾਸਤ ਮੁਤਵਫੀ ਹਰਪ੍ਰੀਤ ਸਿੰਘ
ਪਾਰਟੀਆਂ ਦੇ ਨਾਂਅ ਨੋਟਿਸ

1. ਹਰਜਿੰਦਰ ਕੌਰ ਪਤਨੀ ਹਰਪ੍ਰੀਤ ਸਿੰਘ ਵਾਸੀ ਪਿੰਡ ਕੋਟਲੀ ਥਾਨ ਸਿੰਘ

ਉਪਰੋਕਤ ਮੁਕੱਦਮਾ ਇਸ ਅਦਾਲਤ ਵਿਚ ਕਾਰਵਾਈ ਅਧੀਨ ਹੈ, ਜਿਸ ਵਿਚ ਉਪਰੋਕਤ ਦਰਜ ਪਾਰਟੀਆਂ ਦਾ ਹਾਜ਼ਰ ਹੋਣਾ ਜ਼ਰੂਰੀ ਹੈ। ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਕੇਸ ਵਿਚ ਉਪਰੋਕਤ ਦਰਜ ਪਾਰਟੀਆਂ ਜਾਂ ਕਿਸੇ ਵੀ ਦੀਗਰ ਵਿਅਕਤੀ ਨੂੰ ਉਜ਼ਰ ਹੋਵੇ ਤਾਂ ਉਹ ਆਪਣਾ ਪੱਖ ਰੱਖਣ ਲਈ ਇਸ ਅਦਾਲਤ ਵਿਚ ਮਿਤੀ 20.08.2025 ਨੂੰ ਸਮਾਂ ਬਾਅਦ ਦੁਪਹਿਰ 02.30 ਵਜੇ ਹਾਜ਼ਰ ਹੋ ਕੇ ਆਪਣਾ ਪੱਖ ਰੱਖ ਸਕਦਾ ਹੈ। ਜੇਕਰ ਨਿਸ਼ਚਿਤ ਮਿਤੀ 'ਤੇ ਕੋਈ ਧਿਰ ਹਾਜ਼ਰ ਨਹੀਂ ਹੁੰਦੀ ਤਾਂ ਅਦਾਲਤ ਵੱਲੋਂ ਇਹ ਸਮਝ ਲਿਆ ਜਾਵੇਗਾ ਕਿ ਉਕਤ ਕੇਸ ਵਿਚ ਕਿਸੇ ਵੀ ਦੀਗਰ ਵਿਅਕਤੀ ਨੂੰ ਕੋਈ ਉਜ਼ਰ ਨਾ ਹੈ ਅਤੇ ਕੇਸ ਦਾ ਫੈਸਲਾ ਕਰ ਦਿੱਤਾ ਜਾਵੇਗਾ।

ਇਹ ਨੋਟਿਸ ਅੱਜ ਮਿਤੀ 11.08.2025 ਨੂੰ ਮੇਰੇ ਹਸਤਾਖਰ ਅਤੇ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ ਜਲੰਧਰ-1
ਨੰ: 771/ਰੀਡਰ ਮਿਤੀ : 11.08.25

## ਈਸੜੂ 'ਚ ਪੰਜਾਬ ਸਰਕਾਰ ਵੱਲੋਂ ਰਾਜ ਪੱਧਰੀ ਸਮਾਗਮ ਕਰਾਇਆ ਜਾਵੇਗਾ : ਏ. ਡੀ. ਸੀ

ਖੰਨਾ, (ਸੁਖਵਿੰਦਰ ਸਿੰਘ ਭਾਦਲਾ) ਗੋਆ ਦੀ ਅਜ਼ਾਦੀ ਦੇ ਮਹਾਨ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਦੇ ਸ਼ਹੀਦੀ ਦਿਹਾੜੇ 'ਤੇ ਪੰਜਾਬ ਸਰਕਾਰ ਵੱਲੋਂ 15 ਅਗਸਤ ਨੂੰ ਪਿੰਡ ਈਸੜੂ (ਖੰਨਾ) ਵਿਖੇ ਰਾਜ ਪੱਧਰੀ ਸਮਾਗਮ ਕਰਾਇਆ ਜਾਵੇਗਾ। ਇਹ ਪ੍ਰਗਟਾਵਾ ਵਧੀਕ ਡਿਪਟੀ ਕਮਿਸਨਰ ਖੰਨਾ ਸ਼ਿਖਾ ਭਗਤ ਤੇ ਉਪ ਮੰਡਲ ਮੈਜਿਸਟ੍ਰੇਟ ਡਾ. ਬਲਜਿੰਦਰ ਸਿੰਘ ਢਿੱਲੋਂ ਨੇ ਪਿੰਡ ਈਸੜੂ ਵਿਖੇ ਰਾਜ ਪੱਧਰੀ ਸਮਾਗਮ ਦੇ ਪ੍ਰਬੰਧਾਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਵਧੀਕ ਡਿਪਟੀ ਕਮਿਸ਼ਨਰ ਖੰਨਾ ਸ਼ਿਖਾ ਭਗਤ ਅਤੇ ਉਪ ਮੰਡਲ ਮੈਜਿਸਟ੍ਰੇਟ ਖੰਨਾ ਡਾ. ਬਲਜਿੰਦਰ ਸਿੰਘ ਢਿੱਲੋਂ ਨੇ ਇਸ ਰਾਜ ਪੱਧਰੀ ਸਮਾਗਮ ਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਰਾਜ ਪੱਧਰੀ ਸਮਾਗਮ ਨੂੰ ਸਫਲ ਬਣਾਉਣ ਲਈ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਨੇ ਇਸ ਮੌਕੇ ਕਿਹਾ ਕਿ ਰਾਜ ਪੱਧਰੀ ਸਮਾਗਮ ਦੇ ਆਯੋਜਨ ਲਈ ਪਿੰਡ ਈਸੜੂ ਵਿਖੇ ਸ਼ਮੂਲੀਅਤ ਕਰਨ ਵਾਲੀ ਸੰਗਤ ਦੇ ਬੈਠਨ ਦਾ ਪ੍ਰਬੰਧ ਤੇ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਰ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸ਼ਹੀਦ ਕਰਨੈਲ ਸਿੰਘ ਈਸੜੂ ਜੀ ਦੇ ਆਦਮਕੱਦ ਬੁੱਤ ਤੇ ਸਮਾਰਕ ਦੀ ਦਿੱਖ ਸਵਾਰਨ ਅਤੇ ਸ਼ਮਿਆਨਾ ਆਦਿ ਲਗਾਉਣ ਲਈ ਵੀ ਡਿਊਟੀਆਂ ਲਾਈਆਂ ਗਈਆਂ ਹਨ।

ਬਾ ਅਦਾਲਤ ਤਹਿਸੀਲਦਾਰ-ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ ਵੱਲੋਂ ਗਗਨਦੀਪ ਸਿੰਘ ਪੁੱਤਰ ਇਕਬਾਲ ਸਿੰਘ ਪੁੱਤਰ ਹਰੀ ਸਿੰਘ ਵਾਸੀ ਪੱਤੋ ਹੀਰਾ ਸਿੰਘ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਖੇਵਟ ਨੰਬਰ 549, 636 ਖਤੌਨੀ ਨੰਬਰ 628 ਤੋਂ 630, 725 ਵਾਕਿਆ ਰਕਬਾ ਪਿੰਡ ਪੱਤੋ ਹੀਰਾ ਸਿੰਘ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 20-8-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1) ਜਸਵੀਰ ਕੌਰ ਵਿਧਵਾ (2) ਅੰਮ੍ਰਿਤਪਾਲ ਸਿੰਘ (3) ਗੁਰਿੰਦਰ ਸਿੰਘ (4) ਰਮਨਦੀਪ ਸਿੰਘ ਪੁੱਤਰਾਨ ਅਵਤਾਰ ਸਿੰਘ ਪੁੱਤਰ ਚੜ੍ਹਤ ਸਿੰਘ (5) ਗੁਰਦਰਸ਼ਨ ਸਿੰਘ ਪੁੱਤਰ ਚੜ੍ਹਤ ਸਿੰਘ ਪੁੱਤਰ ਸਾਉਣ ਸਿੰਘ (6) ਜਸਵਿੰਦਰ ਸਿੰਘ (7) ਪਰਮਿੰਦਰ ਸਿੰਘ ਪੁੱਤਰਾਨ ਗੁਰਦਰਸ਼ਨ ਸਿੰਘ ਪੁੱਤਰ ਚੜ੍ਹਤ ਸਿੰਘ (8) ਅਮਨਦੀਪ ਸਿੰਘ ਪੁੱਤਰ ਇਕਬਾਲ ਸਿੰਘ ਪੁੱਤਰ ਹਰੀ ਸਿੰਘ (9) ਜਸਵੰਤ ਸਿੰਘ ਪੁੱਤਰ ਚੂਹੜ ਸਿੰਘ ਪੁੱਤਰ ਸਾਉਣ ਸਿੰਘ (10) ਗੁਰਮੇਲ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਸੁੱਚਾ ਸਿੰਘ (11) ਜਸਵਿੰਦਰ ਕੌਰ ਪਤਨੀ ਅਮਰਜੀਤ ਸਿੰਘ ਪੁੱਤਰ ਕਰਤਾਰ ਸਿੰਘ 12) ਸੇਵਕ ਸਿੰਘ (13) ਨਛੱਤਰ ਸਿੰਘ ਪੁੱਤਰਾਨ ਛਿੰਦਰਪਾਲ ਸਿੰਘ ਪੁੱਤਰ ਗੁਰਦੇਵ ਸਿੰਘ (14) ਬਲਦੇਵ ਸਿੰਘ (15) ਬੇਅੰਤ ਸਿੰਘ ਪੁੱਤਰ ਸੁਦਾਗਰ ਸਿੰਘ ਪੁੱਤਰ ਗੰਡਾ ਸਿੰਘ (16) ਲਵਜੋਤ ਸਿੰਘ ਪੁੱਤਰ ਸਮਸ਼ੇਰ ਸਿੰਘ ਪੁੱਤਰ ਪ੍ਰਗਟ ਸਿੰਘ (17) ਅਮਨਦੀਪ ਸਿੰਘ ਪੁੱਤਰ ਇਕਬਾਲ ਸਿੰਘ ਪੁੱਤਰ ਹਰੀ ਸਿੰਘ। ਸਾਰੇ ਵਾਸੀਆਨ ਪਿੰਡ ਪੱਤੋ ਹੀਰਾ ਸਿੰਘ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (18) ਮੈਨੇਜਰ ਐੱਚ.ਡੀ.ਐਫ.ਐੱਫ ਸੀ. ਬੈਂਕ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (19) ਮੈਨੇਜਰ ਪੰਜਾਬ ਨੈਸ਼ਨਲ ਬੈਂਕ ਪੱਤੋ ਹੀਰਾ ਸਿੰਘ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (20) ਮੈਨੇਜਰ ਬੈਂਕ ਆਫ ਇੰਡੀਆ ਬਰਾਂਚ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/- ਸਹਾਇਕ ਕੁਲੈਕਟਰ ਦਰਜਾ-1 ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਬਾ ਅਦਾਲਤ ਤਹਿਸੀਲਦਾਰ-ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ ਵੱਲੋਂ ਇਕਬਾਲ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪੱਤੋ ਹੀਰਾ ਸਿੰਘ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਖੇਵਟ ਨੰਬਰ 45, 102 ਖਤੌਨੀ ਨੰਬਰ 57, 58, 170, 171 ਵਾਕਿਆ ਰਕਬਾ ਪਿੰਡ ਬਾਰੇਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 20-8-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1) ਗੁਰਚਰਨ ਸਿੰਘ (2) ਜ਼ੋਰਾ ਸਿੰਘ (3) ਗੁਰਦੇਵ ਸਿੰਘ ਪੁੱਤਰਾਨ ਆਤਮਾ ਸਿੰਘ ਪੁੱਤਰ ਨਿਧਾਨ ਸਿੰਘ (4) ਨਛੱਤਰ ਸਿੰਘ (5) ਸਤਨਾਮ ਸਿੰਘ ਪੁੱਤਰਾਨ ਮਹਿੰਦਰ ਸਿੰਘ ਪੁੱਤਰ ਮੋਹਣ ਸਿੰਘ (6) ਬਲਵਿੰਦਰ ਸਿੰਘ ਪੁੱਤਰ (7) ਜਿੰਦਰ ਕੌਰ ਪੁੱਤਰੀ ਤੇਜਾ ਸਿੰਘ ਪੁੱਤਰ ਮੋਹਣ ਸਿੰਘ (8) ਗੁਰਨਾਮ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਚਤਰ ਸਿੰਘ (9) ਗੁਰਦੀਪ ਸਿੰਘ ਪੁੱਤਰ ਰਾਮ ਗੋਬਿੰਦਰ ਸਿੰਘ ਪੁੱਤਰ ਚਤਰ ਸਿੰਘ (10) ਗੁਰਸੇਵਕ ਸਿੰਘ ਪੁੱਤਰ ਬਾਬੂ ਸਿੰਘ ਪੁੱਤਰ ਜੰਗੀਰ ਸਿੰਘ (11) ਦਰਸ਼ਨ ਸਿੰਘ ਪੁੱਤਰ ਤੇਜਾ ਸਿੰਘ ਪੁੱਤਰ ਮੋਹਣ ਸਿੰਘ (12) ਜਸਪਾਲ ਕੌਰ (13) ਸਿੰਦਰਪਾਲ ਕੌਰ ਪੁੱਤਰੀਆ ਮਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ (14) ਪਰਮਜੀਤ ਕੌਰ ਵਿਧਵਾ ਜਗਤਾਰ ਸਿੰਘ ਪੁੱਤਰ ਮਨਜੀਤ ਸਿੰਘ (15) ਸਤਪਾਲ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ (16) ਕਮਲਪ੍ਰੀਤ ਕੌਰ ਵਿਧਵਾ (17) ਨਵਦੀਪ ਸਿੰਘ (18) ਹਰਪਨਦੀਪ ਸਿੰਘ ਪੁੱਤਰਾਨ ਅਵਤਾਰ ਸਿੰਘ ਪੁੱਤਰ ਮਹਿੰਦਰ ਸਿੰਘ (19) ਹਰਪ੍ਰੀਤ ਸਿੰਘ ਪੁੱਤਰ ਹੁਕਮ ਸਿੰਘ ਪੁੱਤਰ ਮਾਹਲਾ ਸਿੰਘ (20) ਦਰਸ਼ਨ ਸਿੰਘ ਪੁੱਤਰ ਕਰਮ ਸਿੰਘ ਪੁੱਤਰ ਬੂਟਾ ਸਿੰਘ (21) ਬਚਨ ਕੌਰ ਵਿਧਵਾ (22) ਗੁਰਦੀਪ ਸਿੰਘ (23) ਸਿਮਰਜੀਤ ਸਿੰਘ (24) ਗੁਰਬਖਸ ਸਿੰਘ ਪੁੱਤਰਾਨ (25) ਲਖਵੀਰ ਕੌਰ ਪੁੱਤਰੀ ਬਸੰਤ ਸਿੰਘ ਪੁੱਤਰ ਮਹਿਮਾ ਸਿੰਘ (26) ਬਲਤੇਜ ਸਿੰਘ (27) ਗੁਰਤੇਜ ਸਿੰਘ ਪੁੱਤਰਾਨ ਬਲਵੀਰ ਸਿੰਘ ਪੁੱਤਰ ਗੁਰਦੇਵ ਸਿੰਘ (28) ਸੁਰਿੰਦਰ ਕੌਰ ਪਤਨੀ ਦਰਸ਼ਨ ਸਿੰਘ ਪੁੱਤਰ ਕਰਮ ਸਿੰਘ (29) ਕਰਮਜੀਤ ਕੌਰ ਵਿਧਵਾ (30) ਸੁਮਨਪ੍ਰੀਤ ਸਿੰਘ (31) ਰਮਨਪ੍ਰੀਤ ਕੌਰ (32) ਅਮਰਿੰਦਰਪਾਲ ਸਿੰਘ ਪੁੱਤਰ ਬਲਤੇਜ ਸਿੰਘ ਪੁੱਤਰ ਬਲਵੀਰ ਸਿੰਘ ਸਾਰੇ ਵਾਸੀਆਨ ਪਿੰਡ ਬਾਰੇਵਾਲਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (33) ਮੈਨੇਜਰ ਆਂਧਰਾ ਬੈਂਕ ਬਰਾਂਚ ਗਿੱਲ (ਮੋਗਾ) (34) ਮੈਨੇਜਰ ਪੰਜਾਬ ਨੈਸ਼ਨਲ ਬੈਕ ਪੱਤੋ ਹੀਰਾ ਸਿੰਘ (35) ਮੈਨੇਜਰ ਓਰੀਐਂਟਲ ਬੈਂਕ ਆਫ ਕਾਮਰਸ ਪਿੰਡ ਪੱਤੋ ਹੀਰਾ ਸਿੰਘ(36) ਮੈਨੇਜਰ ਓ.ਬੀ.ਸੀ. ਬੈਂਕ ਪੱਤੋ ਹੀਰਾ ਸਿੰਘ (37) ਮੈਨੇਜਰ ਪੰਜਾਬ ਨੈਸ਼ਨਲ ਬੈਂਕ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/- ਸਹਾਇਕ ਕੁਲੈਕਟਰ ਦਰਜਾ-1 ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

## ਉੱਤਰ ਰੇਲਵੇ

### ਈ.ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਕੰਮ ਕਰਨ ਵਾਲੇ ਸੀਨੀਅਰ ਡੀਐਸਟੀਈ/ਜੇਏਟੀ https://www.ireps.gov.in 'ਤੇ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ। ਨਿਵਿਦਾ ਸੂਚਨਾ ਨੰਬਰ 433_Sig_JAT_12_25_26 ਦੇ ਵਿਰੁਧ ਅੰਤਮ ਮਿਤੀ/ਸਮਾਂ 29.08.2025 ਨੂੰ 12:30 ਵਜੇ ਬੋਲੀਦਾਤਾ ਆਪਣੀ ਮੂਲ/ ਸੰਸ਼ੋਧਿਤ ਬੋਲੀਆਂ ਅੰਤਮ ਮਿਤੀ ਅਤੇ ਸਮੇਂ ਤਕ ਹੀ ਜਮ੍ਹਾ ਕਰ ਸਕਣਗੇ। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਆਫਰ ਦੀ ਇਜਾਜਤ ਨਹੀਂ ਹੈ, ਅਤੇ ਪ੍ਰਾਪਤ ਐਸੇ ਕਿਸੇ ਵੀ ਮੈਨੂੰਅਲ ਆਫਰ ਨੂੰ ਅਣਦੇਖਾ ਕਰ ਦਿਤਾ ਜਾਵੇਗਾ।

2. ਠੇਕੇਦਾਰਾਂ ਨੂੰ ਇਸ ਨਿਵਿਦਾ ਦੇ ਲਈ ਨਿਵਿਦਾ ਦਸਤਾਵੇਜ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟ ਤੇ ਉਪਲਬਧ ਆਨਲਾਈਨ ਭੁਗਤਾਨ ਮੋਡ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ, ਕਰੇਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜਾਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਦੀ ਇਜਾਜਤ ਨਹੀਂ ਹੈ।

ਐਨਆਈਟੀ ਹੇਡਰ

| | | | |
|---|---|---|---|
| ਕਰਾਰ ਦਾ ਪ੍ਰਕਾਰ | ਕੰਮ ਕਰਦਾ ਹੈ | | |
| ਕੰਮ ਦਾ ਨਾਮ | ਜੰਮੂ ਸੰਭਾਵ ਦੇ PTKC-JAT ਸੈਕਸ਼ਨ ਤੇ 5 ਬਲਾਕ ਸੈਕਸ਼ਨਾਂ ਵਿਚ ਬਲਾਕ ਕੰਮ ਦੇ ਲਈ ਦੋਹਰੀ ਪਹਿਚਾਨ ਦਾ ਪ੍ਰਾਵਧਾਨ | | |
| ਨਿਵਿਦਾ ਸਮਾਪਨ ਮਿਤੀ ਸਮਾਂ | 29.08.2025 12:30 | ਨਿਵਿਦਾ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 07.08.2025 16:04 |
| ਵਿਗਿਆਪਤ ਮੂਲ (ਰੁ.) | 9047713.20 | ਆਈਆਰਈਪੀਐਸ ਦੇ ਅਨੁਸਾਰ ਬੋਲੀ ਸ਼ੁਰੂ ਮਿਤੀ | 15.08.2025 |
| ਬਿਆਨਾ ਰਾਸ਼ੀ (ਰੁ.) | 181000.00 | ਸਮਾਪਨ ਦਾ ਸਮਾਂ | 6 Months |

ਨਿਵਿਦਾ ਸੂਚਨਾ ਨੰ. 433_Sig_JAT_12_25_26 ਮਿਤੀ:- 07.08.2025 ਸਮਾਪਤੀ ਮਿਤੀ/ਸਮਾਂ: 29.08.2025 12:30 2462/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

[ਰੂਲ-8 (1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈਆਂ ਮਿਤੀਆਂ 'ਤੇ ਹਰੇਕ ਖਾਤੇ ਵਿਰੁੱਧ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਰਕਮ ਵਾਪਸ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਕਮ ਵਾਪਸ ਕਰਨ 'ਚ ਅਸਫਲ ਰਿਹਾ ਹੈ, ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਦੇ ਵਿਰੁੱਧ ਦਰਸਾਈਆਂ ਮਿਤੀਆਂ 'ਤੇ ਜਾਇਦਾਦ ਦਾ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਦੀ ਰਕਮ ਅਤੇ ਉਸ ਉਪਰ ਵਿਆਜ ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ ਅਤੇ ਪਤਾ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ) |
|---|---|---|---|---|---|
| 1. | 1. ਸ੍ਰੀ ਰਾਜੇਸ਼ ਖੰਨਾ ਪੁੱਤਰ ਮਦਨ ਲਾਲ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਪ੍ਰੀਤੀ ਪਤਨੀ ਰਾਜੇਸ਼ ਖੰਨਾ (ਸਹਿ-ਕਰਜ਼ਦਾਰ) | ਵਿਕਰੀ ਬੈਨਾਮਾ ਨੰ. 1400 ਮਿਤੀ 13 ਜੁਲਾਈ 2020 ਦੇ ਅਨੁਸਾਰ ਸ੍ਰੀ ਰਾਜੇਸ਼ ਖੰਨਾ ਪੁੱਤਰ ਸ੍ਰੀ ਮਦਨ ਲਾਲ ਦੇ ਨਾਂਅ ਰਜਿਸਟਰਡ ਰਿਹਾਇਸ਼ੀ | 10 ਅਪ੍ਰੈਲ 2024 | 08 ਅਗਸਤ 2025 | ਰੁਪਏ 10,41.989/- (ਦਸ ਲੱਖ ਇਕਤਾਲੀ ਹਜ਼ਾਰ ਨੌਂ ਸੌ ਉਨਾਨਵੇਂ ਰੁਪਏ ਕੇਵਲ) |

ਜਾਇਦਾਦ/ਰਿਹਾਇਸ਼ੀ ਯੂਨਿਟ ਨੰ. 1007, 10ਵੀਂ ਮੰਜ਼ਲ, ਟਾਵਰ ਨੰ. ਬੀ/ਟੀ-9 ਕਾਰਪੈਟ ਖੇਤਰ 473.594 ਵਰਗ ਫੁੱਟ 43.998 ਵਰਗ ਮੀਟਰ, ਬਾਲਕੋਨੀ ਖੇਤਰ 100 ਵਰਗ ਫੁੱਟ, 9.29 ਵਰਗ ਮੀਟਰ ਹੈਪੀ ਹੋਮਜ਼, ਸੈਕਟਰ-86, ਫਰੀਦਾਬਾਦ, ਹਰਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਐੱਨ ਏ, ਪੱਛਮ : ਐੱਨ ਏ, ਉੱਤਰ : ਐੱਨ ਏ, ਦੱਖਣ : ਐੱਨ ਏ

ਉਪਰੋਕਤ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਰਕਮ ਵਾਪਸ ਮੋੜਨ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ, ਨਹੀਂ ਤਾਂ ਰਹਿਣ ਕੀਤੀਆਂ ਜਾਇਦਾਦਾਂ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 30 ਦਿਨ ਗੁਜ਼ਰ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀਆਂ ਜਾਣਗੀਆਂ।

ਮਿਤੀ : 13.08.2025
ਸਥਾਨ : ਫਰੀਦਾਬਾਦ, ਹਰਿਆਣਾ

ਸਹੀ/- (ਅਧਿਕਾਰਤ ਅਫਸਰ)
ਐਕਸਿਸ ਬੈਂਕ ਲਿਮਟਿਡ

Form No. 3
[See Regulation-13(1)(a)]

## DEBTS RECOVERY TRIBUNAL CHANDIGARH (DRT-1)
2ND FLOOR, SCO 33-34-35, SECTOR 17-A, CHANDIGARH

ਮੁਕੱਦਮਾ ਨੰ. ਓ ਏ/193/2025 ਈ ਐੱਕਸ ਐੱਚ ਨੰ. 28336

ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ
ਬਨਾਮ
ਜਸਪ੍ਰੀਤ ਸਿੰਘ ਸੰਧੂ

ਸੇਵਾ 'ਚ
(1) ਜਸਪ੍ਰੀਤ ਸਿੰਘ ਸੰਧੂ ਪੁੱਤਰ ਗੁਰਬਖਸ਼ ਸਿੰਘ ਵਾਸੀ ਪਿੰਡ ਮੌਜਗੜ੍ਹ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ, ਪੰਜਾਬ।
(2) ਰਾਜਬੀਰ ਕੌਰ ਪਤਨੀ ਜਸਪ੍ਰੀਤ ਸਿੰਘ ਸੰਧੂ ਵਾਸੀ ਪਿੰਡ ਮੌਜਗੜ੍ਹ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ, ਪੰਜਾਬ
(3) ਸੁਖਵਿੰਦਰ ਸਿੰਘ ਸੰਧੂ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਮੌਜਗੜ੍ਹ, ਤਹਿਸੀਲ ਧਰਮੋਕਟ, ਜ਼ਿਲ੍ਹਾ ਮੋਗਾ, ਪੰਜਾਬ।

### ਸੰਮਨ

ਜਦੋਂ ਕਿ ਓ ਏ/193/2025 ਮਾਣਯੋਗ ਪ੍ਰਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 20.05.2025 ਨੂੰ ਸੂਚੀਬੱਧ ਕੀਤਾ ਗਿਆ ਸੀ।

ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 34,10,614/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19 (4) (ਓ ਏ) ਤਹਿਤ (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨੱਥੀ) ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਿਹਾ ਹੈ।

ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ, ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :

(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।
(ii) ਅਸਲ ਅਰਜ਼ੀ ਦੇ ਲੜੀ ਨੰ. 3 ਏ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐੱਸਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।
(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਉਰਡ ਐੱਸਟਸ ਜਾਂ ਅਜਿਹੇ ਹੋਰ ਐੱਸਟਸ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।
(iv) ਜਿਹੜੀ ਸਕਿਉਰਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐੱਸਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।
(v) ਸਕਿਉਰਡ ਐੱਸਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੋਰਸ 'ਚ ਹੋਰ ਐੱਸਟਸ ਅਤੇ ਜਾਇਦਾਦਾਂ ਅਤੇ ਅਜਿਹੇ ਐੱਸਟਸ 'ਤੇ ਸਕਿਉਰਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਾਕਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।

ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 01.09.2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।

ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 23.05.2025 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

13 Aug Page 8.qxd 8/12/2025 10:36 PM Page 1



# ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਜ਼ਿਲ੍ਹਾ ਪੱਧਰੀ ਕਨਵੈਨਸ਼ਨ

**ਬੰਗਾ (ਅਵਤਾਰ ਕਲੇਰ)**- ਸਥਾਨਕ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਵਲੋਂ ਦੇਸ਼ ਅੰਦਰ ਵਧ ਰਹੇ ਫਾਸ਼ੀ ਹੱਲਿਆਂ ਅਤੇ ਪੰਜਾਬ ਅੰਦਰ ਵਧ ਰਹੇ ਪੁਲਸ ਜਬਰ ਖਿਲਾਫ਼ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਦੀ ਪ੍ਰਧਾਨਗੀ ਕਾਮਰੇਡ ਨਰੰਜਣ ਦਾਸ ਮੇਹਲੀ, ਕਾਮਰੇਡ ਹਰਪਾਲ ਸਿੰਘ ਜਗਤਪੁਰ ਅਤੇ ਕਾਮਰੇਡ ਕਮਲਜੀਤ ਸਨਾਵਾ ਨੇ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਸੀ.ਪੀ.ਆਈ ਦੇ ਆਗੂਆਂ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ,ਪਰਮਿੰਦਰ ਮੇਨਕਾ, ਆਰ.ਐਮ.ਪੀ.ਆਈ ਪੰਜਾਬ ਦੇ ਸੂਬਾ ਸਕੱਤਰ ਕਾਮਰੇਡ ਪਰਗਟ ਸਿੰਘ ਜਾਮਾਰਾਏ, ਸੀ.ਪੀ.ਆਈ(ਐਮ.ਐਲ) ਨਿਊ ਡੈਮੋਕਰੇਸੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਮੋਦੀ ਹਕੂਮਤ ਚੌਤਰਫਾ ਫਾਸ਼ੀ ਹੱਲੇ ਬੋਲ ਕੇ ਜਰਮਨ ਦੇ ਅਡੌਲਫ ਹਿਟਲਰ, ਇਟਲੀ ਦੇ ਮੋਸੋਲੀਨੀ ਅਤੇ ਜਪਾਨ ਦੇ ਤੋਜੋ ਫਾਸ਼ੀਵਾਦੀਆਂ ਦੇ ਰਾਹ ਉੱਤੇ ਚੱਲ ਪਈ ਹੈ। ਇਹ ਦੇਸ਼ ਦੀਆਂ ਸੰਵਿਧਾਨਕ ਅਤੇ ਜਮਹੂਰੀ ਕਦਰਾਂ ਕੀਮਤਾਂ ਨੂੰ ਪੈਰਾਂ ਹੇਠ ਰੋਲ ਰਹੀ ਹੈ।ਇਸ ਸਰਕਾਰ ਵਲੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਉੱਚ ਸੰਸਥਾਵਾਂ ਉੱਤੇ ਆਪਣੀ ਹਿੰਦੂਤਵ ਵਿਚਾਰਧਾਰਾ ਵਾਲੇ ਅਤੇ ਇਤਿਹਾਸ ਨੂੰ ਵਿਗਾੜ ਕੇ ਮਿਥਿਹਾਸ ਲਿਖਣ ਵਾਲਿਆਂ ਨੂੰ ਮੁਖੀ ਲਗਾਇਆ ਗਿਆ। ਘੱਟ ਗਿਣਤੀਆਂ ਖਾਸਕਰ ਮੁਸਲਮਾਨ ਭਾਈਚਾਰੇ ਉੱਪਰ ਬੀ ਜੇ ਪੀ ਆਗੂਆਂ ਵਲੋਂ ਨਫਰਤੀ ਭਾਸ਼ਣਬਾਜ਼ੀ ਕਰਨਾ, ਗਊ ਰੱਖਿਆ ਦੇ ਨਾਂਅ 'ਤੇ ਭੀੜ ਵਲੋਂ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਨਾ ਆਦਿ ਜ਼ਿਕਰਯੋਗ ਹਨ। ਨਾਗਰਿਕਤਾ ਸੋਧ ਕਾਨੂੰਨ ਨੂੰ ਲੈ ਕੇ ਆਉਣ ਦੇ ਪਿੱਛੇ ਵੀ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ। ਬਿਹਾਰ ਵਿੱਚ ਚੋਣਾਂ ਵਿੱਚ ਵੋਟਾਂ ਦਾ ਨਿਰੀਖਣ ਕਰਨ ਦੇ ਨਾਂਅ ਹੇਠ ਵੱਡੇ ਪੱਧਰ 'ਤੇ ਵੋਟਾਂ ਨੂੰ ਕੱਟਣਾ ਵੀ ਇਕ ਫਾਸ਼ੀ ਹਮਲਾ ਹੈ। ਜੰਮੂ ਕਸ਼ਮੀਰ ਵਿੱਚ ਧਾਰਾ 370 ਤੋੜਨਾ, ਸੂਬੇ ਦਾ ਦਰਜਾ ਖਤਮ ਕਰਨਾ, ਆਪਣੇ ਹਿੱਤਾਂ ਅਨੁਸਾਰ ਸੁਪਰੀਮ ਕੋਰਟ ਤੋਂ ਫੈਸਲੇ ਕਰਵਾਉਣਾ, ਅਦਾਲਤਾਂ ਅੰਦਰ ਜੱਜਾਂ ਦੀਆਂ ਨਿਯੁਕਤੀਆਂ ਨੂੰ ਪ੍ਰਭਾਵਿਤ ਕਰਨਾ ਆਦਿ ਫਾਸ਼ੀ ਹਮਲੇ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਮਾਓਵਾਦੀਆਂ ਨੂੰ 2026 ਤੱਕ ਮਾਰ ਮੁਕਾਉਣ ਦੀ ਨੀਤੀ ਆਪਣੇ ਦੇਸ਼ ਦੇ ਹੀ ਲੋਕਾਂ ਨੂੰ ਜਲ, ਜੰਗਲ ਅਤੇ ਜ਼ਮੀਨ ਖੋਹ ਕੇ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਲਈ ਖਤਮ ਕਰਨ ਦੀ ਨੀਤੀ ਹੈ। ਮਤਲਬ ਸਾਫ਼ ਹੈ ਕਿ ਹਰ ਵਿਰੋਧ ਦੀ ਆਵਾਜ਼ ਨੂੰ ਡੰਡੇ ਤੇ ਗੋਲੀ ਨਾਲ ਦਬਾਉਣ ਦਾ ਢੰਗ ਵਰਤਿਆ ਜਾਵੇਗਾ। ਆਦਿਵਾਸੀਆਂ ਦੇ ਹੱਕ ਵਿੱਚ ਅਤੇ ਜਮਹੂਰੀ ਹੱਕਾਂ ਦੀ ਗੱਲ ਕਰਨ ਵਾਲੇ ਬੁੱਧੀਜੀਵੀ, ਪੱਤਰਕਾਰ, ਲੇਖਕਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਨਜਾਇਜ਼ ਜੇਲ੍ਹਾਂ ਵਿੱਚ ਡੱਕਿਆ ਹੋਇਆ। ਪੰਜਾਬ ਅੰਦਰ ਮਾਨ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨ ਖਾਤਰ ਕਿਸਾਨਾਂ ਮਜ਼ਦੂਰਾਂ ਨੂੰ ਉਜਾੜਨ ਲਈ ਲੈਂਡ ਪੂਲਿੰਗ ਸਕੀਮ ਲੈ ਕੇ ਆਈ ਅਤੇ ਪੰਜਾਬ ਨੂੰ ਪੁਲਸ ਰਾਜ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਅਡਾਨੀ, ਅੰਬਾਨੀ ਅਤੇ ਹੋਰ ਦੇਸ਼ੀ-ਵਿਦੇਸ਼ੀ ਕਾਰਪੋਰੇਟਰਾਂ ਨੂੰ ਲਾਭ ਦੇਣ ਲਈ ਜਨਤਕ ਸੰਪਤੀਆਂ ਨੂੰ ਉਹਨਾਂ ਦੇ ਹੱਥਾਂ ਵਿਚ ਦੇ ਰਹੀ ਹੈ।ਦੇਸ਼ ਦੀ ਵਣ ਸੰਪਤੀ ਨੂੰ ਕਾਰਪੋਰੇਟਰਾਂ ਕੋਲ ਲੁਟਾਉਣ ਲਈ ਆਦਿਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ।ਇਹਨਾਂ ਕਾਲੇ ਕਾਨੂੰਨਾਂ ਦੀ ਵਰਤੋਂ ਕਰਕੇ ਲੋਕ ਪੱਖੀ ਆਗੂਆਂ, ਕਾਰਕੁਨਾਂ, ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਕਵੀਆਂ, ਕਲਾਕਾਰਾਂ, ਘੱਟ ਗਿਣਤੀਆਂ, ਆਦਿਵਾਸੀਆਂ ਨੂੰ ਜੇਹਲਾਂ ਵਿਚ ਸੁੱਟਿਆ ਜਾ ਰਿਹਾ।ਉਹਨਾਂ ਦੇ ਘਰਾਂ ਅਤੇ ਜਾਇਦਾਦਾਂ ਉੱਤੇ ਬੁਲਡੋਜ਼ਰ ਚਲਾ ਕੇ ਤਬਾਹ ਕੀਤਾ ਜਾ ਰਿਹਾ।ਕਨਵੈਨਸ਼ਨ ਵਿਚ ਮਤੇ ਪਾਸ ਕਰਕੇ ਐਨ ਆਈ ਏ ਨੂੰ ਖਤਮ ਕਰਨ, ਚਾਰ ਕਿਰਤ ਕੋਡ ਰੱਦ ਕਰਕੇ ਪਹਿਲੇ ਕਿਰਤ ਕਾਨੂੰਨ ਬਹਾਲ ਕਰਨ,ਨਵੇਂ ਫੌਜਦਾਰੀ ਕਾਨੂੰਨ ਰੱਦ ਕਰਨ,ਛੱਤੀਸਗੜ੍ਹ ਵਿਚ ਫੌਜ ਦੀ ਅਭਿਆਸ ਰੇਂਜ ਦਾ ਫੈਸਲਾ ਰੱਦ ਕਰਨ, ਜੇਲ੍ਹਾਂ ਵਿਚ ਬੰਦ ਬੁੱਧੀਜੀਵੀ ਰਿਹਾਅ ਕਰਨ, ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀ ਰਿਹਾਅ ਕਰਨ, ਪਾਵਰਕਾਮ ਪੰਜਾਬ ਦੇ ਹੜਤਾਲੀ ਕਰਮਚਾਰੀਆਂ ਉੱਤੇ ਅਤੇ ਪੀ.ਜੀ.ਆਈ ਚੰਡੀਗੜ੍ਹ ਦੇ ਕਰਮਚਾਰੀਆਂ ਉੱਤੇ ਲਾਇਆ ਗਿਆ ਐਸਮਾ ਵਾਪਸ ਲੈਣ, ਸਿੱਖਿਆ ਨੀਤੀ 2020 ਨੂੰ ਰੱਦ ਕਰਨ, ਨਾਮਵਰ ਲੇਖਕਾਂ ਦੀਆਂ 25 ਪੁਸਤਕਾਂ ਉੱਤੇ ਲਾਈ ਪਾਬੰਦੀ ਖਤਮ ਕਰਨ ਅਤੇ ਫਲਸਤੀਨ ਨੂੰ ਮੁਕੰਮਲ ਆਜ਼ਾਦੀ ਦੇਣ ਦੀ ਮੰਗ ਕੀਤੀ ਗਈ।ਬਲਵੀਰ ਕੁਮਾਰ ਅਤੇ ਬਲਜੀਤ ਧਰਮਕੋਟੀ ਨੇ ਕਵਿਤਾ ਅਤੇ ਗੀਤ ਪੇਸ਼ ਕੀਤੇ।ਮੰਚ ਸੰਚਾਲਨ ਹਰੀ ਰਾਮ ਰਸੂਲਪੁਰੀ ਨੇ ਕੀਤਾ। ਇਸ ਮੌਕੇ ਜਸਵਿੰਦਰ ਸਿੰਘ ਭੰਗਲ, ਜਸਵੀਰ ਦੀਪ, ਗੁਰਬਖਸ਼ ਕੌਰ ਰਾਹੋਂ, ਗੁਰਮੁੱਖ ਸਿੰਘ ਫਰਾਲਾ, ਦੀਦਾਰ ਸਿੰਘ ਕੁੱਕੜ ਮਜ਼ਾਰਾ, ਜਸਵਿੰਦਰ ਰਾਹੋਂ, ਗੁਰਿੰਦਰ ਰਾਹੋਂ, ਸਤਨਾਮ ਸਿੰਘ ਗੁਲਾਟੀ, ਕੁਲਦੀਪ ਦਰੌੜਕਾ, ਬੂਟਾ ਸਿੰਘ ਮਹਿਮੂਦਪੁਰ, ਤਰਸੇਮ ਬੈਂਸ, ਸੁਰਿੰਦਰ ਬੈਂਸ ਆਦਿ ਹਾਜ਼ਰ ਸਨ।



# ਬਾਪੂ ਸੁੱਚਾ ਸਿੰਘ ਅਧਰੇੜਾ ਰਚਿਤ ਕਾਵਿ ਸੰਗ੍ਰਹਿ 'ਕੰਮੀ ਦੀ ਕੁੱਲੀ' ਲੋਕ ਅਰਪਣ

**ਖਰੜ (ਹਰਨਾਮ ਸਿੰਘ ਡੱਲਾ)**- ਅਦਾਰਾ ਸੁਲ੍ਹ ਸੁਰਾਹੀ ਸਾਹਿਤ ਕੇਂਦਰ ਖਰੜ ਵੱਲੋਂ ਪ੍ਰਭਾਵ ਦੀਆਂ ਸਾਹਿਤਕ ਮਹਿਫ਼ਲਾਂ ਵਿੱਚ ਜਾਣੇ ਪਛਾਣੇ ਲੇਖਕ ਬਾਪੂ ਸੁੱਚਾ ਸਿੰਘ ਅਧਰੇੜਾ ਦਾ ਕਾਵਿ ਸੰਗ੍ਰਹਿ 'ਕੰਮੀ ਦੀ ਕੁੱਲੀ' ਦਾ ਲੋਕ ਅਰਪਣ ਸਮਾਰੋਹ ਕੁਰਾਲੀ ਦੇ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਗ਼ਜ਼ਲਗੋ ਅਤੇ ਸਾਹਿਤ ਸਭਾ ਦੇ ਪ੍ਰਧਾਨ ਐਸ ਨਸੀਮ ਨੇ ਕੀਤੀ। ਇਸ ਸਮੇਂ ਮੰਚ ਉੱਤੇ ਸਾਹਿਤ ਸਭਾ ਦੀ ਭੈਣੀ ਸਾਹਿਬ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ, ਕਹਾਣੀਕਾਰ ਸਰੂਪ ਸਿਆਲਵੀ, ਰਾਮ ਕੁਮਾਰ ਸਾਹੋਵਾਲੀਆ ਅਤੇ ਬਾਪੂ ਸੁੱਚਾ ਸਿੰਘ ਅਧਰੇੜਾ ਵੀ ਸੁਸ਼ੋਭਤ ਸਨ। ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਕਾਵਿ ਸੰਗ੍ਰਹਿ 'ਕੰਮੀ ਦੀ ਕੁੱਲੀ' ਦਾ ਲੋਕ ਅਰਪਣ ਕੀਤਾ ਗਿਆ। ਉਪਰੰਤ ਡਾਕਟਰ ਰਾਜਿੰਦਰ ਸਿੰਘ ਕੁਰਾਲੀ ਨੇ ਪੁਸਤਕ ਦੀ ਜਾਣ ਪਛਾਣ ਕਰਾਉਂਦਿਆਂ ਲੇਖਕ ਬਾਰੇ ਕਿਹਾ ਕਿ ਬਾਪੂ ਸੁੱਚਾ ਸਿੰਘ ਅਧਰੇੜਾ ਨੇ ਇਸ ਕਾਵਿ ਸੰਗ੍ਰਹਿ ਰਾਹੀਂ ਮੌਜੂਦਾ ਸਮਾਜਕ ਸਮੱਸਿਆਵਾਂ ਨੂੰ ਬਾਖੂਬੀ ਛੂਹਿਆ ਹੈ। ਭਾਵੇਂ ਪੁਸਤਕ ਦਾ ਸਿਰਲੇਖ 'ਕੰਮੀ ਦੀ ਕੁੱਲੀ' ਤੋਂ ਲੱਗਦਾ ਹੈ ਕਿ ਇਸ ਪੁਸਤਕ ਵਿੱਚ ਕੰਮੀਆਂ ਦੇ ਹੀ ਵਿਹੜਿਆਂ ਦੀ ਬਾਤ ਪਾਈ ਗਈ ਹੋਵੇਗੀ ਪਰ, ਉਨ੍ਹਾਂ ਨੇ ਇਸ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਵੀ ਕਲਮ ਛੋਹ ਦਿੱਤੀ ਹੈ।ਇਸ ਸਮੇਂ ਗਜ਼ਲ ਲੇਖਕ ਗੁਰਦੀਪ ਸਿੰਘ ਅਤੇ ਨਾਵਲਕਾਰ ਸੰਤਵੀਰ ਨੇ ਵੀ ਲੇਖਕ ਦੀ ਸਾਹਿਤਕ ਘਾਲਣਾ ਬਾਰੇ ਰੌਸ਼ਨੀ ਪਾਈ।ਇਸ ਸਮੇਂ ਸੂਬੇਦਾਰ ਅਜਾਇਬ ਸਿੰਘ, ਮਨਜੀਤ ਕੌਰ, ਹਰਸਰਨ ਸਿੰਘ, ਮਹਿੰਦਰ ਕੌਰ, ਸਰਬਜੀਤ ਕੌਰ,ਹਰਦੀਪ ਸਿੰਘ ਲੈਕਚਰਾਰ, ਸਿਕੰਦਰ ਸਿੰਘ ਅਧਰੇੜਾ, ਜਸਵੰਤ ਸਿੰਘ, ਹਰਿੰਦਰਜੀਤ ਸਿੰਘ ਸਾਥੀ, ਸੁਰਿੰਦਰ ਸਿੰਘ ਬਡਾਲਾ, ਕਿਰਪਾਲ ਸਿੰਘ ਅਰਨੀਵਾਲਾ, ਕਾਮਰੇਡ ਜੋਗਾ ਰਾਜ, ਬਲਵਿੰਦਰ ਸਿੰਘ ਗੜ੍ਹਿਆਲਾ, ਅਮਰਜੀਤ ਕੌਰ ਕੁਰਾਲੀ, ਗੁਰਦੀਪ ਸਿੰਘ, ਮਾਸਟਰ ਗੁਰਨਾਮ ਸਿੰਘ, ਤਰਲੋਚਨ ਸਿੰਘ ਮਾਣਕ, ਸ਼ਮਸ਼ੇਰ ਸਿੰਘ ਕੁਰਾਲੀ, ਬਲਜੀਤ ਸਿੰਘ, ਜਸਵੰਤ ਸਿੰਘ ਖੇੜਾ ਅਤੇ ਵੱਡੀ ਗਿਣਤੀ ਵਿੱਚ ਸਰੋਤੇ ਹਾਜ਼ਰ ਸਨ।ਉਪਰੰਤ ਕਵੀ ਦਰਬਾਰ ਵਿੱਚ ਮਲਕੀਤ ਸਿੰਘ ਨਾਗਰਾ, ਛਿੰਦਰ ਸਰੋਤੀ ਅਤੇ ਗੁਰਸ਼ੇਰ ਸਿੰਘ ਢਿੱਲੋਂ ਨੇ ਗੀਤ, ਨਿਰਵੈਰ ਕੌਰ, ਸ਼ਿਵਰੀਤ, ਨੇਤਰ ਸਿੰਘ ਮੁੱਤੋਂ, ਸੂਰਜ ਕੁਮਾਰ, ਮਹਾਵੀਰ ਮਾਣਕੀ ਅਤੇ ਹਰਬੰਸ ਸਿੰਘ ਰਾਣੋ ਨੇ ਕਵਿਤਾਵਾਂ ਅਤੇ ਸੰਦਾਗਰ ਸਿੰਘ ਪਾਲ, ਨਿਰੰਜਣ ਸੂਖਮ, ਅਮਰਿੰਦਰ ਸੋਹਲ, ਹਰਨਾਮ ਸਿੰਘ ਡੱਲਾ ਅਤੇ ਐੱਸ ਨਸੀਮ ਨੇ ਆਪੋ ਆਪਣੀਆਂ ਗ਼ਜ਼ਲਾਂ ਦੀ ਪੇਸ਼ਕਾਰੀ ਕੀਤੀ। ਮੰਚ ਸੰਚਾਲਨ ਹਰਨਾਮ ਸਿੰਘ ਡੱਲਾ ਵਲੋਂ ਬਾਖੂਬੀ ਨਿਭਾਇਆ ਗਿਆ।




# ਸ਼ਾਹਕੋਟ 'ਚ ਯੂਰੀਆ ਦੀ ਭਾਰੀ ਕਿੱਲਤ, ਕਈ ਧਿਰਾਂ ਜ਼ਿੰਮੇਵਾਰ

**ਸ਼ਾਹਕੋਟ (ਗਿਆਨ ਸੈਦਪੁਰੀ)** ਇਨ੍ਹੀਂ ਦਿਨੀਂ ਇਸ ਖੇਤਰ ਦੇ ਕਿਸਾਨਾਂ ਲਈ ਯੂਰੀਆ ਖਾਦ ਦੀ ਥੁੜ੍ਹ ਪ੍ਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ। ਇਹ ਸਮਾਂ ਝੋਨੇ ਦੀ ਫਸਲ ਨੂੰ ਖਾਦ ਪਾਉਣ ਦਾ ਹੈ। ਖਾਦ ਦੀ ਭਾਰੀ ਮੰਗ ਦੌਰਾਨ ਇਸ ਦੀ ਸਪਲਾਈ ਬਹੁਤ ਘੱਟ ਹੈ। ਖੇਤੀਬਾੜੀ ਵਿਕਾਸ ਅਫ਼ਸਰ ਜਸਵੀਰ ਸਿੰਘ ਨੇ ਦੱਸਿਆ ਕਿ ਵਿਭਾਗ ਨੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਰਾਹੀਂ ਯੂਰੀਆ ਖਾਦ ਪਾਉਣ ਦੀਆਂ ਸਿਫ਼ਾਰਸ਼ਾਂ ਦੇ ਅਮਲ ਲਈ ਕਿਸਾਨਾਂ ਨੂੰ ਪ੍ਰੇਰਤ ਕਰਨ ਸਬੰਧੀ ਬਹੁਤ ਸਾਰੇ ਕੈਂਪ ਲਾਏ। ਇਨ੍ਹਾਂ ਵਿੱਚ ਖੜੀ ਝੋਨੇ ਦੀ ਫਸਲ ਨੂੰ ਖਾਦ ਪਾਉਣ ਦੇ ਵਰਤਾਰੇ ਵੇਲੇ ਵੇਖਿਆ ਗਿਆ ਹੈ ਕਿ ਸਿਫਾਰਸ਼ ਕੀਤੀ ਖਾਦ ਦੀ ਮਾਤਰਾ ਨਾਲੋਂ ਕਿਸਾਨ ਵਧੇਰੇ ਖਾਦ ਪਾ ਦਿੰਦੇ ਹਨ। ਇਸ ਤੋਂ ਇਲਾਵਾ ਇਸ ਖੇਤਰ ਵਿੱਚ ਬਹਾਰ ਰੁੱਤ ਦੀ ਮੱਕੀ ਦੀ ਬੀਜਾਂਦ ਵਿੱਚ ਪਹਿਲਾਂ ਨਾਲੋਂ ਵੀ ਵਾਧਾ ਹੋ ਗਿਆ ਹੈ। ਕੁਝ ਕਾਰਨਾਂ ਕਰਕੇ ਝੋਨੇ ਦੀ ਥਾਂ ਮੱਕੀ ਦੀ ਬੀਜਾਂਦ ਕੁਝ ਲੇਟ ਵੀ ਹੋ ਗਈ ਸੀ। ਮੱਕੀ ਦੀ ਫਸਲ 'ਤੇ ਯੂਰੀਆ ਖਾਦ ਦੀ ਬਹੁਤ ਵਰਤੋਂ ਕੀਤੀ ਗਈ ਹੈ। ਇਹ ਵੀ ਇੱਕ ਕਾਰਨ ਹੈ ਕਿ ਇਨ੍ਹੀਂ ਦਿਨੀਂ ਇੱਥੇ ਖਾਦ ਦੀ ਕਿੱਲਤ ਪੈਦਾ ਹੋ ਗਈ। ਖੇਤੀਬਾੜੀ ਵਿਕਾਸ ਅਫਸਰ ਦਾ ਇਹ ਵੀ ਮੰਨਣਾ ਹੈ ਕਿ ਇਹ ਕਿੱਲਤ ਆਰਜ਼ੀ ਹੈ। ਯੂਰੀਆ ਖਾਦ ਦੀ ਜਲਦੀ ਪੂਰਤੀ ਹੋਣ ਦੀ ਸੰਭਵਨਾ ਹੈ। ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਅਤੇ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਵਾਇਸ ਚੇਅਰਮੈਨ ਕਪਿਲ ਕੁਮਾਰ ਗੁਪਤਾ ਨੇ ਖਾਦ ਦੀ ਕਿੱਲਤ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਖਾਦ ਦੀ ਸਪਲਾਈ ਦੇ ਸਿਸਟਮ ਨੂੰ ਦਰੁਸਤ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ ਕੇਂਦਰੀ ਸਰਕਾਰ ਯੂਰੀਆ ਖਾਦ ਦੇ 45 ਕਿਲੋ ਵਾਲੇ ਇੱਕ ਥੈਲਾ 'ਤੇ 1884.50 ਰੁਪਏ ਸਬਸਿਡੀ ਦਿੰਦੀ ਹੈ। ਇਸ ਤਰ੍ਹਾਂ 2151 ਰੁਪਏ ਦਾ ਖਾਦ ਦਾ ਥੈਲਾ 266 ਰੁਪਏ 50 ਪੈਸੇ ਵਿੱਚ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾਂਦਾ ਹੈ। ਸਬਸਿਡੀ ਦੇ ਹਿਸਾਬ ਨਾਲ ਸਰਕਾਰ ਵੱਲੋਂ ਖਾਦ ਦੀ ਐਲੋਕੇਸ਼ਨ ਦੀਆਂ ਸੀਮਤਾਈਆਂ ਕਾਰਨ ਲੋੜ ਮੁਤਾਬਕ ਖਾਦ ਮਿਲਣ ਵਿੱਚ ਦਿੱਕਤਾਂ ਆ ਜਾਂਦੀਆਂ ਹਨ। ਸਰਕਾਰ ਨੇ ਝੋਨੇ ਦੀ ਫਸਲ ਲਈ ਖਾਦ ਸਪਲਾਈ ਕਰ ਦਿੱਤੀ ਪਰ ਇਹ ਖਾਦ ਮੱਕੀ ਦੀ ਫਸਲ ਲਈ ਵਰਤੀ ਗਈ। ਗੁਪਤਾ ਦਾ ਕਹਿਣਾ ਹੈ ਕਿ ਸਰਕਾਰ ਨੂੰ ਪਹਿਲਾਂ ਹੀ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਸਬਸਿਡੀ ਵਾਲੀ ਖਾਦ ਦੀ ਸਪਲਾਈ ਤੋਂ ਇਲਾਵਾ ਬਿਨਾਂ ਸਬਸਿਡੀ ਵਾਲੀ ਖਾਦ ਮਾਰਕਿਟ ਵਿੱਚ ਮੁਹੱਈਆ ਕੀਤੀ ਜਾਵੇਗੀ ਤਾਂ ਕਿ ਲੋੜ ਮੁਤਾਬਕ ਕਿਸਾਨ ਖਾਦ ਖਰੀਦਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਸਕਣ। ਇਸ ਤਰ੍ਹਾਂ ਕਿਸਾਨਾਂ ਦੀ ਪ੍ਰਸ਼ਾਨੀ ਦੂਰ ਹੋ ਸਕਦੀ ਹੈ। ਖਾਦ ਦੇ ਡੀਲਰ ਜਗਰੂਪ ਸਿੰਘ ਥਿੰਦ ਦਾ ਕਹਿਣਾ ਹੈ ਕਿ ਝੋਨੇ ਲਈ ਖਾਦ ਦੀ ਨਿਰਧ ਮਾਤਰਾ ਦਾ 96 ਫੀਸਦੀ ਹਿੱਸਾ ਆ ਚੁੱਕਾ ਹੈ। ਕਿਸਾਨ ਇਹ ਖਾਦ ਮੱਕੀ ਦੀ ਫਸਲ ਲਈ ਵਰਤ ਚੁੱਕੇ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਉਕਤ ਮੱਕੀ ਦੀ ਫਸਲ ਨੂੰ ਖੇਤੀਬਾੜੀ ਵਿਭਾਗ ਉਤਸ਼ਾਹਤ ਨਹੀਂ ਕਰਦਾ ਬਲਕਿ ਸਾਉਣੀ ਦੀ ਫਸਲ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ, ਜਿਸ ਨੂੰ ਕਿਸਾਨ ਬਹੁਤ ਘੱਟ ਬੀਜਦੇ ਹਨ। ਜਗਰੂਪ ਸਿੰਘ ਦਾ ਇਹ ਵੀ ਕਹਿਣਾ ਹੈ ਕਿ ਕਿਸਾਨਾਂ ਵੱਲੋਂ ਯੂਰੀਆ ਖਾਦ ਦੀ ਅੰਨ੍ਹੇਵਾਹ ਵਰਤੋਂ ਵੀ ਕਿੱਲਤ ਦਾ ਕਾਰਨ ਹੈ। ਯੂਰੀਆ ਖਾਦ ਦੀ ਕਿੱਲਤ ਦਾ ਆਲਮ ਇਹ ਹੈ ਕਿ ਕਾਂਗਣਾ ਪਿੰਡ ਦੇ ਕਿਸਾਨ ਤਜਿੰਦਰ ਸਿੰਘ ਦਾ ਕਹਿਣਾ ਹੈ ਕਿ ਉਸ ਦੀ ਲੋੜ 50 ਬੋਰੀਆਂ ਨਾਲ ਪੂਰੀ ਹੁੰਦੀ ਹੈ ਪਰ ਕਈ ਦਿਨਾਂ ਦੇ ਗੇੜਿਆਂ ਤੋਂ ਬਾਅਦ ਉਸ ਨੂੰ ਸਿਰਫ 15 ਬੋਰੇ ਹੀ ਮਿਲ ਸਕੇ ਹਨ।



# ਥਾਣਿਆਂ 'ਚ ਪੁਲਸ ਮੁਲਾਜ਼ਮਾਂ ਦੀ ਘਾਟ ਕਾਰਨ ਵਧ ਰਿਹਾ ਅਪਰਾਧ : ਮਲਕੀਅਤ ਸਿੰਘ

**ਮਾਹਿਲਪੁਰ (ਸ.ਫਰੀ)**- ਆਮ ਆਦਮੀ ਪਾਰਟੀ ਦੀ ਪੰਜਾਬ 'ਚ ਭਗਵੰਤ ਮਾਨ ਸਰਕਾਰ ਦਾ ਅੱਡੀ ਚੋਟੀ ਤੱਕ ਜ਼ੋਰ ਲੱਗਣ ਦੇ ਬਾਵਜੂਦ ਵੀ ਪੰਜਾਬ ਵਿੱਚ ਵਗ ਰਹੇ ਨਸ਼ਿਆਂ ਦੇ ਦਰਿਆ ਨੂੰ ਥੰਮ੍ਹਣਾ ਹੱਥਾਂ ਚੋਂ ਨਿਕਲਦਾ ਜਾ ਰਿਹਾ ਮਹਿਸੂਸ ਹੋ ਰਿਹਾ ਹੈ। ਇਸ ਦੇ ਨਾਲ ਹੀ ਡਕੈਤੀਆਂ, ਲੁੱਟਾਂ ਖੋਹਾਂ, ਝਪਟਮਾਰਾਂ ਅਤੇ ਬਲਾਤਕਾਰੀਆਂ ਨੂੰ ਅੰਜਾਮ ਦੇ ਰਹੀ ਹੈ ਪੁਲਿਸ ਮੁਲਾਜ਼ਮਾਂ ਦੀ ਘਾਟ। ਪੁਲਸ ਕਰਮਚਾਰੀਆਂ ਦੀ ਘਾਟ ਕਾਰਨ ਯੁੱਧ ਨਸ਼ਿਆਂ ਵਿਰੁੱਧ ਕੀਤਾ ਜਾ ਰਿਹਾ ਵਿਸ਼ੇਸ਼ ਉਪਰਾਲਾ ਵੀ ਚਿੱਟਾ ਹਾਥੀ ਸਿੱਧ ਹੋ ਰਿਹਾ ਹੈ । ਹੈਰਾਨੀ ਹੈ ਕਿ ਭਗਵੰਤ ਮਾਨ ਸਰਕਾਰ 'ਚ ਬੈਠੇ ਹੋਏ ਵੱਡੇ ਵੱਡੇ ਸਿਰਾਂ ਵਾਲੇ ਸਲਾਹਕਾਰ ਪੁਲਸ ਥਾਣਿਆਂ ਵਿੱਚ ਮੁਲਾਜ਼ਮਾਂ ਦੀ ਘਾਟ ਨੂੰ ਪੂਰਾ ਕਰਨ ਲਈ ਕਿਉਂ ਨਹੀਂ ਇਸ ਵੱਲ ਧਿਆਨ ਦੇ ਰਹੇ।ਇਕ ਥਾਣੇ ਵਿੱਚ ਘੱਟੋ ਘੱਟ ਸਮੇਤ ਕਾਂਸਟੇਬਲ, ਹਵਾਲਦਾਰ, ਏ ਐਸ ਆਈ, ਐਸ ਆਈ ਅਤੇ ਇੰਸਪੈਕਟਰ ਸਮੇਤ 50 ਤੋਂ 60 ਮੁਲਾਜ਼ਮ ਹੋਣੇ ਚਾਹੀਦੇ ਹਨ।ਜਦ ਕਿ ਕਈ ਥਾਣੇ 20 ਤੋਂ 25 ਮੁਲਾਜ਼ਮਾਂ ਨਾਲ ਹੀ ਢੰਗ ਟਪਾ ਰਹੇ ਹਨ। ਜਿਨ੍ਹਾਂ ਵਿੱਚੋਂ ਕਈਆਂ ਦੀਆਂ ਡਿਊਟੀਆਂ ਵੀ ਆਈ ਪੀ ਡਿਊਟੀ, ਅਦਾਲਤ ਵਿਚ ਮੁਰਜਮ ਪੇਸ਼ ਕਰਨ, ਹਸਪਤਾਲ ਵਿਚ ਲੜਾਈ ਝਗੜੇ ਵਾਲਿਆਂ ਦੇ ਬਿਆਨ ਲੈਣ ਦੀ ਡਿਊਟੀ, ਨਾਕੇ ਲਾਉਣ ਅਤੇ ਰਾਜਨੀਤਕ ਪਾਰਟੀਆਂ ਦੇ ਪ੍ਰੋਗਰਾਮ, ਨਾਕੇ ਅਤੇ ਸ਼ਰਾਬ ਦੇ ਠੇਕੇਦਾਰਾਂ ਵਰਗੀਆਂ ਅਨੇਕਾਂ ਡਿਊਟੀਆਂ ਨਿਭਾਉਣ ਕਰਕੇ ਥਾਣੇ ਵਿੱਚ ਸੰਤਰੀ ਦੇ ਨਾਲ ਸਿਰਫ਼ ਮੁਨਸ਼ੀ ਹੀ ਦਿਖਾਈ ਦਿੰਦਾ ਹੈ। ਲੜਾਈ ਝਗੜਿਆਂ ਵਾਲਿਆਂ ਕੇਸਾਂ ਦੀਆਂ ਐਮ ਐਲ ਆਰ ਦੀ ਕਾਪੀ ਆਉਣ ਤੋਂ ਬਾਅਦ ਪੰਜ ਛੇ ਦਿਨਾਂ ਤੱਕ ਪੁਲਸ ਬਿਆਨ ਨਹੀਂ ਲੈਂਣ ਨਹੀਂ ਜਾਂਦੀ ।ਜਿਸ ਦਾ ਸਿਰਫ਼ ਇੱਕੋ ਇੱਕ ਕਾਰਨ ਹੈ ਕਿ ਮੁਲਾਜ਼ਮਾਂ ਦੀ ਘਾਟ।ਜੇਕਰ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਚਲਾਉਣਾ ਚਾਹੁੰਦੀ ਹੈ ਤਾਂ ਤੁਰੰਤ ਥਾਣਿਆਂ ਵਿੱਚ ਪੁਲਸ ਮੁਲਾਜ਼ਮਾਂ ਦੀ ਘਾਟ ਨੂੰ ਪੂਰਾ ਕਰਨਾ ਚਾਹੀਦਾ ਹੈ।



## ਵਿਕਸਤ ਭਾਰਤ ਯੁਵਾ ਕਨੈਕਟ ਸੰਬੰਧੀ ਪੋਸਟਰ ਮੇਕਿੰਗ ਮੁਕਾਬਲਾ

**ਸੁਲਤਾਨਪੁਰ ਲੋਧੀ (ਹਨੀ)** ਐਸ.ਡੀ. ਕਾਲਜ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਅਗਵਾਈ ਵਿਚ ਕਾਲਜ ਦੇ ਐਨ.ਐਸ.ਐਸ ਵਿਭਾਗ ਵੱਲੋਂ ਵਿਕਸਤ ਭਾਰਤ ਯੁਵਾ ਕਨੈਕਟ ਪ੍ਰੋਗਰਾਮ ਸਬੰਧੀ ਵਿਦਿਆਰਥੀਆਂ ਦਰਮਿਆਨ ਪੋਸਟਰ ਮੇਕਿੰਗ ਮੁਕਾਬਲਾ ਆਯੋਜਿਤ ਕੀਤਾ ਗਿਆ । ਜਿਸ ਦਾ ਮੁੱਖ ਉਦੇਸ਼ ਭਾਰਤ ਦੇ ਵਿਕਾਸ ਅਤੇ ਪਰਿਵਰਤਨ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਅਤੇ ਅਗਵਾਈ ਨੂੰ ਉਤਸ਼ਾਹਿਤ ਕਰਨਾ ਸੀ। ਵਿਦਿਆਰਥੀਆਂ ਨੇ ਆਪਣੇ ਰਚਨਾਤਮਕ ਪੋਸਟਰਾਂ ਰਾਹੀਂ ਦੇਸ਼ ਦੀ ਤਰੱਕੀ ਵਿੱਚ ਨੌਜਵਾਨਾਂ ਦੀ ਮਹੱਤਵਪੂਰਨ ਭੂਮਿਕਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰਤੀਯੋਗਤਾ ਵਿਚ ਹਿੱਸਾ ਲੈਂਦਿਆਂ ਬੀ.ਏ. 5ਵੇਂ ਸਮੈਸਟਰ ਦੀਆਂ ਵਿਦਿਆਰਥਣਾਂ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ । ਪਾਇਲ ਪਹਿਲੇ, ਨਵਜੋਤ ਕੌਰ ਤੇ ਮੁਸਕਾਨ ਸਾਂਝੇ ਤੌਰ 'ਤੇ ਦੂਜੇ ਅਤੇ ਪਵਨਦੀਪ ਕੌਰ ਤੀਜਾ ਸਥਾਨ ਹਾਸਲ ਕਰਨ ਵਿਚ ਸਫਲ ਰਹੀ । ਮੈਡਮ ਸੁਨੀਤਾ ਕਲੇਰ ਨੇ ਸਮਾਗਮ ਵਿਚ ਸ਼ਿਰਕਤ ਕਰਨ ਲਈ ਪ੍ਰਿੰਸੀਪਲ ਡਾ. ਸ਼ੁਕਲਾ, ਸਟਾਫ਼ ਮੈਂਬਰਾਂ ਅਤੇ ਵਿਦਿਆਰਥਣਾਂ ਦਾ ਧੰਨਵਾਦ ਕੀਤਾ ।



## ਪੰਜਾਬ ਸੰਭਾਲੋ ਰੈਲੀ 23 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- 23 ਅਗਸਤ ਨੂੰ ਚੱਬੇਵਾਲ 'ਚ ਵਿਧਾਨ ਸਭਾ ਪੱਧਰ ਦੀ ਪੰਜਾਬ ਸੰਭਾਲੋ ਰੈਲੀ ਹੋਵੇਗੀ।ਇਸ ਸੰਬੰਧ ਵਿਚ ਚੱਬੇਵਾਲ ਵਿਚ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਮੁੱਖ ਮਹਿਮਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਸਾਂਸਦ, ਸਾਬਕਾ ਵਿਧਾਇਕ ਅਤੇ ਪੰਜਾਬ ਪ੍ਰਧਾਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਪਾਰਟੀ ਦੇ ਸਟੇਟ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ,ਸਟੇਟ ਜਨਰਲ ਸੈਕਟਰੀ ਠੇਕੇਦਾਰ ਭਗਵਾਨ ਦਾਸ, ਸਟੇਟ ਸੈਕਟਰੀ ਮਨਿੰਦਰ ਸ਼ੇਰਪੁਰੀ, ਸੁਖਦੇਵ ਬਿੱਟਾ ਸਟੇਟ ਸੈਕਟਰੀ, ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ, ਐਡਵੋਕੇਟ ਪਲਵਿੰਦਰ ਮਾਨਾ ਜਿਲ੍ਹਾ ਇੰਚਾਰਜ ਅਤੇ ਇੰਚਾਰਜ ਵਿਧਾਨ ਸਭਾ ਹਲਕਾ ਚੱਬੇਵਾਲ,ਵਿਧਾਨ ਸਭਾ ਹਲਕੇ ਦੇ ਪ੍ਰਧਾਨ ਯਸ਼ ਭੱਟੀ, ਨਿਸ਼ਾਨ ਚੌਧਰੀ ਜ਼ਿਲ੍ਹਾ ਕੋਆਰਡੀਨੇਟਰ ਤੇ ਸ਼ਾਮ 84 ਵਿਧਾਨ ਸਭਾ ਦੇ ਇੰਚਾਰਜ,ਮਦਨ ਬੈਂਸ ਜਿਲਾ ਕੋਆਰਡੀਨੇਟਰ ਤੇ ਹੁਸ਼ਿਆਰਪੁਰ ਵਿਧਾਨ ਸਭਾ ਦੇ ਇੰਚਾਰਜ, ਹੁਸ਼ਿਆਰਪੁਰ ਵਿਧਾਨ ਸਭਾ ਦੇ ਪ੍ਰਧਾਨ ਸੁਰਜੀਤ ਮੈਹਮੀ, ਦਸੂਹਾ ਹਲਕੇ ਦੇ ਪ੍ਰਧਾਨ ਹਾਜ਼ਰ ਸਨ।




## ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਸਾਡਾ ਸਾਰਿਆਂ ਦਾ ਫਰਜ਼ : ਰਵੀ ਗਾਂਧੀ, ਭੁੱਲਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਨਸ਼ਾ ਮੁਕਤ ਪੰਜਾਬ ਵਿੱਚ ਦਿਨ ਰਾਤ ਮਿਹਨਤ ਕਰ ਰਹੇ ਮਾਂ ਮਤੇਸ਼ਵਰੀ ਮੰਦਿਰ ਢੋਲਵਾਹਾ ਜਨੌੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਨੂੰ ਸਨਮਾਨਿਤ ਕਰਨ ਲਈ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਪਿੰਡ ਕੁਰਾਲਾ ਕਲਾਂ ਵਿਖੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਦੀ ਅਗਵਾਈ ਵਿੱਚ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਠਾਕੁਰ ਰਵੀ ਗਾਂਧੀ ਨੇ ਕਿਹਾ ਕਿ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਨੌਜਵਾਨ ਪੀੜੀ ਨੂੰ ਨਸ਼ਾ ਮੁਕਤ ਕਰਨ ਲਈ ਹਰ ਤਰ੍ਹਾਂ ਦੇ ਉਪਰਾਲੇ ਕਰੀਏ। ਪਰਮਜੀਤ ਸਿੰਘ ਭੁੱਲਾ ਨੇ ਕਿਹਾ ਕਿ ਜਿਹੜੇ ਨੌਜਵਾਨ ਨਸ਼ਿਆਂ ਦੇ ਆਦੀ ਹੋ ਰਹੇ ਹਨ, ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਕਰਵਾਉਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਸਮਾਰੋਹ ਦੇ ਆਖਰ ਵਿੱਚ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਨੇ ਠਾਕੁਰ ਰਵੀ ਗਾਂਧੀ ਤੇ ਪਰਮਜੀਤ ਸਿੰਘ ਭੁੱਲਾ ਨੂੰ ਸਨਮਾਨਿਤ ਕੀਤਾ।



# ਸਰਕਾਰੀ ਰਾਸ਼ਨ ਡਿਪੂਆਂ ਦੇ ਅਚਨਚੇਤ ਨਿਰੀਖਣ ਜਾਰੀ ਰਹਿਣਗੇ : ਵਿਜੇ ਦੱਤ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਰਕਾਰੀ ਰਾਸ਼ਨ ਡਿਪੂਆਂ ਰਾਹੀਂ ਵੰਡੀ ਜਾਣ ਵਾਲੀ ਕਣਕ ਦੀ ਗੁਣਵੱਤਾ ਅਤੇ ਮਾਤਰਾ ਦੋਵਾਂ ਨੂੰ ਨਿਰਧਾਰਤ ਮਾਪਦੰਡਾਂ ਅਨੁਸਾਰ ਬਣਾਈ ਰੱਖਣ ਲਈ, ਪੰਜਾਬ ਰਾਜ ਖੁਰਾਕ ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਰਾਜ ਭਰ ਵਿੱਚ ਅਚਨਚੇਤ ਨਿਰੀਖਣ ਜਾਰੀ ਰਹਿਣਗੇ।ਕਮਿਸ਼ਨ ਮੈਂਬਰ ਵਿਜੇ ਦੱਤ ਨੇ ਸੋਮਵਾਰ ਨੂੰ ਕਪੂਰਥਲਾ ਜ਼ਿਲ੍ਹੇ ਦੇ ਕਈ ਸਰਕਾਰੀ ਰਾਸ਼ਨ ਡਿਪੂਆਂ ਦਾ ਅਚਨਚੇਤ ਦੌਰਾ ਕੀਤਾ, ਉਨ੍ਹਾਂ ਕਿਹਾ ਕਿ ਇਸ ਯੋਜਨਾ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਅਤੇ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਦੱਤ ਨੇ ਬਲਾਕ ਢਿੱਲਵਾਂ ਅਤੇ ਬਲਾਕ ਨਡਾਲਾ (ਭੁਲੱਥ ਹਲਕੇ) ਦੇ ਸਰਕਾਰੀ ਰਾਸ਼ਨ ਡਿਪੂਆਂ ਦਾ ਦੌਰਾ ਕੀਤਾ, ਜਿਸ ਵਿੱਚ ਪਿੰਡ ਰਾਮਗੜ੍ਹ ਡਿਪੂ ਵੀ ਸ਼ਾਮਲ ਹੈ। ਉਨ੍ਹਾਂ ਨੇ ਡਿਜੀਟਲ ਨਮੀ ਮੀਟਰ ਦੀ ਵਰਤੋਂ ਕਰਕੇ ਵੰਡੀ ਜਾ ਰਹੀ ਕਣਕ ਦੀ ਨਮੀ ਦੀ ਮਾਤਰਾ ਦੀ ਜਾਂਚ ਕੀਤੀ, ਜੋ ਕਿ ਨਿਰਧਾਰਤ ਮਾਪਦੰਡਾਂ ਦੇ ਅੰਦਰ ਪਾਈ ਗਈ। ਨਿਰੀਖਣ ਦੌਰਾਨ ਖੁਰਾਕ ਸਪਲਾਈ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ। ਦੱਤ ਨੇ ਦੱਸਿਆ ਕਿ ਸਰਕਾਰ ਨੇ ਜੁਲਾਈ ਤੋਂ ਸਤੰਬਰ ਤੱਕ ਤਿੰਨ ਮਹੀਨਿਆਂ ਦੀ ਕਣਕ ਵੰਡ ਯੋਜਨਾ ਲਾਗੂ ਕੀਤੀ ਹੈ। ਲਾਭਪਾਤਰੀਆਂ ਨੂੰ ਅਪੀਲ ਕਰਦੇ ਹੋਏ ਦੱਤ ਨੇ ਕਿਹਾ ਜਿਨ੍ਹਾਂ ਨੇ ਅਜੇ ਤੱਕ ਆਪਣਾ ਤਿੰਨ ਮਹੀਨਿਆਂ ਦਾ ਕਣਕ ਕੋਟਾ ਇਕੱਠਾ ਨਹੀਂ ਕੀਤਾ ਹੈ, ਉਹ ਜਲਦੀ ਤੋਂ ਜਲਦੀ ਆਪਣੇ ਨਜ਼ਦੀਕੀ ਰਾਸ਼ਨ ਡਿਪੂ ਤੋਂ ਅਜਿਹਾ ਕਰਨ ।



# ਜ਼ੋਨਲ ਸਕੂਲ ਖੇਡਾਂ ਦੇ ਤੀਜੇ ਦਿਨ ਸ਼ੁਰੂ ਹੋਏ ਲੜਕਿਆਂ ਦੇ ਮੁਕਾਬਲੇ

● ਵਾਲੀਬਾਲ, ਖੋ-ਖੋ ਤੇ ਕ੍ਰਿਕਟ 'ਚ ਖਿਡਾਰੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਜੋਨਲ ਸਕੂਲ ਖੇਡਾਂ ਦੇ ਤੀਜੇ ਦਿਨ ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਦੇ ਗਰਾਊਂਡ ਵਿੱਚ ਲੜਕਿਆਂ ਦੇ ਖੇਡ ਮੁਕਾਬਲੇ ਕਰਵਾਏ ਗਏ । ਮੁਕਾਬਲਿਆਂ ਦੀ ਸ਼ੁਰੂਆਤ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਰਵਾਈ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜੋਨਲ ਸਕੱਤਰ ਸੁਰਮੁੱਖ ਸਿੰਘ ਲੋਟੇ ਧੀਮਾਨ, ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਤੇ ਕਾਰਜਕਾਰੀ ਸਕੱਤਰ ਰਵਿੰਦਰ ਸਿੰਘ ਧਨੌਗੀ ਨੇ ਦੱਸਿਆ ਕਿ ਕਰਵਾਏ ਗਏ ਮੈਚਾਂ ਦੌਰਾਨ ਖਿਡਾਰੀਆਂ ਨੇ ਵਾਲੀਬਾਲ ਖੋ-ਖੋ ਤੇ ਕ੍ਰਿਕਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਦਿਖਾਇਆ। ਉਮਰ ਗੁਟ 14 ਸਾਲ ਦੇ ਹੋਏ ਫਾਈਨਲ ਮੁਕਾਬਲਿਆਂ ਵਿੱਚ ਕ੍ਰਿਕਟ ਵਿੱਚ ਏਂਜਲ ਪਬਲਿਕ ਸਕੂਲ ਮੋਰਿੰਡਾ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਨੇ ਦੂਜਾ ਸਥਾਨ ਹਾਸਲ ਕੀਤਾ । ਵਾਲੀਬਾਲ ਵਿੱਚ ਭਾਈ ਨੰਦ ਲਾਲ ਸਕੂਲ ਮੋਰਿੰਡਾ ਨੇ ਪਹਿਲਾ, ਹੀਰਾ ਪਬਲਿਕ ਸਕੂਲ ਕਾਈਨੌਰ ਨੇ ਦੂਜਾ ਅਤੇ ਮਾਤਾ ਪ੍ਰਸਿੰਨੀ ਦੇਵੀ ਸਕੂਲ ਮੜੌਲੀ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਖੋ-ਖੋ ਦੇ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਤਨਗੜ੍ਹ ਨੇ ਪਹਿਲਾ, ਆਈ ਪੀ ਐੱਸ ਸਕੂਲ ਰਤਨਗੜ੍ਹ ਨੇ ਦੂਜਾ ਸਥਾਨ ਹਾਸਿਲ ਕੀਤਾ ।

# ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ 'ਚ ਅਣਅਧਿਕਾਰਤ ਵਿਅਕਤੀ ਦੇ ਦਾਖਲੇ 'ਤੇ ਪਾਬੰਦੀ

**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਤਹਿਤ ਮਿਲੇ ਅਧਿਕਾਰਾਂ ਦੀ ਵਰਤੋ ਕਰਦਿਆਂ ਜ਼ਿਲੇ ਵਿੱਚ 29 ਅਗਸਤ 2025 ਤੱਕ ਸਵੇਰੇ 11 ਵਜੇ ਤੋਂ ਦੁਪਹਿਰ 2:15 ਵਜੇ ਤੱਕ ਹੋ ਰਹੀਆਂ 10ਵੀਂ ਤੇ 12ਵੀਂ ਜਮਾਤਾਂ ਦੀਆਂ ਵਾਧੂ ਵਿਸ਼ੇ ਅਤੇ ਓਪਨ ਸਕੂਲ ਦੀਆਂ ਪ੍ਰੀਖਿਆਵਾਂ ਦੇ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਕਿਸੇ ਵੀ ਅਣਅਧਿਕਾਰਿਤ ਵਿਅਕਤੀ ਦੇ ਦਾਖਲੇ 'ਤੇ ਪਾਬੰਧੀ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲਾ ਮੈਜਿਸਟ੍ਰੇਟ ਨੇ ਕਿਹਾ ਕਿ ਜ਼ਿਲੇ 'ਚ 10ਵੀਂ ਅਤੇ 12ਵੀਂ ਜਮਾਤਾਂ ਦੇ ਕੰਪਾਰਟਮੈਂਟ/ਰੀਅਪੀਅਰ, ਸਮੇਤ ਓਪਨ ਸਕੂਲ ਲਈ ਵਾਧੂ ਵਿਸ਼ਿਆਂ ਅਤੇ ਓਪਨ ਸਕੂਲ ਬਲਾਕ-2 ਦੀਆਂ ਅਨੁਪੂਰਕ ਪ੍ਰੀਖਿਆਵਾਂ ਦੇ ਸੁਚੱਜੇ ਸੰਚਾਲਨ ਲਈ ਇਹ ਹੁਕਮ ਜਾਰੀ ਕੀਤੇ ਗਏ ਹਨ। ਪੈਟਰੋਲ ਪੰਪਾਂ ਤੇ ਬੈਂਕਾਂ 'ਚ ਸੀ.ਸੀ.ਟੀ.ਵੀ ਕੈਮਰੇ ਲਗਾਉਣ ਦੇ ਹੁਕਮ: ਜ਼ਿਲਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਸੁਰੱਖਿਆ ਸੰਹਿਤਾ ਤਹਿਤ ਮਿਲੇ ਅਧਿਕਾਰਾਂ ਦੀ ਵਰਤੋ ਕਰਦਿਆ ਪੈਟਰੌਲ ਪੰਪਾਂ ਅਤੇ ਬੈਂਕਾਂ 'ਚ ਡਕੈਤੀ/ਚੋਰੀ ਦੀਆਂ ਵਾਰਦਾਤਾਂ ਦੇ ਮੱਦੇਨਜ਼ਰ ਸੀ ਸੀ ਟੀ ਵੀ ਕੈਮਰੇ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਕੈਮਰੇ ਘੱਟੋ ਘੱਟ 7 ਦਿਨਾਂ ਦੀ ਰਿਕਾਰਡਿੰਗ ਦੀ ਸਮਰੱਥਾ ਵਾਲੇ ਹੋਣੇ ਚਾਹੀਦੇ ਹਨ।ਇਹ ਹੁਕਮ ਲਾਗੂ ਕਰਵਾਉਣ ਲਈ ਸੀਨੀਅਰ ਪੁਲਸ ਕਪਤਾਨ, ਜ਼ਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਅਤੇ ਲੀਡ ਬੈਂਕ ਮੈਨੇਜਰ ਜ਼ੁੰਮੇਵਾਰ ਹੋਣਗੇ। ਇਹ ਹੁਕਮ 30 ਸਤੰਬਰ ਤੱਕ ਲਾਗੂ ਰਹਿਣਗੇ।

## ਰੋਸ਼ਨੀ ਦਾ ਠੀਕ ਪ੍ਰਬੰਧ ਨਾ ਹੋਣਾ ਐਕਸੀਡੈਂਟ ਦਾ ਮੁੱਖ ਕਾਰਨ : ਰਾਣਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਟੇਟ ਹਾਈਵੇ ਦੇ ਸਨਅਤੀ ਖੇਤਰ ਏਰੀਏ ਵਿੱਚ ਰਾਤ ਸਮੇਂ ਅਕਸਰ ਐਕਸੀਡੈਂਟ ਹੁੰਦੇ ਰਹਿੰਦੇ ਹਨ ਜਿਸ ਦਾ ਮੁੱਖ ਕਾਰਨ ਸੜਕ ਤੇ ਰੌਸ਼ਨੀ ਦਾ ਠੀਕ ਪ੍ਰਬੰਧ ਨਾ ਹੋਣਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕੀਤਾ। ਉਹਨਾਂ ਚਿੰਤਾ ਪ੍ਰਗਟ ਕੀਤੀ ਕਿ ਸਨਅਤੀ ਖੇਤਰ ਵਿੱਚ ਐਕਸੀਡੈਂਟਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇਸ ਸਮੇਂ ਰਾਣਾ ਨਾਲ ਇਕੱਤਰ ਹੋਏ ਆਗੂਆਂ ਨੇ ਮੰਗ ਕੀਤੀ ਕਿ ਸਟੇਟ ਹਾਈਵੇ ਦੇ ਸਨਅਤੀ ਖੇਤਰ ਦੇ ਇਲਾਕੇ ਵਿੱਚ ਸਬੰਧਤ ਵਿਭਾਗ ਰਾਤ ਸਮੇਂ ਰੌਸ਼ਨੀ ਦਾ ਸਹੀ ਬੰਦੋਬਸਤ ਕਰੇ।ਇਸ ਮੌਕੇ ਸੁਖਦੇਵ ਸਿੰਘ ਕਟਾਰੀਆ ਸਾਬਕਾ ਸਰਪੰਚ ਟੌਂਸਾ, ਮਜ਼ਦੂਰ ਆਗੂ ਮਨੋਹਰ ਲਾਲ, ਵਿਜੇ ਕੁਮਾਰ ਠੇਕੇਦਾਰ, ਪ੍ਰਤਾਪ ਸਿੰਘ ਰਾਣਾ, ਅਵਤਾਰ ਰਾਮ, ਕੁਲਦੀਪ ਸਿੰਘ ਬਿੱਕਾ ਪੰਚ, ਪਰਮਿੰਦਰ ਕੁਮਾਰ ਪੰਚ , ਡਾਕਟਰ ਪਰਮਜੀਤ ਪੰਮੀ ਅਤੇ ਹੋਰ ਅਨੇਕਾਂ ਆਗੂ ਹਾਜ਼ਰ ਸਨ।



## ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਕਾਰਵਾਈ ਤੇਜ਼, 15 ਮੁਲਜ਼ਮ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)**- ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕਮਿਸ਼ਨਰੇਟ ਪੁਲਸ ਜਲੰਧਰ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਕਾਰਵਾਈ ਤੇਜ਼ ਕਰ ਦਿੱਤੀ ਹੈ। ਪਿਛਲੇ ਚਾਰ ਦਿਨਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਚੇਨ ਤੋੜਨ ਲਈ ਵੱਖ-ਵੱਖ ਖੇਤਰਾਂ ਵਿੱਚ ਕਈ ਕਾਰਵਾਈਆਂ ਕੀਤੀਆਂ ਗਈਆਂ ਹਨ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਪੁਲਸ ਟੀਮਾਂ ਵੱਲੋਂ 15 ਮੁਲਜ਼ਮ ਗ੍ਰਿਫ਼ਤਾਰ ਕਰ ਕੇ ਸ਼ਹਿਰ ਦੇ ਵੱਖ-ਵੱਖ ਥਾਣਿਆਂ 'ਚ ਐੱਨ ਡੀ ਪੀ ਐੱਸ ਐਕਟ ਤਹਿਤ 9 ਮੁਕੱਦਮੇ ਦਰਜ ਕੀਤੇ ਗਏ ਹਨ। ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਮੁਲਜ਼ਮਾਂ 'ਚੋਂ ਇੱਕ ਮੁਲਜ਼ਮ ਨੂੰ ਕਮਰਸ਼ੀਅਲ ਮਾਤਰਾ ਵਿੱਚ ਹੈਰੋਇਨ ਸਮੇਤ ਫੜਿਆ ਗਿਆ। ਇਸ ਕਾਰਵਾਈ ਦੌਰਾਨ 305.80 ਗ੍ਰਾਮ ਹੈਰੋਇਨ ਅਤੇ 15 ਨਸ਼ੀਲੇ ਕੈਪਸੂਲ ਬਰਾਮਦ ਕੀਤੇ ਗਏ।ਮੁਹਿੰਮ ਦੌਰਾਨ ਨਸ਼ੇ ਦੇ ਆਦੀ 16 ਵਿਅਕਤੀਆਂ ਦੀ ਪਛਾਣ ਕੀਤੀ ਗਈ ਅਤੇ ਉਨ੍ਹਾਂ ਨੂੰ ਇਲਾਜ ਲਈ ਭੇਜਿਆ ਗਿਆ, ਜਿਨ੍ਹਾਂ ਵਿੱਚੋਂ 6 ਨੂੰ ਓਟ ਕੇਂਦਰਾਂ ਵਿੱਚ ਦਾਖ਼ਲ ਕਰਵਾਇਆ ਗਿਆ ਅਤੇ 10 ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਭੇਜਿਆ ਗਿਆ ਹੈ।

# ਆਜ਼ਾਦੀ ਨੂੰ ਸੰਭਾਲ ਕੇ ਰੱਖਣਾ ਸਭ ਤੋਂ ਵੱਡੀ ਚੁਣੌਤੀ : ਜੰਡਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਸਭ ਤੋਂ ਵੱਡੀ ਚੁਣੌਤੀ ਆਜ਼ਾਦੀ ਨੂੰ ਸੰਭਾਲ ਕੇ ਰੱਖਣਾ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਸਾਡੇ ਪੁਰਖਿਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਸਬੰਧੀ ਸਾਨੂੰ ਆਪਣੇ ਬੱਚਿਆਂ ਨੂੰ ਦੱਸ ਕੇ ਆਜ਼ਾਦੀ ਦਾ ਅਸਲ ਅਰਥ ਸਮਝਾਉਣਾ ਹੋਵੇਗਾ। ਉਪਰੋਕਤ ਸ਼ਬਦ ਸੱਭਿਆਚਾਰ ਸੰਭਾਲ ਸੋਸਾਇਟੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂਵਾਲੀ ਵਿੱਚ ਆਜ਼ਾਦੀ ਨੂੰ ਸਮਰਪਿਤ 'ਮੇਰਾ ਦੇਸ਼, ਮੈਂ ਦੇਸ਼ ਹਾਂ' ਵਿਸ਼ੇ 'ਤੇ ਭਾਸ਼ਣ ਮੁਕਾਬਲੇ ਨੂੰ ਸੰਬੋਧਨ ਕਰਦਿਆਂ ਕਹੇ। ਜੰਡਾ ਨੇ ਕਿਹਾ ਕਿ ਸੱਭਿਆਚਾਰ ਸੰਭਾਲ ਸੋਸਾਇਟੀ ਹਮੇਸ਼ਾ ਸਾਡੇ ਬੱਚਿਆਂ ਤੇ ਸੱਭਿਆਚਾਰ ਦੇ ਨਾਲ-ਨਾਲ ਆਪਣੇ ਦੇਸ਼ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਰਹੀ ਹੈ।ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਮਾਜ ਸੇਵਕ ਸੰਜੀਵ ਤਲਵਾੜ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਸਾਨੂੰ ਮਾਨਸਿਕ ਤੌਰ 'ਤੇ ਗੁਲਾਮ ਬਣਾਉਣ ਦੀ ਸਾਜ਼ਿਸ਼ ਰਚੀ ਗਈ ਹੈ ਜਿਸ ਵਿੱਚ ਸਾਨੂੰ ਆਪਣੇ ਸੱਭਿਆਚਾਰ ਤੋਂ ਦੂਰ ਲਿਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਅਸੀਂ ਆਧੁਨਿਕ ਯੁੱਗ ਵਿੱਚ ਚਲੇ ਜਾਈਏ, ਜੇਕਰ ਅਸੀਂ ਆਪਣੇ ਸੱਭਿਆਚਾਰ ਨੂੰ ਪਿੱਛੇ ਛੱਡ ਦੇਈਏ, ਤਾਂ ਅਸੀਂ ਦੁਨੀਆ ਦੇ ਕਿਸੇ ਵੀ ਦੇਸ਼ ਨਾਲ ਮੁਕਾਬਲਾ ਨਹੀਂ ਕਰ ਸਕਾਂਗੇ। ਸੰਜੀਵ ਤਲਵਾੜ ਨੇ ਬੱਚਿਆਂ ਨੂੰ ਆਪਣੇ ਸਾਰੇ ਦਿਨ ਆਪਣੇ ਸੱਭਿਆਚਾਰ ਅਨੁਸਾਰ ਮਨਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਤ ਪ੍ਰਸਿੱਧ ਲੇਖਕ ਧਰਮਪਾਲ ਸਾਹਿਲ ਨੇ ਬੱਚਿਆਂ ਨੂੰ ਆਜ਼ਾਦੀ ਨੂੰ ਬਚਾਉਣ ਲਈ ਭਵਿੱਖ ਵਿੱਚ ਆਉਣ ਵਾਲੀਆਂ ਚੁਣੌਤੀਆਂ ਤੋਂ ਜਾਣੂ ਕਰਵਾਇਆ। ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਿਰਫ਼ ਸਿੱਖਿਆ ਹੀ ਉਨ੍ਹਾਂ ਨੂੰ ਹਰ ਮੋੜ 'ਤੇ ਸਫਲ ਬਣਾ ਸਕਦੀ ਹੈ।ਮੁਕਾਬਲੇ ਵਿੱਚ ਹਰਲੀਨ ਕੌਰ ਨੇ ਪਹਿਲਾ, ਸੁਰਭੀ ਨੇ ਦੂਜਾ ਅਤੇ ਲਵੇਸ਼ ਕੁਮਾਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਜਿਨ੍ਹਾਂ ਨੂੰ ਪ੍ਰਸਿੱਧ ਸਮਾਜ ਸੇਵਕ ਡਾ. ਅਜੇ ਬੱਗਾ ਵੱਲੋਂ ਨਕਦ ਇਨਾਮ ਦੇ ਨਾਲ-ਨਾਲ ਪ੍ਰਸ਼ੰਸਾ ਪੱਤਰ ਭੇਟ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਰਾਕੇਸ਼ ਕੁਮਾਰ, ਰੰਜੀਵ ਤਲਵਾੜ, ਮੋਹਨ ਲਾਲ ਕਲਸੀ, ਹਰਬੰਸ ਸਿੰਘ ਕਮਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।



# ਖੇਡਾਂ ਮੁਕਾਬਲਿਆਂ 'ਚ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀਆਂ ਟੀਮਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ

**ਬਲਾਚੌਰ (ਜਸਵਿੰਦਰ ਬੈਂਸ)**- ਸਕੂਲ ਆਫ ਐਮੀਨੈਂਸ ਮਹਿੰਦੀਪੁਰ ਵਿਖੇ ਹੋਏ ਖੇਡ ਮੁਕਾਬਲਿਆਂ ਦੌਰਾਨ ਬਲਾਚੌਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀਆਂ ਟੀਮਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਸਕੂਲ ਚੇਅਰਮੈਨ ਐੱਚ ਪੀ ਸਿੰਘ ਅਤੇ ਪ੍ਰਿੰਸੀਪਲ ਹਰਮਨਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀ ਖੇਡਾਂ ਅੰਦਰ ਵੀ ਚੰਗਾ ਪ੍ਰਦਰਸ਼ਨ ਕਰਕੇ ਵੱਡੀਆਂ ਮੱਲਾਂ ਪ੍ਰਾਪਤ ਕਰ ਰਹੇ ਹਨ। ਬਲਾਕ ਪੱਧਰੀ ਖੇਡਾਂ ਬਲਾਚੌਰ ਵਿੱਚ ਲੜਕੀਆਂ ਅੰਡਰ 19 ਚੈੱਸ ਕਮਲਪ੍ਰੀਤ ਕੌਰ, ਤਨਵੀ ਜੋਸ਼ੀ, ਜੀਵਨਜੋਤ ਕੌਰ, ਲੜਕੇ ਅੰਡਰ 19 ਚੈੱਸ ਅਰਸ਼ਵੀਰ ਸਿੰਘ, ਗਗਨ ਚੌਧਰੀ, ਰਣਜੋਧ ਸਿੰਘ, ਗੁਰਤੇਜ ਸਿੰਘ ਅੰਡਰ 17 ਗੱਤਕਾ, ਮਨਵੀਰ ਸਿੰਘ ਅੰਡਰ 19 ਗੱਤਕਾ ਵਿੱਚ ਪਹਿਲਾ ਸਥਾਨ ਪ੍ਰਾਪਤ ਕਰ ਕੇ ਅੱਵਲ ਦਰਜੇ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਐੱਚ.ਪੀ. ਸਿੰਘ, ਪ੍ਰਿੰਸੀਪਲ ਹਰਮਨਿੰਦਰ ਕੌਰ, ਸਪੋਰਟਸ ਕੋਚ ਰਜਨੀ ਤੇ ਸਮੂਹ ਸਟਾਫ ਮੈਂਬਰਾਂ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਹੋਇਆਂ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਖੇਡਾਂ ਵਿੱਚ ਵੀ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ।



## ਲੋਕ ਰੋਹ ਅੱਗੇ ਝੁਕਦਿਆਂ ਸਰਕਾਰ ਨੇ ਟੇਕੇ ਗੋਡੇ : ਚੁੰਬਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਕਿਹਾ ਕਿ ਲੋਕ ਰੋਹ ਦੇ ਅੱਗੇ ਝੁਕਦਿਆਂ ਸਰਕਾਰ ਨੇ ਟੇਕੇ ਗੋਡੇ। ਜਦੋਂ ਪੰਜਾਬ ਦੇ ਪਿੰਡਾਂ ਦੇ ਵਿੱਚ ਆਮ ਆਦਮੀ ਪਾਰਟੀ ਦੇ ਲੀਡਰਾਂ ਦਾ ਵਿਰੋਧ ਹੋਣਾ ਸ਼ੁਰੂ ਹੋਇਆ ਤਾਂ ਸਰਕਾਰ ਨੂੰ ਲੈਂਡ ਪੂਲਿੰਗ ਪਾਲਿਸੀ ਤੋਂ ਬੈਕ ਫੁਟ ਤੇ ਆਉਣਾ ਪਿਆ। ਕਿਸਾਨ ਜੱਥੇਬੰਦੀਆਂ ਦੇ ਨਾਲ ਨਾਲ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਨੇ ਇਸ ਦੇ ਖਿਲਾਫ ਮੋਰਚਾ ਖੋਲ ਦਿੱਤਾ ਸੀ।

# ਹਰਜੋਤ ਬੈਂਸ ਦੇ ਵਿਹੜੇ ਗੰਭੀਰਪੁਰ 'ਚ ਤੀਆਂ ਦੀਆਂ ਲੱਗੀਆਂ ਰੌਣਕਾਂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਰੰਗਲਾ ਪੰਜਾਬ ਬਣਾਉਣ ਦਾ ਜੋ ਸੁਪਨਾ ਪੰਜਾਬੀਆਂ ਦੇ ਸਾਹਮਣੇ ਰੱਖਿਆ ਹੈ, ਉਹ ਅੱਜ ਜ਼ਮੀਨੀ ਹਕੀਕਤ 'ਤੇ ਨਜ਼ਰ ਆ ਰਿਹਾ ਹੈ। ਸਾਡੇ ਪੰਜਾਬ ਵਿੱਚ ਹੋ ਰਹੇ ਸੱਭਿਆਚਾਰਕ ਸਮਾਗਮ ਇਸ ਦੀ ਮੂੰਹ ਬੋਲਦੀ ਤਸਵੀਰ ਹਨ। ਮਹਿਲਾ ਮੰਡਲ ਤੇ ਮਹਿਲਾ ਪੰਚ ਤੇ ਸਰਪੰਚ ਪਿੰਡਾਂ ਵਿੱਚ ਤੰਦਰੁਸਤ ਅਤੇ ਸਾਰਥਕ ਸਮਾਜ ਦੀ ਸਿਰਜਣਾ ਵਿੱਚ ਉਸਾਰੂ ਭੂਮਿਕਾ ਨਿਭਾ ਰਹੇ ਹਨ। ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਬਾਰੇ ਬੱਚਿਆਂ ਨੂੰ ਜਾਣਕਾਰੀ ਦੇਣੀ ਬੇਹੱਦ ਜ਼ਰੂਰੀ ਹੈ। ਸਾਡੇ ਤਿਉਹਾਰਾਂ ਬਾਰੇ ਬੱਚਿਆਂ ਨੂੰ ਜਾਗਰੂਕ ਕਰਨ ਨਾਲ ਸਾਡੀ ਸੰਸਕ੍ਰਿਤੀ ਦੀ ਅਮੀਰ ਧ੍ਰੋਹਰ ਦੀ ਸੰਭਾਲ ਹੋ ਸਕਦੀ ਹੈ।ਅੱਜ ਗੰਭੀਰਪੁਰ ਵਿੱਚ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਵਿਧਾਇਕ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵਿਹੜੇ ਵਿਚ ਲੱਗੀਆਂ ਰੌਣਕਾਂ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਰੰਗਲੇ ਪੰਜਾਬ ਦੀ ਝਲਕ ਤੀਆਂ ਦੇ ਤਿਉਹਾਰ ਮੌਕੇ ਨਜ਼ਰ ਆ ਰਹੀ ਸੀ। ਮਹਿਲਾ ਵਿੰਗ ਦੇ ਸੂਬਾ ਜਨਰਲ ਸਕੱਤਰ ਊਸ਼ਾ ਰਾਣੀ, ਬਲਾਕ ਪ੍ਰਧਾਨ ਸੁਨੀਤਾ ਗਿੱਲ, ਜ਼ਿਲ੍ਹਾ ਜਨਰਲ ਸਕੱਤਰ ਹਰਪਾਲ ਕੌਰ, ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਕੌਰ, ਜ਼ਿਲ੍ਹਾ ਵਾਈਸ ਪ੍ਰਧਾਨ ਪਿੰਕੀ ਸ਼ਰਮਾ ਭਨਾਮ ਨੇ ਕਿਹਾ ਕਿ ਪਿੰਡਾਂ ਵਿੱਚ ਔਰਤਾਂ ਦੀ ਭੂਮਿਕਾ ਹਮੇਸ਼ਾ ਸਾਰਥਕ ਹੋਣ ਕਾਰਨ ਵਿਕਾਸ ਦੀ ਗਤੀ ਵਿੱਚ ਹੋਰ ਤੇਜ਼ੀ ਲਿਆਂਦੀ ਜਾ ਸਕਦੀ ਹੈ। ਜਿਸ ਤਰ੍ਹਾਂ ਅੱਜ ਦੇ ਸਮੇਂ ਵਿੱਚ ਇਹ ਮੇਲੇ ਅਤੇ ਤਿਉਹਾਰ ਮਨਾਂ ਕੇ ਔਰਤਾਂ/ਲੜਕੀਆਂ ਅਤੇ ਬੱਚੀਆਂ ਨੇ ਸਾਡਾ ਅਮੀਰ ਵਿਰਸਾ ਤੇ ਸੱਭਿਆਚਾਰ ਮੁੜ ਸੁਰਜੀਤ ਕਰਨ ਲਈ ਜ਼ਿਕਰਯੋਗ ਉਪਰਾਲੇ ਕੀਤੇ ਹਨ, ਉਸੇ ਤਰ੍ਹਾਂ ਉਨ੍ਹਾਂ ਵਿਕਾਸ ਦੀ ਗੱਡੀ ਨੂੰ ਲੀਹ ਤੇ ਰਫ਼ਤਾਰ ਨਾਲ ਚਲਾਉਣ ਲਈ ਵੀ ਅੱਗੇ ਆਉਣਾ ਚਾਹੀਦਾ ਹੈ। ਬਲਵਿੰਦਰ ਕੌਰ ਬੈਂਸ ਅਤੇ ਸੀਮਾ ਜੱਸਲ ਨੇ ਸਾਵਣ ਦੇ ਮਹੀਨੇ ਵਿੱਚ ਮਨਾਏ ਜਾਣ ਵਾਲੇ ਤੀਆਂ ਦੇ ਤਿਉਹਾਰ ਦੀ ਮਹੱਤਤਾ ਬਾਰੇ ਵੀ ਦੱਸਿਆ। ਉਨ੍ਹਾਂ ਕਿਹਾ ਕਿ ਅੱਜ ਹਰ ਪਾਸੇ ਖੇਡ ਮੇਲੇ ਕਰਵਾਏ ਜਾ ਰਹੇ ਹਨ, ਖੇਡ ਮੈਦਾਨਾਂ ਵਿਚ ਰੌਣਕਾਂ ਲੱਗੀਆਂ ਹਨ, ਪਿੰਡਾਂ ਦੇ ਵਿਹੜਿਆਂ ਵਿੱਚ ਲੜਕੀਆਂ ਅਤੇ ਔਰਤਾਂ ਨੇ ਰੌਣਕਾਂ ਬੰਨ੍ਹੀਆਂ ਹਨ, ਤੇ ਸਾਡੇ ਅਮੀਰ ਵਿਰਸੇ ਤੇ ਸੱਭਿਆਚਾਰ ਦੀ ਝਲਕ ਹਰ ਪਾਸੇ ਨਜ਼ਰ ਆ ਰਹੀ ਹੈ।ਇਸ ਮੌਕੇ ਪ੍ਰਿੰ.ਪਰਵਿੰਦਰ ਕੌਰ ਦੂਆ, ਗੁਰਦੀਪ ਕੌਰ ਬੈਂਸ, ਬਲਾਕ ਪ੍ਰਧਾਨ ਰਣਜੀਤ ਕੌਰ, ਬਲਾਕ ਪ੍ਰਧਾਨ ਹਰਵਿੰਦਰ ਕੌਰ ਕੋਟਬਾਲਾ, ਸੀਨੀਅਰ ਲੀਡਰ ਕਮਲੇਸ਼ ਨੱਡਾ, ਪ੍ਰਕਾਸ਼ ਕੌਰ, ਰਜਨੀ ਆਲੋਵਾਲ, ਸਰਪੰਚ ਰਾਏਪੁਰ ਅੱਪਰ ਤੇ ਹਲਕਾ ਕੋਆਰਡੀਨੇਟਰ ਮਹਿਲਾ ਵਿੰਗ ਗੁਰਵਿੰਦਰ ਕੌਰ, ਸਰਪੰਚ ਨੀਲਮ ਸੋਨੀ ਟੱਪਰੀਆ ਨੰਗਲੀ, ਸਰਪੰਚ ਮੀਨਾ ਕਾਲੀਆ ਗੰਭੀਰਪੁਰ, ਸਰਪੰਚ ਮਧੂ ਬਾਲਾ ਗੰਭੀਰਪੁਰ ਉੱਪਰ, ਸਰਪੰਚ ਗੀਤਾ ਬਾਲਾ ਪੱਟੀ ਉੱਪਰ, ਸਰਪੰਚ ਮਮਤਾ ਰਾਣੀ ਭਾਲੋਵਾਲ, ਸਰਪੰਚ ਦਵਿੰਦਰ ਕੌਰ ਬੜਾ ਪਿੰਡ ਟੱਪਰੀਆਂ, ਸਰਪੰਚ ਮਨਿੰਦਰਜੀਤ ਕੌਰ ਬਹਿਲੂ, ਸਰਪੰਚ ਮਹਿੰਦਰ ਕੌਰ ਬਸਤੀ ਚੌਧਰੀ ਬਾਠਾ, ਨਿਰਮਲ ਗੌਤਮ, ਸਰਬਜੀਤ ਕੌਰ ਰਾਏਪੁਰ, ਰਾਜਵਿੰਦਰ ਕੌਰ, ਰਜਿੰਦਰ ਕੌਰ, ਅਮਨਦੀਪ ਕੌਰ ਡਾਢੀ, ਨੀਰਜ ਪੁਰੀ, ਨਿਸ਼ਾ ਪੁਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## ਲੈਂਡ ਪੂਲਿੰਗ ਨੀਤੀ ਵਾਪਸ ਲੈਣਾ ਕਿਸਾਨਾਂ ਦੀ ਇਤਿਹਾਸਕ ਜਿੱਤ : ਪ੍ਰਗਟ ਸਿੰਘ

**ਜਲੰਧਰ (ਰਾਜੇਸ਼ ਥਾਪਾ)**- ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਵਿਧਾਇਕ ਪਦਮਸ਼੍ਰੀ ਪ੍ਰਗਟ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਲੈਂ ਪੂਲਿੰਗ ਨੀਤੀ ਵਾਪਸ ਲੈਣ ਦੇ ਫੈਸਲੇ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਇਹ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਅਤੇ ਹਰ ਉਸ ਵਿਅਕਤੀ ਦੀ ਜਿੱਤ ਹੈ ਜਿਸਨੇ ਇਸ ਨੀਤੀ ਵਿਰੁੱਧ ਜ਼ਮੀਨੀ ਪੱਧਰ ਤੇ ਅੰਦੋਲਨ ਕੀਤਾ ਤੇ 'ਆਪ' ਸਰਕਾਰ ਨੂੰ ਪਿੱਛੇ ਹਟਣ ਲਈ ਮਜਬੂਰ ਕੀਤਾ।ਪਰਗਟ ਸਿੰਘ ਨੇ ਕਿਹਾ ਕਿ ਇਹ ਸਿਰਫ਼ ਨੀਤੀ ਵਾਪਸੀ ਨਹੀਂ ਹੈ, ਸਗੋਂ ਸਰਕਾਰ ਦੀ ਨੈਤਿਕ ਹਾਰ ਹੈ ਜਿਸਨੇ ਕਿਸਾਨਾਂ ਦੀ ਜ਼ਮੀਨ ਉਨ੍ਹਾਂ ਦੀ ਸਹਿਮਤੀ ਅਤੇ ਢੁਕਵੇਂ ਮੁਆਵਜ਼ੇ ਤੋਂ ਬਿਨਾਂ ਖੋਹਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਦੀ ਸਹਿਮਤੀ ਤੋਂ ਬਿਨਾਂ ਕੋਈ ਹੋਰ ਜ਼ਮੀਨ ਨੀਤੀ ਨਾ ਲਿਆਂਦੀ ਜਾਵੇ ਅਤੇ ਪੰਜਾਬ ਦੀ ਖੇਤੀਬਾੜੀ ਆਰਥਿਕਤਾ ਨੂੰ ਕਮਜ਼ੋਰ ਨਾ ਕੀਤਾ ਜਾਵੇ।

# ਸੈਣੀ ਨੇ ਕਸ਼ਮੀਰ ਦੇ ਲਾਲ ਚੌਂਕ ਤੱਕ ਜਾਣ ਵਾਲੀ ਤਿਰੰਗਾ ਯਾਤਰਾ ਨੂੰ ਵਿਖਾਈ ਹਰੀ ਝੰਡੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੰਤ ਕਬੀਰ ਕੁਟੀਰ, ਚੰਡੀਗੜ੍ਹ ਤੋਂ ਤਿਰੰਗਾ ਯਾਤਰਾ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ, ਜੋ ਪੰਜਾਬ ਤੋਂ ਹੁੰਦੇ ਹੋਏ ਕਸ਼ਮੀਰ ਦੇ ਇਤਿਹਾਸਕ ਲਾਲ ਚੌਂਕ ਤੱਕ ਜਾਵੇਗੀ। ਮੀਡੀਆ ਵਿਦਿਆਰਥੀ ਸੰਘ ਵੱਲੋਂ ਆਯੋਜਿਤ ਇਸ ਯਾਤਰਾ ਦਾ ਟੀਚਾ ਦੇਸ਼ ਭਰ ਵਿੱਚ ਏਕਤਾ ਦੇ ਸੰਦੇਸ਼ ਨੂੰ ਵਾਧਾ ਦੇਵੇਗਾ, ਕੌਮੀ ਝੰਡੇ ਪ੍ਰਤੀ ਸਨਮਾਨ ਨੂੰ ਵਧਾਵਾ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਨਾ ਹੈ। ਇਹ ਯਾਤਰਾ 18 ਅਗਸਤ ਨੂੰ ਸਮਾਪਤ ਹੋਵੇਗੀ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਸ ਮੌਕੇ ਐਸੋਸੀਏਸ਼ਨ ਦੇ ਅਧਿਕਾਰੀਆਂ ਅਤੇ ਮੈਂਬਰਾਂ ਖਾਸ ਤੌਰ 'ਤੇ ਯਾਤਰਾ ਵਿੱਚ ਭਾਗ ਲੈਣ ਵਾਲੀਆਂ 100 ਤੋਂ ਵੱਧ ਵਿਦਿਆਰਥਣਾਂ ਨੂੰ ਵਧਾਈ ਦਿੱਤੀ। ਇਸ ਪੂਰੀ ਯਾਤਰਾ ਦੀ ਅਗਵਾਈ ਅਤੇ ਪ੍ਰਬੰਧਨ ਵਿਦਿਆਰਥਣਾਂ ਵੱਲੋਂ ਕੀਤਾ ਜਾ ਰਿਹਾ ਹੈ। ਜਦੋਂ ਸਾਡੀਆਂ ਬੇਟੀਆਂ ਕਿਸੇ ਵੀ ਅਭਿਆਨ ਦੀ ਅਗਵਾਈ ਕਰਦੀਆਂ ਹਨ ਤਾਂ ਉਸ ਵਿੱਚ ਸੰਵੇਦਨਸ਼ੀਲਤਾ, ਪੱਕਾ ਸੰਕਲਪ ਕਈ ਗੁਣਾ ਵਧ ਜਾਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਸਰਕਾਰ ਵੱਲੋਂ ਪਿਛਲੇ 11 ਸਾਲਾਂ ਵਿੱਚ ਮਹਿਲਾ ਸਸ਼ਕਤੀਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਸੰਕਲਪ ਹੈ ਕਿ ਜੋ ਕੋਈ ਵੀ ਭਾਰਤ ਨੂੰ ਨੁਕਸਾਨ ਪਹੁੰਚਾਉਣ ਦੀ ਹਿੰਮਤ ਕਰੇਗਾ ਉਸ ਦਾ ਸਾਡੇ ਬਹਾਦਰ ਸੈਨਿਕਾਂ ਵੱਲੋਂ ਉਚਿਤ ਜੁਆਬ ਦਿੱਤਾ ਜਾਵੇਗਾ। ਅੱਜ ਦਾ ਭਾਰਤ ਇੱਕ ਨਵਾਂ ਭਾਰਤ ਹੈ ਜੋ ਮਜ਼ਬੂਤ, ਸਵੈ-ਨਿਰਭਰ ਅਤੇ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਤੇਜ ਗਤੀ ਨਾਲ ਅੱਗੇ ਵਧ ਰਿਹਾ ਹੈ। ਸੈਣੀ ਨੇ ਕਿਹਾ ਕਿ ਤਿਰੰਗਾ ਸਾਡੇ ਦਿਲਾਂ ਵਿੱਚ ਹੈ, ਸਾਡੇ ਕੰਮਾਂ ਵਿੱਚ ਹੈ ਅਤੇ ਇਹ ਸਾਡਾ ਮਾਣ ਹੈ। ਇਹ ਸਾਡੇ ਪੁਰਖਾਂ ਦੇ ਬਲੀਦਾਨ ਅਤੇ ਦੇਸ਼ਭਗਤੀ ਦੀ ਅਮੁੱਲ ਵਿਰਾਸਤ ਹੈ। ਉਨ੍ਹਾਂ ਕਿਹਾ ਕਿ ਦੇਸ਼ 15 ਅਗਸਤ ਨੂੰ ਵੱਡੇ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਸੁਤੰਤਰਤਾ ਦਿਵਸ ਵਜੋਂ ਮਨਾਵੇਗਾ। ਉਨ੍ਹਾਂ ਸਾਰਿਆਂ ਨੂੰ ਸੁਤੰਤਰਤਾ ਦਿਵਸ ਦੀਆਂ ਸ਼ੁੱਭਕਾਮਨਾਵਾਂ ਵੀ ਦਿੱਤੀਆਂ।ਮੁੱਖ ਮੰਤਰੀ ਨੇ ਇਸ ਦੌਰਾਨ ਭਾਰਤ ਮਾਤਾ ਦੀ ਮੂਰਤੀ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਇਸ ਮੌਕੇ ਮੁੱਖ ਮੰਤਰੀ ਦੇ ਓਐਸ ਡੀ ਭਾਰਤ ਭੂਸ਼ਣ ਭਾਰਤੀ, ਮੀਡੀਆ ਵਿਦਿਆਰਥੀ ਸੰਘ ਦੇ ਮੈਂਬਰ ਅਤੇ ਸੀਨੀਅਰ ਅਧਿਕਾਰੀ ਮੌਜੂਦ ਸਨ।

## ਜਨਮ ਦਿਨ ਮੁਬਾਰਕ



ਤਮਨਜੀਤ ਕੌਰ ਤਨੂ
ਪਿਤਾ : ਚਰਨਜੀਤ ਸਿੰਘ
ਮਾਤਾ : ਕਿਰਨ ਕੁਮਾਰੀ
ਵਾਸੀ : ਹੁਸ਼ਿਆਰਪੁਰ

13 Aug Page 9.qxd 8/12/2025 10:35 PM Page 1



# ਬੀ ਬੀ ਐੱਮ ਬੀ ਵੱਲੋਂ ਸਕੂਲ ਵਿੱਦਿਆ ਭਾਰਤੀ ਬੋਰਡ ਨੂੰ ਦੇਣ ਖ਼ਿਲਾਫ਼ ਰੋਸ ਮੁਜ਼ਾਹਰਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪਿਛਲੇ ਕੁੱਝ ਦਿਨਾਂ ਤੋਂ ਸਥਾਨਕ ਬੀ ਬੀ ਐੱਮ ਬੀ ਡੀ ਏ ਵੀ ਪਬਲਿਕ ਸਕੂਲ ਨੂੰ ਆਰ ਐੱਸ ਐੱਸ ਸੰਚਾਲਿਤ ਵਿੱਦਿਆ ਭਾਰਤੀ ਬੋਰਡ ਨੂੰ ਦੇਣ ਦੇ ਵਿਰੋਧ 'ਚ ਸਾਬਕਾ ਵਿਦਿਆਰਥੀਆਂ ਦੇ ਸੰਗਠਨ, ਸਕੂਲ ਵਿਚ ਪੜ੍ਹਦੇ ਵਿਦਿਆਰਥੀਆਂ ਦੇ ਮਾਪੇ, ਵਪਾਰ ਮੰਡਲ ਤੇ ਸਥਾਨਕ ਨਿਵਾਸੀ ਨਿੱਤਰੇ ਹਨ।ਬੀ ਬੀ ਐੱਮ ਬੀ ਡੀ ਏ ਵੀ ਸਕੂਲ ਬਚਾਓ ਦੇ ਬੈਨਰ ਹੇਠਾਂ ਸਕੂਲ ਦੇ ਮੇਨ ਗੇਟ ਮੂਹਰੇ ਇਕੱਤਰ ਹੋਏ ਸਾਬਕਾ ਵਿਦਿਆਰਥੀਆਂ ਅਤੇ ਮਾਪਿਆਂ ਨੇ ਰੋਸ ਮੁਜ਼ਾਹਰਾ ਕੀਤਾ। ਮੁਜ਼ਾਹਰੇ 'ਚ ਪਹੁੰਚੇ ਬੀ ਬੀ ਐੱਮ ਬੀ ਚੀਫ਼ ਇੰਜੀਨੀਅਰ ਰਾਕੇਸ਼ ਗੁਪਤਾ ਦੇ ਗੋਲਮੋਲ ਜਵਾਬ ਲੋਕਾਂ ਨੂੰ ਸੰਤੁਸ਼ਟ ਨਹੀਂ ਕਰ ਸਕੇ। ਉੱਥੇ ਹੀ ਵਿਧਾਇਕ ਕਰਮਬੀਰ ਘੁੰਮਣ ਨੇ ਲੋਕ ਹਿੱਤ 'ਚ ਇਸ ਮਸਲੇ ਦਾ ਹੱਲ ਕੱਢਵਾਉਣ ਦਾ ਭਰੋਸਾ ਦਿੱਤਾ ਹੈ।ਮੁਜ਼ਾਹਰੇ 'ਚ ਸਕੂਲ ਵਿਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ, ਵਪਾਰ ਮੰਡਲ, ਸਮਾਜਿਕ ਸੰਗਠਨਾਂ, ਭਾਜਪਾ ਨੂੰ ਛੱਡ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਟ੍ਰੇਡ ਯੂਨੀਅਨਾਂ ਦੇ ਨੁਮਾਇੰਦੇ ਸ਼ਾਮਲ ਹੋਏ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਬੀ ਬੀ ਐੱਮ ਬੀ ਪਿਛਲੇ ਕਰੀਬ 40 ਸਾਲਾਂ ਤੋਂ ਡੀ ਏ ਵੀ ਸੰਸਥਾ ਨਾਲ ਇਹ ਸਕੂਲ ਸਫ਼ਲਤਾਪੂਰਵਕ ਚਲਾ ਰਹੀ ਹੈ। ਬੁਲਾਰਿਆਂ ਨੇ ਬੀ ਬੀ ਐੱਮ ਬੀ ਡੀ ਏ ਵੀ ਸਕੂਲ ਨੂੰ ਬਚਾਉਣ ਲਈ ਹਰ ਤਰ੍ਹਾਂ ਦਾ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ।ਇਸ ਮੌਕੇ 'ਆਪ' ਆਗੂ ਤੇ ਤਲਵਾੜਾ ਮਿਉਂਸਪਲ ਕਮੇਟੀ ਪ੍ਰਧਾਨ ਹਰਸ਼ ਕੁਮਾਰ ਆਸ਼ੂ ਅਰੋੜਾ, ਸਾਬਕਾ ਕੌਂਸਲਰ ਅਤੇ ਕਾਂਗਰਸੀ ਆਗੂ ਦੀਪਕ ਅਰੋੜਾ, ਕੌਂਸਲਰ ਮੁਨੀਸ਼ ਚੱਢਾ, ਕੌਂਸਲਰ ਸ਼ੀਤਲ ਅਰੋੜਾ, ਸੀਨੀਅਰ ਸਿਟੀਜ਼ਨ ਤੋਂ ਅਵਤਾਰ ਕ੍ਰਿਸ਼ਨ ਸ਼ਰਮਾ ਤੇ ਬਿਸ਼ਨ ਦਾਸ ਸੰਧੂ, ਬੀ ਬੀ ਐੱਮ ਬੀ ਦੀ ਪੰਜਾਬ ਸਟੇਟ ਕਰਮਚਾਰੀ ਯੂਨੀਅਨ ਤੋਂ ਪ੍ਰਧਾਨ ਵਿਜੇ ਠਾਕੁਰ, ਸਾਬਕਾ ਸਰਪੰਚ ਦੀਪਕ ਠਾਕੁਰ, ਨਰਿੰਦਰ ਪੁਰੀ, ਸ਼ਿਵਮ ਬਖ਼ਸ਼ੀ, ਪਲਵਿਤ ਸ਼ਰਮਾ, ਮੁਲਾਜ਼ਮ ਆਗੂ, ਬੋਧਰਾਜ ਆਦਿ ਨੇ ਸੰਬੋਧਨ ਕੀਤਾ।ਰੋਸ ਮੁਜ਼ਾਹਰੇ 'ਚ ਪਹੁੰਚੇ ਬੀ ਬੀ ਐੱਮ ਬੀ ਚੀਫ਼ ਇੰਜਨੀਅਰ ਰਾਕੇਸ਼ ਗੁਪਤਾ ਨੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਦੱਬਵੀਂ ਆਵਾਜ਼ ਵਿਚ ਸਕੂਲ ਦੇ ਸਟਾਫ਼ ਨੂੰ ਚੇਤਾਵਨੀ ਦਿੱਤੀ। ਪਰ ਉਹ ਡੀ ਏ ਵੀ ਨੂੰ ਛੱਡ ਕੇ ਸਥਾਨਕ ਵਿਵਾਦਾਂ 'ਚ ਘਿਰੀ ਇੱਕ ਨਿੱਜੀ ਸੰਸਥਾ ਨੂੰ ਸਕੂਲ ਦੇਣ ਦੇ ਸਵਾਲਾਂ ਦਾ ਸਪਸ਼ਟ ਜਵਾਬ ਨਾ ਦੇ ਸਕੇ। ਇਸ ਮੌਕੇ ਮੁਜ਼ਾਹਰਾਕਾਰੀਆਂ ਨੇ ਬੀ ਬੀ ਐੱਮ ਬੀ ਸਕੂਲ ਨੂੰ ਡੀ ਏ ਵੀ ਸੰਸਥਾ ਨੂੰ ਹੀ ਦੇਣ ਦੇ ਹੱਕ 'ਚ ਮੰਗ ਪੱਤਰ ਦਿੱਤਾ।

# ਖੁੱਡੀਆਂ ਆਜ਼ਾਦੀ ਦਿਵਸ 'ਤੇ ਮੋਹਾਲੀ ਵਿਖੇ ਤਿਰੰਗਾ ਲਹਿਰਾਉਣਗੇ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸ਼ਹੀਦ (ਸ਼ੌਰਿਆ ਚੱਕਰ) ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ, ਫੇਜ਼ 6, ਮੋਹਾਲੀ ਵਿਖੇ



ਆਜ਼ਾਦੀ ਦਿਵਸ ਜਸ਼ਨਾਂ ਦੀ ਰਿਹਰਸਲ ਦੇ ਪਹਿਲੇ ਦਿਨ ਦਾ ਜਾਇਜ਼ਾ ਲਿਆ। ਵਿਦਿਆਰਥੀਆਂ, ਐੱਨ ਸੀ ਸੀ ਕੈਡਿਟਾਂ ਅਤੇ ਸਕੂਲ ਬੈਂਡ ਟੀਮਾਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕਰਦੇ ਹੋਏ, ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਸੱਭਿਆਚਾਰਕ ਪ੍ਰੋਗਰਾਮ ਨੂੰ ਇਸ ਤਰੀਕੇ ਨਾਲ ਪੇਸ਼ ਕਰਨ ਲਈ ਉਤਸ਼ਾਹਿਤ ਕੀਤਾ ਜੋ ਰਾਸ਼ਟਰੀ ਸਵੈਮਾਣ ਨੂੰ ਦਰਸਾਉਣ ਦੇ ਨਾਲ ਨਾਲ ਸਦਭਾਵਨਾ ਅਤੇ ਸ਼ਾਂਤੀ ਨੂੰ ਉਤਸ਼ਾਹਿਤ ਕਰਦਾ ਹੋਇਆ, ਏਕਤਾ ਅਤੇ ਅਖੰਡਤਾ ਦਾ ਸੰਦੇਸ਼ ਦੇਵੇ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਖੇਤੀਬਾੜੀ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਗੁਰਮੀਤ ਸਿੰਘ ਖੁੱਡੀਆਂ 15 ਅਗਸਤ ਨੂੰ ਮੁੱਖ ਮਹਿਮਾਨ ਹੋਣਗੇ, ਜਦੋਂ ਕਿ ਅੰਤਿਮ ਰਿਹਰਸਲ 13 ਅਗਸਤ ਨੂੰ ਸਵੇਰੇ 9:00 ਵਜੇ ਹੋਵੇਗੀ। ਜਸ਼ਨਾਂ ਵਿੱਚ ਮਾਰਚ ਪਾਸਟ ਅਤੇ ਸੱਭਿਆਚਾਰਕ ਗਤੀਵਿਧੀਆਂ ਦੇ ਨਾਲ-ਨਾਲ ਰਾਜ ਦੇ ਪ੍ਰਮੁੱਖ ਲੋਕ ਪੱਖੀ ਪ੍ਰੋਗਰਾਮਾਂ ਅਤੇ ਭਲਾਈ ਸਕੀਮਾਂ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ।

# ਮਾਨਸੂਨ 'ਚ 'ਇੱਕ ਰੁੱਖ ਮਾਂ ਦੇ ਨਾਮ' ਮੁਹਿੰਮ ਅਧੀਨ 200 ਪੌਦੇ ਲਗਾਏ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**

ਮਾਨਸੂਨ ਦੇ ਮੌਸਮ ਨੂੰ ਹਰਿਆਲੀ ਅਤੇ ਵਾਤਾਵਰਣ ਸੁਰੱਖਿਆ ਲਈ ਉਚਿਤ ਮੰਨਦੇ ਹੋਏ, ਇੰਸਪੈਕਟਰ ਫੂਡ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਕੁਲਜੀਤ ਸਿੰਘ ਸੈਣੀ ਨੇ 'ਇੱਕ ਰੁੱਖ ਮਾਂ ਦੇ ਨਾਮ' ਅਭਿਆਨ ਅਧੀਨ 200 ਪੌਦੇ ਲਗਾਏ।ਇਹ ਪੌਦਾਰੋਪਣ ਕੰਮ ਵੱਖ-ਵੱਖ ਥਾਵਾਂ ਅਤੇ ਪਿੰਡਾਂ ਵਿੱਚ ਕੀਤਾ ਗਿਆ, ਜਿਸ ਦਾ ਮਕਸਦ ਲੋਕਾਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼ ਅਤੇ ਹਰਿਆਵਲਾ ਵਾਤਾਵਰਣ ਯਕੀਨੀ ਬਣਾਉਣਾ ਹੈ।ਕੁਲਜੀਤ ਸਿੰਘ ਨੇ ਦੱਸਿਆ ਕਿ ਇਸ ਅਭਿਆਨ ਅਧੀਨ ਪਿੰਡ ਜਲਾਲਪੁਰ ਵਿਖੇ ਸਰਕਾਰੀ ਐਲੀਮੈਂਟਰੀ ਸਕੂਲ ਵਿੱਚ ਵੀ ਪੌਧੇ ਲਗਾਏ ਗਏ।ਉਨ੍ਹਾਂ ਕਿਹਾ ਕਿ ਬੱਚਿਆਂ ਵਿੱਚ ਵਾਤਾਵਰਣ ਸੁਰੱਖਿਆ ਦੀ ਆਦਤ ਬਚਪਨ ਤੋਂ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਉਹ ਭਵਿੱਖ ਵਿੱਚ ਕੁਦਰਤ ਪ੍ਰਤੀ ਜ਼ਿੰਮੇਵਾਰ ਨਾਗਰਿਕ ਬਣ ਸਕਣ।ਇਸ ਮੌਕੇ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਵੀ



ਉਤਸ਼ਾਹ ਨਾਲ ਪੌਦਾਰੋਪਣ ਵਿੱਚ ਹਿੱਸਾ ਲਿਆ ਅਤੇ ਇਨ੍ਹਾਂ ਪੌਦਿਆਂ ਦੀ ਦੇਖਭਾਲ ਕਰਨ ਦਾ ਸੰਕਲਪ ਕੀਤਾ।ਉਨ੍ਹਾਂ ਕਿਹਾ ਕਿ ਮਾਨਸੂਨ ਦਾ ਸਮਾਂ ਪੌਦਾਰੋਪਣ ਲਈ ਸਭ ਤੋਂ ਉਚਿਤ ਹੁੰਦਾ ਹੈ, ਕਿਉਂਕਿ ਇਸ ਦੌਰਾਨ ਬਾਰਿਸ਼ ਕਾਰਨ ਪੌਦਿਆਂ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ।

# ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਨੂੰ ਜੀਵਨ 'ਚ ਅਪਣਾਉਣ ਲਈ ਕੀਤਾ ਪ੍ਰੇਰਿਤ

**ਭੋਗਪੁਰ, (ਗੁਰਪ੍ਰੀਤ ਸਿੰਘ ਭੋਗਲ)**

ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਭੋਗਪੁਰ ਨੇ ਇਤਿਹਾਸਕ ਮੌਕੇ ਗੁਰੂ ਲਾਧੋ ਰੇ ਦਿਵਸ ਨੂੰ ਖੁਸ਼ੀ-ਖੁਸ਼ੀ ਮਨਾਇਆ, ਜਦੋਂ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ



ਗੁਰਗੱਦੀ ਦੀ ਪਦਵੀ ਦਿੱਤੀ ਗਈ ਸੀ। ਇਹ ਸਮਾਗਮ ਵਿਦਿਆਰਥੀਆਂ ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਮਹਾਨ ਆਤਮਿਕ ਅਗਵਾਈ ਅਤੇ ਕੁਰਬਾਨੀਆਂ ਬਾਰੇ ਜਾਗਰੂਕ ਕਰਨ ਲਈ ਆਯੋਜਿਤ ਕੀਤਾ ਗਿਆ ਸੀ, ਜਿਨ੍ਹਾਂ ਨੇ ਸੱਚ, ਨਿਆਂ ਅਤੇ ਧਾਰਮਿਕ ਸੁਤੰਤਰਤਾ ਲਈ ਆਪਣਾ ਜੀਵਨ ਸਮਰਪਿਤ ਕੀਤਾ। ਸਮਾਗਮ ਦੌਰਾਨ ਵਿਦਿਆਰਥੀਆਂ ਨੇ ਗੁਰੂ ਤੇਗ਼ ਬਹਾਦਰ ਜੀ ਦੇ ਯੋਗਦਾਨ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਭਾਸ਼ਣ ਦਿੱਤੇ ਤੇ ਗੁਰਬਾਣੀ ਦੇ ਪਾਠ ਕੀਤੇ।ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕਿਵੇਂ ਗੁਰੂ ਜੀ ਦਾ ਜੀਵਨ ਆਪਣੇ ਵਿਸ਼ਵਾਸਾਂ 'ਤੇ ਡਟੇ ਰਹਿਣ ਅਤੇ ਨਿਸ਼ਕਾਮ ਭਾਵ ਨਾਲ ਮਨੁੱਖਤਾ ਦੀ ਸੇਵਾ ਕਰਨ ਲਈ ਸਮਰਪਿਤ ਸੀ। ਸਕੂਲ ਦੇ ਪ੍ਰਿੰਸੀਪਲ ਨੇ ਵੀ ਸਭਾ ਨੂੰ ਸੰਬੋਧਿਤ ਕਰਦੇ ਹੋਏ ਵਿਦਿਆਰਥੀਆਂ ਨੂੰ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਦੈਨਿਕ ਜੀਵਨ ਵਿੱਚ ਅਪਣਾਉਣ ਲਈ ਉਤਸ਼ਾਹਿਤ ਕੀਤਾ। ਪੂਰਾ ਸਮਾਗਮ ਭਗਤੀ ਅਤੇ ਸ਼ਰਧਾ ਨਾਲ ਭਰਪੂਰ ਸੀ, ਜਿਸ ਨੇ ਸਾਰਿਆਂ 'ਤੇ ਡੂੰਘਾ ਪ੍ਰਭਾਵ ਛੱਡਿਆ।

# ਵੱਡੀ ਗਿਣਤੀ 'ਚ ਲੋਕ ਕਾਂਗਰਸ 'ਚ ਸ਼ਾਮਲ

**ਮੋਹਾਲੀ, (ਗੁਰਜੀਤ ਬਿੱਲਾ)**-ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿਧੂ ਨੇ ਪਿੰਡ ਮਟੌਰ ਵਿਖੇ ਦੂਜੀਆਂ ਪਾਰਟੀਆਂ ਦੀਆਂ ਨੀਤੀਆਂ ਤੋਂ ਨਾਰਾਜ਼ ਹੋ ਕੇ ਵੱਡੀ ਗਿਣਤੀ ਵਿੱਚ ਲੋਕਾਂ ਦਾ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਣ 'ਤੇ ਸਵਾਗਤ ਕੀਤਾ। ਇਸ ਮੌਕੇ ਸਿੱਧੂ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਭਾਜਪਾ ਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਹਨ।ਸਾਬਕਾ ਸਿਹਤ



ਮੰਤਰੀ ਸ. ਬਲਬੀਰ ਸਿੰਘ ਸਿੱਧੂ ਨੇ ਆਮ ਆਦਮੀ ਪਾਰਟੀ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਢੇ ਤਿੰਨ ਸਾਲਾਂ ਦੌਰਾਨ ਪੰਜਾਬ ਲਈ ਕੋਈ ਵਿਅਕਤੀਗਤ ਜਾਂ ਜਨਹਿਤ ਕੰਮ ਨਹੀਂ ਕੀਤੇ। ਆਮ ਆਦਮੀ ਪਾਰਟੀ ਦੀ ਲੈਂਡ ਪੂਲਿੰਗ ਪਾਲਿਸੀ ਨੇ ਕਿਸਾਨਾਂ ਅਤੇ ਆਮ ਲੋਕਾਂ ਵਿੱਚ ਵੱਡਾ ਅਸੰਤੋਸ਼ ਪੈਦਾ ਕਰ ਦਿੱਤਾ ਹੈ। ਇਸ ਪਾਲਿਸੀ ਖ਼ਿਲਾਫ਼ ਪੂਰੇ ਪੰਜਾਬ 'ਚ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸ ਮੌਕੇ 'ਤੇ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਅਸੀਂ ਹਰ ਨਵੇਂ ਸਾਥੀ ਦਾ ਤਹਿ ਦਿਲੋਂ ਸਵਾਗਤ ਕਰਦੇ ਹਾਂ।ਕਾਂਗਰਸ 'ਚ ਸ਼ਾਮਲ ਹੋਣ ਵਾਲੇ ਗੁਰਤੇਜ ਸਿੰਘ ਤੇਜੀ, ਰਵੀ ਅਰੋੜਾ, ਬਲਜੀਤ ਸਿੰਘ ਭੋਲਾ, ਗੁਰਕਰਨ ਸਿੰਘ ਗੱਗੀ, ਪਰਮਜੀਤ ਸਿੰਘ ਪੰਮਾ, ਗੁਰਮੀਤ ਸਿੰਘ ਮੀਠਾ, ਰਵੀ ਧੀਮਾਨ, ਸੁਮਿਤ ਕੁਮਾਰ ਬਿੱਟੂ, ਰਵੀ ਸੂਦ, ਸਤਵਿੰਦਰ ਸਿੰਘ ਗੋਲੂ, ਵਿਜੇਂਦਰ ਕੁਮਾਰ, ਈਸ਼ਾਕ ਖ਼ਾਨ, ਦੀਪਕ ਕੁਮਾਰ, ਸੁੱਖ ਵੈਦਵਾਨ, ਗੁਰਦੀਪ ਸਿੰਘ ਵੈਦਵਾਨ, ਬਲਵਿੰਦਰ ਸਿੰਘ ਵੈਦਵਾਨ, ਰਾਜੀਵ ਵਰਮਾ, ਮਲਕੀਤ ਸਿੰਘ, ਜਸਬੀਰ ਸਿੰਘ ਹੈਪੀ, ਜਤਿੰਦਰ ਵੈਦਵਾਨ, ਰੁਕੁਮ ਕੁਮਾਰ ਸ਼ਰਮਾ, ਅਸ਼ੋਕ ਕੁਮਾਰ ਸ਼ਰਮਾ, ਮਨੀ, ਅਜੇ ਵਰਮਾ, ਸਾਹਿਲ ਕੁਮਾਰ ਆਦਿ ਸ਼ਾਮਲ ਹਨ।

# ਕੁਲ ਹਿੰਦ ਕਿਸਾਨ ਸਭਾ ਵੱਲੋਂ ਬਿਜਲੀ ਮੁਲਾਜ਼ਮਾਂ ਦੀ ਹੜਤਾਲ ਦਾ ਸਮਰਥਨ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦ ਬਿੰਦੀ)**-ਇੱਥੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ ਨੇ ਬਿਜਲੀ ਮੁਲਾਜ਼ਮਾਂ ਵੱਲੋਂ ਤਿੰਨ ਰੋਜ਼ਾ ਹੜਤਾਲ ਦਾ ਪੂਰਨ ਸਮਰਥਨ ਕਰਦਿਆਂ ਕਿਹਾ ਕਿ ਬਿਜਲੀ ਮੁਲਾਜ਼ਮ ਪਿਛਲੇ ਲੰਬੇ ਸਮੇਂ ਤੋਂ



ਪੰਜਾਬ ਸਰਕਾਰ ਖਿਲਾਫ ਸੰਘਰਸ਼ ਕਰਦੇ ਆ ਰਹੇ ਹਨ। ਮੌਜੂਦਾ ਪੰਜਾਬ ਸਰਕਾਰ ਨੇ ਲਾਰਿਆਂ ਤੋਂ ਸਿਵਾ ਬਿਜਲੀ ਕੰਮ ਕਰਮਚਾਰੀਆਂ ਦੀਆਂ ਕੋਈ ਵੀ ਮੰਗਾਂ ਪੂਰੀਆਂ ਨਹੀਂ ਕੀਤੀਆਂ। ਜਿਸ ਕਾਰਨ ਮਜਬੂਰੀ ਵੱਸ ਬਿਜਲੀ ਕਾਮਿਆ ਨੂੰ ਤਿੱਖੇ ਸੰਘਰਸ਼ ਕਰਨ ਦਾ ਐਲਾਨ ਕਰਨਾ ਪਿਆ। ਕੁੱਲ ਹਿੰਦ ਕਿਸਾਨ ਸਭਾ ਬਿਜਲੀ ਕਾਮਿਆਂ ਦੀ ਹੜਤਾਲ ਦਾ ਪੂਰਨ ਸਮਰਥਨ ਕਰਦੀ ਹੈ।ਆਪਣੀਆਂ ਸਾਰੀਆਂ ਇਕਾਈਆਂ ਨੂੰ ਸੁਨੇਹਾ ਦਿੱਤਾ ਗਿਆ ਕਿ ਉਹ ਬਿਜਲੀ ਕਰਮਚਾਰੀਆਂ ਦੀ ਹੜਤਾਲ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਕਰਨ।ਕਿਸਾਨ ਆਗੂ ਨੇ ਮੰਗ ਕੀਤੀ ਕਿ ਨਿਜੀਕਰਨ ਬੰਦ ਕੀਤਾ ਜਾਵੇ, ਖਾਲੀ ਪਈਆਂ ਅਸਾਮੀਆਂ ਤੁਰੰਤ ਭਰੀਆਂ ਜਾਣ, ਬਿਜਲੀ ਕਰਮਚਾਰੀਆਂ ਦੀਆਂ ਲਟਕਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ। ਕਿਸਾਨ ਸਭਾ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਬਿਜਲੀ ਕਰਮਚਾਰੀਆਂ ਆਗੂਆਂ ਨਾਲ ਫੌਰੀ ਤੌਰ ਤੇ ਗੱਲ ਕੀਤੀ ਜਾਵੇ ਤੇ ਉਹਨਾਂ ਦੀਆਂ ਮੰਗਾਂ ਨੂੰ ਪੂਰਾ ਕੀਤਾ ਜਾਵੇ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 24 ਨੂੰ ਸਮਰਾਲਾ ਪਹੁੰਚਣ ਦਾ ਹੋਕਾ



**ਬਲਾਚੌਰ, ਨਵਾਂਸ਼ਹਿਰ (ਜਸਵਿੰਦਰ ਬੈਂਸ, ਕੁਲਵਿੰਦਰ ਦੁਰਗਾਪੁਰੀਆ )**

ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਕਮੇਟੀ ਦੀ ਮੀਟਿੰਗ ਦਾਣਾ ਮੰਡੀ ਨਵਾਂਸ਼ਹਿਰ 'ਚ ਹੋਈ । ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ , ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਅਤੇ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ ਨੇ ਦੱਸਿਆ ਕਿ ਲੈਂਡ ਪੂਲਿੰਗ ਪਾਲਿਸੀ ਨੂੰ ਕਿਸਾਨ ਕਿਸੇ ਵੀ ਰੂਪ 'ਚ ਲਾਗੂ ਨਹੀਂ ਹੋਣ ਦੇਣਗੇ। ਪੰਜਾਬ ਦੀ ਜਮੀਨ ਬਹੁਤ ਹੀ ਉਪਜਾਊ ਹੈ, ਇਥੇ ਸਾਰੀ ਤਰ੍ਹਾਂ ਦੀਆਂ ਦਾਲਾਂ, ਸਬਜੀਆਂ ਅਤੇ ਹੋਰ ਫਸਲਾਂ ਪੈਦਾ ਕੀਤੀਆਂ ਜਾਦੀਆਂ ਹਨ । ਇਹ ਸਾਰੇ ਦੇਸ਼ ਦੇ ਲੋਕਾਂ ਦਾ ਢਿੱਡ ਭਰਦੀਆਂ ਹਨ ਅਤੇ ਇਥੋਂ ਦੀਆਂ ਪੈਦਾ ਕੀਤੀਆਂ ਵਸਤਾਂ ਨਾਲ ਦੇਸ ਦੇ ਖਜਾਨੇ 'ਚ ਵੀ ਵੱਡਾ ਯੋਗਦਾਨ ਹੈ। ਪੰਜਾਬ ਸਰਕਾਰ ਕੇਂਦਰ ਦੀ ਸ਼ਹਿ 'ਤੇ ਪੰਜਾਬ ਦੇ ਪਿੰਡਾਂ ਨੂੰ ਉਜਾੜਨ ਦੇ ਰਾਹ ਪੈ ਗਈ ਹੈ, ਪੰਜਾਬ ਦੇ ਲੋਕ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰਵਾਉਣ ਅਤੇ ਹੋਰ ਕਿਸਾਨੀ ਮੰਗਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣਗੇ। ਨਵਾਂਸ਼ਹਿਰ ਤੋਂ ਬੱਸਾਂ, ਕਾਰਾਂ ਅਤੇ ਹੋਰ ਸਾਧਨਾਂ ਰਾਹੀਂ ਵੱਡੀ ਗਿਣਤੀ 'ਚ ਸਮਰਾਲਾ ਵਿਖੇ ਜਾਣਗੇ। ਇਸ ਮੌਕੇ ਨਵਾਂਸ਼ਹਿਰ, ਔੜ ਅਤੇ ਬੰਗਾ ਇਲਾਕੇ ਦੇ ਪ੍ਰਧਾਨ ਕੁਲਬੀਰ ਸਿੰਘ, ਸੁਰਿੰਦਰ ਸਿੰਘ ਮਹਿਰਮਪੁਰ, ਗੁਰਦੇਵ ਸਿੰਘ ਚੌਹੜ, ਮੱਖਣ ਸਿੰਘ ਭਾਨਮਜਾਰਾ, ਰਾਮ ਜੀ ਦਾਸ, ਅਵਤਾਰ ਸਿੰਘ ਸਕੋਹਪੁਰ , ਕਰਨੈਲ ਸਿੰਘ, ਮੇਜਰ ਸਿੰਘ ਹਰਜੀਤ ਸਿੰਘ ਫਾਂਬੜਾ, ਜੀਵਨ ਬੇਗੋਵਾਲ ਅਤੇ ਹੋਰ ਹਾਜਰ ਸਨ

# ਸੰਜੀਵ ਅਰੋੜਾ ਬਣੇ ਲਾਇਨਜ਼ ਕਲੱਬ 321-ਡੀ ਦੇ ਨੇਤਰਦਾਨ ਜ਼ਿਲ੍ਹਾ ਚੇਅਰਮੈਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਲਾਇਨਜ਼ ਕਲੱਬ ਹੁਸ਼ਿਆਰਪੁਰ ਪਰਲ ਦੇ ਸੀਨੀਅਰ ਮੈਂਬਰ, ਪੀ.ਆਰ.ਓ. ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਨੂੰ ਲਾਇਨਜ਼ ਕਲੱਬ 321-ਡੀ ਦਾ ਜ਼ਿਲ੍ਹਾ ਚੇਅਰਮੈਨ ਨੇਤਰ ਦਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ 'ਤੇ ਲਾਇਨ ਦੇਵਿੰਦਰ ਅਰੋੜਾ, ਸਾਬਕਾ ਜ਼ਿਲ੍ਹਾ ਗਵਰਨਰ ਨੇ ਕਿਹਾ ਕਿ ਸੰਜੀਵ ਅਰੋੜਾ ਦੇ ਸਮਾਜਿਕ ਕੰਮ, ਖ਼ਾਸ ਕਰਕੇ ਨੇਤਰ ਦਾਨ ਦੇ ਖੇਤਰ 'ਚ ਕੀਤੇ ਜਾ ਰਹੇ ਯੋਗਦਾਨ ਨੂੰ ਦੇਖਦਿਆਂ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ, ਤਾਂ ਜੋ ਦੇਸ਼ ਵਿੱਚ ਅੰਧੇਪਨ ਨੂੰ ਖਤਮ ਕਰਨ ਦਾ ਪ੍ਰਯਾਸ ਕੀਤਾ ਜਾ ਸਕੇ। ਸੰਜੀਵ ਅਰੋੜਾ ਨੇ ਜ਼ਿਲ੍ਹਾ ਗਵਰਨਰ ਵੀ.ਐਮ. ਗੋਇਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਦਿੱਤੀ ਗਈ ਹੈ, ਉਸ ਨੂੰ ਉਹ ਪੂਰੀ ਇਮਾਨਦਾਰੀ ਅਤੇ ਨਿਸ਼ਠਾ ਨਾਲ ਨਿਭਾਉਣਗੇ। ਉਨ੍ਹਾਂ ਨੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਆਸ-ਪਾਸ ਕੋਈ ਕੋਰਨੀਅਲ ਅੰਧੇਪਨ ਨਾਲ ਪੀੜਤ ਵਿਅਕਤੀ ਹੈ, ਤਾਂ ਉਸ ਦੀ ਜਾਣਕਾਰੀ ਦੇਣ, ਤਾਂ ਜੋ ਉਸ ਦਾ ਮੁਫ਼ਤ ਕੋਰਨੀਆ ਟ੍ਰਾਂਸਪਲਾਂਟ ਕਰਵਾਇਆ ਜਾ ਸਕੇ।ਇਸ ਮੌਕੇ 'ਤੇ ਉਮੇਸ਼ ਰਾਣਾ, ਅਜੈ ਚਾਵਲਾ, ਗੋਪਾਲ ਅਗਰਵਾਲ, ਆਸ਼ੀਸ਼ ਗੋਇਲ ਅਤੇ ਹੋਰ ਹਾਜ਼ਰ ਸਨ।

# ਡਾ. ਇਸ਼ਾਂਕ ਨੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਹਲਕਾ ਵਾਸੀ ਮੇਰੇ ਲਈ ਬਹੁਤ ਮਹੱਤਵਪੂਰਨ ਹਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਮੇਰੀ ਪਹਿਲ 'ਤੇ ਹੈ।ਇਹ ਵਿਚਾਰ ਡਾ. ਇਸ਼ਾਂਕ ਕੁਮਾਰ ਵਿਧਾਇਕ ਹਲਕਾ ਚੱਬੇਵਾਲ ਨੇ ਪ੍ਰਗਟ ਕੀਤੇ। ਵਿਧਾਇਕ ਵੱਲੋਂ ਪਿੰਡ ਚੱਬੇਵਾਲ ਦੇ ਦਫ਼ਤਰ ਵਿੱਚ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਗਿਆ। ਇਸ ਮੌਕੇ 'ਤੇ ਉਹਨਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਦਾ ਸਬੰਧਤ ਮਹਿਕਮੇ ਦੇ ਅਧਿਕਾਰੀਆਂ ਨਾਲ ਗੱਲ ਕਰਕੇ ਤੁਰੰਤ ਹੱਲ ਕਰਵਾਇਆ। ਜਿਹਨਾਂ ਦੇ ਹੱਲ ਤੁਰੰਤ ਨਹੀਂ ਹੋ ਸਕਦੇ ਸਨ, ਉਹਨਾਂ ਸਮੱਸਿਆਵਾਂ ਦੇ ਜਲਦ ਸਮਾਧਾਨ ਲਈ ਵੀ ਸਬੰਧਤ ਅਧਿਕਾਰੀਆ ਨੂੰ ਨਿਰਦੇਸ਼ ਦਿੱਤੇ। ਇਸ ਮੌਕੇ 'ਤੇ ਡਾ. ਇਸ਼ਾਂਕ ਨੇ ਕਿਹਾ ਕਿ ਜੇਕਰ ਕੋਈ ਹਲਕਾ ਵਾਸੀ ਮੈਨੂੰ ਫੋਨ 'ਤੇ ਵੀ ਸੰਪਰਕ ਕਰ ਆਪਣੀ ਸਮੱਸਿਆ ਸਾਂਝੀ ਕਰਦਾ ਹੈ ਤੇ ਉਹ ਉਸ ਨੂੰ ਵੀ ਜ਼ਰੂਰ ਹੱਲ ਕਰਵਾਉਂਦੇ ਹਨ।



# 'ਵਰਸਿਟੀ 'ਚੋਂ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲੀ ਵਿਦਿਆਰਥਣ ਦਾ ਸਨਮਾਨ



**ਮਾਹਿਲਪੁਰ, (ਸ.ਫਰੀ)**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਕੋਰਸ ਬੀ ਐੱਸ ਸੀ ਮੈਡੀਕਲ ਦੇ ਚੌਥੇ ਸਮੈਸਟਰ ਦੇ ਨਤੀਜੇ ਵਿੱਚ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਤੀਜੀ ਪੁਜੀਸ਼ਨ ਹਾਸਲ ਕਰਨ ਵਾਲੀ ਵਿਦਿਆਰਥਣ ਪਾਇਲ ਨੂੰ ਕਾਲਜ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਸਨਮਾਨ ਸਮਾਰੋਹ ਵਿੱਚ ਸਿੱਖ ਐਜੂਕੇਸ਼ਨਲ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਬੈਂਸ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਵਿਦਿਆਰਥਣ ਨੂੰ ਇਸ ਪ੍ਰਾਪਤੀ 'ਤੇ ਸ਼ੁੱਭ ਕਾਮਨਾਵਾਂ ਦਿੱਤੀਆਂ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਅਤੇ ਸਬੰਧਤ ਵਿਭਾਗ ਦੇ ਮੁਖੀ ਪ੍ਰੋ. ਨਵਦੀਪ ਕੌਰ ਨੇ ਦੱਸਿਆ ਕਿ ਕਿ ਬੀ ਐੱਸ ਸੀ ਮੈਡੀਕਲ ਦੇ ਚੌਥੇ ਸਮੈਸਟਰ ਦਾ ਨਤੀਜਾ ਸੌ ਫੀਸਦੀ ਰਿਹਾ ਹੈ ਅਤੇ ਵਿਦਿਆਰਥਣ ਪਾਇਲ ਨੇ 93.8 ਫੀਸਦੀ ਅੰਕ ਹਾਸਲ ਕਰਕੇ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਤੀਜੀ ਥਾਂ ਹਾਸਲ ਕੀਤੀ।ਇਸ ਮੌਕੇ ਵਿਦਿਆਰਥਣ ਪਾਇਲ ਨੇ ਇਸ ਪ੍ਰਾਪਤੀ ਲਈ ਆਪਣੇ ਅਧਿਆਪਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਪ੍ਰਿੰਸੀਪਲ ਸਮੇਤ ਹਾਜ਼ਰ ਵਿਭਾਗ ਦੇ ਅਧਿਆਪਕਾਂ ਡਾ ਵਿਕਰਾਂਤ ਰਾਣਾ, ਡਾ ਪੂਜਾ ਬੇਦੀ, ਡਾ ਅੰਜੂ ਕੁਮਾਰੀ, ਪ੍ਰੋ ਅਮ੍ਰਿਤਾ, ਪ੍ਰੋ ਅਪੂਰਵਾ ਅਤੇ ਜੇ ਐੱਲ ਏ ਪਰਮਜੀਤ ਸਿੰਘ ਨੇ ਵੀ ਵਿਦਿਆਰਥਣ ਪਾਇਲ ਨੂੰ ਇਸ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ।

# ਰਵਾਇਤੀ ਤਿਉਹਾਰ ਸਾਨੂੰ ਧਰੋਹਰ ਨਾਲ ਜੋੜ ਕੇ ਰੱਖਦੇ ਹਨ : ਡਾ. ਇਸ਼ਾਂਕ ਕੁਮਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**

ਤੀਆਂ ਦਾ ਤਿਉਹਾਰ ਸਾਰੀਆਂ ਮਹਿਲਾਵਾਂ ਅਤੇ ਬੱਚੀਆਂ ਲਈ ਖੁਸ਼ੀਆਂ ਦੀ ਸੌਗਾਤ ਲੈ ਕੇ ਆਵੇ , ਇਸ ਸੰਦੇਸ਼ ਨਾਲ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਆਪਣੇ ਹਲਕੇ ਦੇ ਨਾਲ ਸਾਰੇ ਪੰਜਾਬ ਅਤੇ ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਬੋਹਣ ਅਤੇ ਬੱਡੋਂ ਵਾਸੀਆਂ ਨੂੰ ਡਾ. ਇਸ਼ਾਂਕ ਨੇ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਆਪਣੇ ਪਿੰਡਾਂ ਵਿੱਚ ਮਨਾਏ ਜਾ ਰਹੇ ਤੀਆਂ ਦੇ ਤਿਉਹਾਰ ਦੇ ਜਸ਼ਨਾਂ ਵਿੱਚ ਸ਼ਾਮਿਲ ਹੋ ਕੇ ਤੀਆਂ ਦੀਆਂ ਖੁਸ਼ੀਆਂ ਮਨਾਉਣ ਦਾ ਸੁਨਹਿਰਾ ਮੌਕਾ ਉਨ੍ਹਾਂ ਨੂੰ ਬਖ਼ਸ਼ਿਆ। ਉਨ੍ਹਾਂ ਕਿਹਾ ਕਿ ਸਾਡੇ ਰਵਾਇਤੀ ਤਿਉਹਾਰ ਸਾਨੂੰ ਸਾਡੀ ਧਰੋਹਰ ਨਾਲ ਜੋੜ ਕੇ ਰੱਖਦੇ ਹਨ।ਇਸ ਮੌਕੇ



'ਤੇ ਤੀਆਂ ਮਨਾਉਂਦੀਆਂ ਪਿੰਡਾਂ ਦੀਆਂ ਨੂਹਾਂ-ਧੀਆਂ ਨੇ ਰਲ ਕੇ ਖ਼ੂਬ ਧਮਾਲਾਂ ਪਾਈਆਂ, ਪੀਂਘਾਂ ਝੂਟੀਆਂ ਅਤੇ ਗਿੱਧੇ-ਭੰਗੜੇ ਦੇ ਨਾਲ ਨਾਲ ਕਈ ਤਰ੍ਹਾਂ ਦੀਆਂ ਖੇਡਾਂ 'ਚ ਵੀ ਭਾਗ ਲਿਆ।

# ਡੀਲ ਕਰਕੇ ਆਈ ਫੋਨ ਨਾ ਦੇਣ 'ਤੇ ਕਥਿਤ ਮੁਲਜ਼ਮ ਖਿਲਾਫ ਮਾਮਲਾ ਦਰਜ

**ਨਵਾਂਸ਼ਹਿਰ (ਮਨੋਜ ਲਾਡੀ)**-ਇੱਕ ਨੌਜਵਾਨ ਨੂੰ ਆਈ ਫੋਨ 14 ਅਤੇ 12 ਦੇਣ ਦੀ ਡੀਲ ਕਰਕੇ 78,200 ਰੁਪਏ ਲੈਣ ਉਪਰੰਤ ਫ਼ੋਨ ਨਾ ਦੇਣ ਦੇ ਮਾਮਲੇ ਵਿਚ ਪੁਲਸ ਨੇ ਅਜਿਹਾ ਕਰਨ ਵਾਲੇ ਦੂਜੇ ਵਿਅਕਤੀ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਅਨੁਸਾਰ ਅਮਰੀਕ ਸਿੰਘ ਨੇ ਦੱਸਿਆ ਕਿ ਕਥਿਤ ਮੁਲਜ਼ਮ ਬਲਵਿੰਦਰ ਸਿੰਘ ਨੇ ਆਈ ਫੋਨ 14 ਤੇ ਆਈ ਫੋਨ 12 ਦੇਣ ਸਬੰਧੀ ਡੀਲ ਕਰ ਕੇ 78,200 ਰੁਪਏ ਲੈ ਕੇ ਫੋਨ ਨਾ ਦੇ ਕੇ ਕਥਿਤ ਧੋਖਾਧੜੀ ਕੀਤੀ। ਅਮਰੀਕ ਸਿੰਘ ਵੱਲੋਂ ਇਸ ਮਾਮਲੇ ਦੀ ਸ਼ਿਕਾਇਤ ਕਰਨ 'ਤੇ ਪੁਲਿਸ ਨੇ ਕਥਿਤ ਮੁਲਜ਼ਮ ਬਲਵਿੰਦਰ ਸਿੰਘ ਦੇ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮਾਨ ਸਰਕਾਰ ਔਰਤਾਂ ਨੂੰ ਦੇ ਰਹੀ ਸਵੈਰੁਜ਼ਗਾਰ ਦੇ ਮੌਕੇ : ਸੰਤੋਸ਼ ਕਟਾਰੀਆ

**ਬਲਾਚੌਰ (ਜਸਵਿੰਦਰ ਬੈਂਸ)**

ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਹਰੇਕ ਵਰਗ ਲਈ ਰੋਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ



ਵਿਧਾਇਕ ਹਲਕਾ ਬਲਾਚੌਰ ਨੇ ਬਲਾਕ ਬਲਾਚੌਰ ਦੇ ਪਿੰਡ ਰਾਏਪੁਰ ਗੜ੍ਹੀ ਤੇ ਜਾਡਲੀ ਵਿੱਚ ਪੰਜਾਬ ਦਿਹਾਤੀ ਅਜੀਵਿਕਾ ਮਿਸਨ ਦੇ ਤਹਿਤ ਚੱਲ ਰਹੇ ਉਹ ਉਸਮ ਕਲਾਸਟਰ ਲੈਵਲ ਸੰਗਠਨ ਵਿੱਚ ਪਹਿਲ ਪ੍ਰੋਜੈਕਟ ਦੇ ਰਾਹੀਂ ਔਰਤਾਂ ਨੂੰ ਮਿਲਣ ਮੌਕੇ ਕੀਤਾ। ਇਸ ਪ੍ਰੋਜੈਕਟ ਹੇਠ ਸੈਲਫ-ਹੈਲਪ ਗਰੁੱਪਾਂ ਦੀਆਂ ਮੈਂਬਰ ਔਰਤਾਂ ਨੂੰ ਸਰਕਾਰੀ ਸਕੂਲਾਂ ਦੀਆਂ ਵਰਦੀਆਂ ਤਿਆਰ ਕਰਨ ਦਾ ਕੰਮ ਦਿੱਤਾ ਜਾ ਰਿਹਾ ਹੈ, ਜਿਸ ਰਾਹੀਂ ਉਨ੍ਹਾਂ ਨੂੰ ਘਰ ਦੇ ਨੇੜੇ ਹੀ ਰੋਜਗਾਰ ਮੁਹੱਈਆ ਹੋ ਰਿਹਾ ਹੈ। ਇਸ ਯੋਜਨਾ ਨੇ ਬਲਾਚੌਰ ਹਲਕੇ 'ਚ ਔਰਤਾਂ ਦੀ ਆਰਥਿਕ ਸਥਿਤੀ ਵਿੱਚ ਨਵਾਂ ਜੋਸ਼ ਭਰਿਆ ਹੈ। ਪਿੰਡਾਂ ਦੇ ਸੈਲਫ ਹੈਲਪ ਗਰੁੱਪਾਂ ਵਿੱਚ ਸ਼ਾਮਲ ਸੈਂਕੜਿਆਂ ਔਰਤਾਂ ਹੁਣ ਆਪਣੇ ਪੈਰਾਂ 'ਤੇ ਖੜ੍ਹੀਆਂ ਹਨ ਅਤੇ ਸਮਾਜ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ। ਇਸ ਪ੍ਰੋਜੈਕਟ ਦੀ ਤਰੱਕੀ ਦਾ ਜਾਇਜਾ ਲੈਣ ਲਈ ਬਲਾਚੌਰ ਹਲਕੇ ਤੋਂ ਵਿਧਾਇਕ ਸੰਤੋਸ਼ ਕਟਾਰੀਆ ਨੇ ਪਿੰਡ ਰਾਏਪੁਰ ਗੜ੍ਹੀ ਅਤੇ ਪਿੰਡ ਜਾਡਲੀ ਦਾ ਦੌਰਾ ਕੀਤਾ। ਉਨ੍ਹਾਂ ਨੇ ਔਰਤਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੇ ਕੰਮ ਦੀ ਪ੍ਰਸ਼ੰਸਾ ਕੀਤੀ ਤੇ ਭਵਿੱਖ 'ਚ ਹੋਰ ਵੀ ਉਨ੍ਹਾਂ ਦੀ ਮਦਦ ਕਰਨ ਦੇ ਭਰੋਸੇ ਦਿੱਤੇ।

# ਵਿਜੀਲੈਂਸ ਨੇ ਰਿਸ਼ਵਤਖੋਰੀ ਦੇ ਅੱਠ ਵੱਖ-ਵੱਖ ਕੇਸਾਂ 'ਚ 10 ਸਰਕਾਰੀ ਮੁਲਾਜ਼ਮਾਂ ਨੂੰ ਰੰਗੇ ਹੱਥੀਂ ਕੀਤਾ ਕਾਬੂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਜੁਲਾਈ ਮਹੀਨੇ ਦੌਰਾਨ ਅੱਠ ਵੱਖ-ਵੱਖ ਕੇਸਾਂ ਵਿੱਚ 10 ਸਰਕਾਰੀ ਮੁਲਾਜ਼ਮਾਂ/ਕਰਮਚਾਰੀਆਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਬਿਊਰੋ ਨੇ ਪਿਛਲੇ ਮਹੀਨੇ ਵੱਖ-ਵੱਖ ਅਦਾਲਤਾਂ ਵਿੱਚ 28 ਵਿਜੀਲੈਂਸ ਕੇਸਾਂ ਨਾਲ ਸਬੰਧਤ ਚਲਾਨ ਪੇਸ਼ ਕੀਤੇ ਸਨ। ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਡੂੰਘਾਈ ਨਾਲ ਜਾਂਚ ਕਰਨ ਲਈ 6 ਵਿਜੀਲੈਂਸ ਪੜਤਾਲਾਂ ਵੀ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ 13 ਵਿਅਕਤੀਆਂ ਵਿਰੁੱਧ 8 ਅਪਰਾਧਕ ਮਾਮਲੇ ਵੀ ਦਰਜ ਕੀਤੇ ਗਏ ਹਨ ਜਿਨ੍ਹਾਂ 'ਚ 9 ਸਰਕਾਰੀ ਮੁਲਾਜ਼ਮ ਸ਼ਾਮਲ ਹਨ। ਹੋਰ ਵੇਰਵੇ ਦਿੰਦਿਆਂ ਉਨ੍ਹਾਂ ਅੱਗੇ ਕਿਹਾ ਕਿ ਵੱਖ-ਵੱਖ ਅਦਾਲਤਾਂ ਨੇ ਪਿਛਲੇ ਮਹੀਨੇ ਦੌਰਾਨ ਵਿਜਲੈਂਸ ਬਿਊਰੋ ਵੱਲੋਂ ਦਾਇਰ ਕੀਤੇ ਗਏ ਪੰਜ ਰਿਸ਼ਵਤਖੋਰੀ ਦੇ ਮਾਮਲਿਆਂ 'ਚ ਫੈਸਲਾ ਸੁਣਾਇਆ ਹੈ, ਜਿਸ 'ਚ ਸੱਤ ਵਿਅਕਤੀਆਂ ਨੂੰ ਦੋਸ਼ੀ ਠਹਿਰਾਉਂਦਿਆਂ ਦੋ ਸਾਲ ਤੋਂ ਪੰਜ ਸਾਲ ਦੀ ਕੈਦ ਦੇ ਨਾਲ 10,000 ਰੁਪਏ ਤੋਂ 1,00,000 ਰੁਪਏ ਤੱਕ ਦੇ ਜੁਰਮਾਨੇ ਲਾਏ ਗਏ ਹਨ।



ਮਾਤਾ ਚਿੰਤਪੁਰਨੀ ਮੇਲੇ ਵਿੱਚ ਸ਼੍ਰੀ ਨਵ ਦੁਰਗਾ ਭਜਨ ਮੰਡਲੀ ਲੋਹੀਆਂ ਖਾਸ ਵੱਲੋਂ ਮਾਤਾ ਚਿੰਤਪੁਰਨੀ ਮੇਲੇ 'ਚ ਬਜਰੰਗ ਭਵਨ ਚਿੰਤਪੁਰਨੀ ਵਿੱਚ ਲੰਗਰ ਲਗਾਇਆ ਗਿਆ। ਇਸ ਮੌਕੇ ਮੁੱਖ ਤੌਰ 'ਤੇ ਖਜਾਨਚੀ ਦਾਸ, ਵਿਜੇ ਕੁਮਾਰ ਡਾਲਰ ਕੌਂਸਲਰ, ਵਰਿੰਦਰ ਗੁਪਤਾ, ਵਿੱਕੀ ਗੁਪਤਾ ਤੇ ਹੋਰ ਵੀ ਸੇਵਾਦਾਰ ਹਜ਼ਾਰ ਸਨ। (ਫੋਟੋ ਤੇ ਵੇਰਵਾ : ਯੋਗੇਸ਼ਵਰ)

# ਬਾਬਾ ਬੀਰ ਸਿੰਘ ਦੇ ਜਨਮ ਦਿਹਾੜੇ ਦੇ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**

ਪੂਰਨ ਬ੍ਰਹਮ ਗਿਆਨੀ ਮਹਾਨ ਸ਼ਹੀਦ ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਹਰਜੀਤ ਸਿੰਘ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਹੇਠ ਸਮੁੱਚੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 13 ਅਗਸਤ ਤੋਂ 15 ਅਗਸਤ ਤੱਕ ਤਿੰਨ ਰੋਜ਼ਾ ਸਮਾਗਮ ਬੜੇ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ, ਜਿਸ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਹਰਜੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਕਾਰ ਸੇਵਾ ਵਾਲਿਆ ਨੇ ਦੱਸਿਆ ਕਿ 13 ਅਗਸਤ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਜਿਨ੍ਹਾਂ ਦੇ ਭੋਗ 15 ਅਗਸਤ ਨੂੰ ਸਵੇਰੇ 9 ਵਜੇ ਪਾਏ ਜਾਣਗੇ।ਉਨ੍ਹਾਂ ਦੱਸਿਆ ਕਿ ਉਪਰੰਤ ਧਾਰਮਿਕ ਸੁੰਦਰ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਸੰਤ ਮਹਾਂਪੁਰਸ਼, ਰਾਗੀ, ਢਾਡੀ, ਕਵੀਸ਼ਰ, ਕਥਾਵਾਚਕ ਸੰਗਤਾਂ ਨਾਲ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਸਾਂਝ ਪਾਉਣਗੇ।ਮੁੱਖ ਦੁਆਰ ਦਰਸ਼ਨੀ ਡਿਊੜੀ ਅਤੇ ਸਮੁੱਚੇ ਰਸਤੇ ਨੂੰ ਸੁੰਦਰ ਲਾਈਟਾਂ ਨਾਲ ਸਜਾਇਆ ਜਾ ਰਿਹਾ ਹੈ। ਬਾਬਾ ਹਰਜੀਤ ਸਿੰਘ ਵੱਲੋਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ ਧੰਨ ਧੰਨ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਤਿੰਨ ਰੋਜ਼ਾ ਸਮਾਗਮਾਂ ਵਿੱਚ ਵੱਧ ਤੋਂ ਵੱਧ ਗੁਰੂ ਘਰ ਨਤਮਸਤਕ ਹੋ ਕੇ ਨਿਸ਼ਕਾਮ ਸੇਵਾ ਕਰਦਿਆਂ ਲਾਹਾ ਪ੍ਰਾਪਤ ਕਰਨ।

# ਹਲਕਾ ਡੇਰਾਬੱਸੀ ਦੇ ਪੰਜ ਪਿੰਡਾਂ 'ਚ 1.25 ਕਰੋੜ ਦੀ ਲਾਗਤ ਨਾਲ ਬਣਾਏ ਜਾਣਗੇ ਪੰਚਾਇਤ ਘਰ : ਰੰਧਾਵਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਹਲਕਾ ਡੇਰਾਬੱਸੀ ਦੇ ਪੰਜ ਪਿੰਡਾ ਅਮਲਾਲਾ, ਜੜੌਤ,



ਹਮਾਯੂੰਪੁਰ, ਸਮਗੌਲੀ ਤੇ ਤ੍ਰਿਵੇਦੀ ਕੈਂਪ ਵਿਖੇ 1.25 ਕਰੋੜ ਦੀ ਲਾਗਤ ਨਾਲ ਪੰਚਾਇਤ ਘਰ ਬਣਾਏ ਜਾਣਗੇ। ਸ੍ਰੀ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਸਰਵਪੱਖੀ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਪੰਚਾਇਤਾਂ ਨੂੰ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਪਿੰਡ ਵਾਸੀਆਂ ਦੀ ਪੰਚਾਇਤ ਘਰ ਬਣਾਉਣ ਲਈ ਲੰਮੇ ਸਮੇਂ ਤੋਂ ਚਲਦੀ ਆ ਰਹੀ ਮੰਗ ਪੂਰੀ ਕਰਦਿਆਂ ਪੰਚਾਇਤੀ ਰਾਜ ਵਿਭਾਗ ਵੱਲੋਂ ਪੰਜਾਂ ਪਿੰਡਾਂ ਵਿੱਚੋਂ ਹਰੇਕ ਪਿੰਡ ਵਿੱਚ 25 ਲੱਖ ਰੁਪਏ ਦੀ ਲਾਗਤ ਨਾਲ ਪੰਚਾਇਤ ਘਰ ਤਿਆਰ ਕੀਤਾ ਜਾਵੇਗਾ। ਇਹ ਪੰਚਾਇਤ ਘਰ ਜਿੱਥੇ ਪੰਚਾਇਤ ਦੀਆਂ ਗਤੀਵਿਧੀਆ ਚਲਾਉਣ ਦੇ ਕੰਮ ਆਵੇਗਾ ਉੱਥੇ ਲੋਕਾਂ ਦੇ ਘਰੇਲੂ ਸਮਾਗਮਾਂ ਲਈ ਵੀ ਵਰਤਿਆ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਪਿੰਡਾਂ ਦੀਆਂ ਪੰਚਾਇਤ ਇਨ੍ਹਾਂ ਪੰਚਾਇਤ ਘਰਾਂ ਵਿਚ ਰੋਜ਼ਾਨਾ ਲੋਕਾਂ ਦੇ ਮਸਲੇ ਸੁਣਿਆ ਕਰਨਗੀਆਂ ਅਤੇ ਉਨ੍ਹਾਂ ਮਸਲਿਆਂ ਦੀਆਂ ਹੱਲ ਕਰਿਆ ਕਰਨਗੀਆਂ।

# ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਮੋਹਾਲੀ, (ਗੁਰਜੀਤ ਬਿੱਲਾ)**

ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਸਤਨਾਮ ਸਿੰਘ ਟਾਂਡਾ ਵਾਲਿਆਂ ਦੇ ਇਨਟਰਨੈਸ਼ਲ ਢਾਡੀ ਜੱਥੇ ਨੇ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ। ਭਾਈ ਗੁਰਵਿੰਦਰ ਸਿੰਘ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣਾ ਵਾਲਿਆਂ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸੁੱਚਾ ਸਿੰਘ ਜੀ ਜਵੱਦੀ ਟਕਸਾਲ ਵਾਲਿਆਂ ਨੇ ਹੰਸਾਲੀ ਵਾਲੇ ਬਾਬਾ ਜੀ ਦੁਆਰਾ ਕੀਤੇ ਸਮਾਜ ਸੇਵੀ ਕੰਮਾਂ ਬਾਰੇ ਸੰਗਤਾਂ ਨੂੰ ਵਿਸਥਾਰ ਸਾਹਿਤ ਜਾਣੂ ਕਰਵਾਇਆ। ਇਸ ਤੋਂ ਇਲਾਵਾ ਭਾਈ ਕੁਲਦੀਪ ਸਿੰਘ, ਭਾਈ ਸਰੂਪ ਸਿੰਘ, ਭਾਈ ਮਨਜੀਤ ਸਿੰਘ, ਬਾਬਾ ਦੀਪ ਸਿੰਘ ਜੀ ਕਵੀਸ਼ਰੀ ਜੱਥਾ, ਭਾਈ ਸਾਹਿਬ ਸਿੰਘ ਜੀ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਹਰਬਖਸ਼ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਤੇ ਭਾਈ ਗੁਰਮੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਸੰਗਤਾਂ ਨੇ ਬੜੀ ਸ਼ਰਧਾ ਭਾਵਨਾ ਕੀਰਤਨ ਦਰਬਾਰ 'ਚ ਭਾਰੀ ਗਿਣਤੀ ਵਿੱਚ ਹਾਜ਼ਰੀ ਲਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਬੁਲਾਰੇ ਨੇ ਦੱਸਿਆ ਕਿ ਇਸ ਅਸਥਾਨ ਤੇ ਸਮੂਹ ਸੰਗਤ ਦੀ ਸਹੂਲਤ ਨੂੰ ਮੁੱਖ ਰਖੱਦੇ ਹੋਏ ਐੱਮ ਆਰ ਆਈ, ਸੀ ਟੀ ਸਕੈਨ, ਅਲਟਰਾ ਸਾਊਂਡ, ਡੈਂਟਲ ਵਿੰਗ ਦੀਆਂ ਮਸ਼ੀਨਾਂ ਲਗਾਈਆਂ ਗਈਆਂ ਹਨ। ਉਨ੍ਹਾਂ ਦਸਿੱਆ ਕਿ ਗੁਰਦੁਆਰਾ ਸਾਹਿਬ ਦੀ ਡਿਸਪੈਂਸਰੀ ਵਿੱਚ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਜਾਂਦਾ ਹੈ ਅਤੇ ਦਵਾਈ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਫਰੀ ਦਿੱਤੀ ਜਾਂਦੀ ਹੈ।





# 37ਵਾਂ ਕਵੀ ਦਰਬਾਰ ਕਰਵਾਇਆ

**ਮਾਹਿਲਪੁਰ (ਸ.ਫਰੀ)** - ਪੰਜਾਬੀ ਸਾਹਿਤ ਸਭਾ ਮਾਹਿਲਪੁਰ ਵੱਲੋਂ ਬੀਤੇ ਦਿਨ ਖ਼ਾਲਸਾ ਕਾਲਜ ਮਾਹਿਲਪੁਰ ਵਿਖੇ 37ਵਾਂ ਕਵੀ ਦਰਬਾਰ ਕਰਵਾਇਆ ਗਿਆ। ਇਹ ਕਵੀ ਦਰਬਾਰ ਪੰਜਾਬੀ ਸਾਹਿਤ ਸਭਾ ਮਾਹਿਲਪੁਰ ਦੇ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਪਾਲ ਸਿੰਘ ਪ੍ਰਦੇਸੀ ਦੀ ਅਗਵਾਈ ਵਿੱਚ ਗੁਰੂ ਤੇਗ ਬਹਾਦਰ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ।ਪ੍ਰੋਗਰਾਮ ਦੇ ਅਰੰਭ ਵਿੱਚ ਜਥੇਦਾਰ ਸੁਰਜੀਤ ਸਿੰਘ ਖਾਨਪੁਰੀ ਨੇ ਕਵੀਆਂ, ਸਰੋਤਿਆਂ, ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਅਵਸਰ ਤੇ ਸਭਾ ਵੱਲੋਂ ਡਾ, ਜੇ ਬੀ ਸੇਖੋਂ ਆਲੋਚਕ, ਕਵੀਤਰੀ ਇੰਦਰਜੀਤ ਨੰਦਨ, ਪੰਜਾਬੀ ਵਾਰਤਕ ਲੇਖਕ ਅਤੇ ਵਾਤਾਵਰਨ ਪ੍ਰੇਮੀ ਵਰਿੰਦਰ ਨਿਮਾਣਾ, ਭਾਈ ਸੁਖਦੇਵ ਸਿੰਘ ਨਡਾਲੋਂ ਨੂੰ ਭਾਈ ਧਰਮ ਸਿੰਘ ਖ਼ਾਲਸਾ ਐਵਾਰਡ ਅਤੇ ਕਵੀ ਤਾਰਾ ਸਿੰਘ ਚੇੜਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਸਮਾਗਮ ਵਿੱਚ ਜਤਿੰਦਰ ਸਿੰਘ ਲਾਲੀ ਬਾਜਵਾ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ ਜਦੋਂ ਕਿ ਸਮਾਗਮ ਦੀ ਪ੍ਰਧਾਨਗੀ ਪ੍ਰੋ ਅਪਿੰਦਰ ਸਿੰਘ ਮਾਹਿਲਪੁਰੀ ਐਡਵੋਕੇਟ ਰਘਵੀਰ ਸਿੰਘ ਟੇਰਕਿਆਣਾ, ਸੰਤੋਖ ਸਿੰਘ ਵੀਰ, ਬੁੱਧ ਸਿੰਘ ਚਿੱਤਰਕਾਰ ਅਤੇ ਪ੍ਰੋ ਸਰਵਣ ਸਿੰਘ ਨੇ ਸਾਂਝੇ ਤੌਰ 'ਤੇ ਕੀਤੀ।ਕਵੀ ਦਰਬਾਰ ਵਿਚ ਅਮਰੀਕ ਸਿੰਘ ਦਿਆਲ, ਗੁਰਚਰਨ ਸਿੰਘ, ਜਗਜੀਤ ਸਿੰਘ ਗਣੇਸ਼ ਪੁਰ, ਪ੍ਰੀਤ ਨੀਤਪੁਰ, ਬੰਤ ਸਿੰਘ ਬੈਂਸ, ਪ੍ਰਿੰਸੀਪਲ ਰੁਪਿੰਦਰ ਜੋਤ ਸਿੰਘ, ਸਰਬਜੀਤ ਸਿੰਘ ਸਾਬੀ, ਪ੍ਰੋ ਅਜੀਤ ਲੰਗੇਰੀ, ਕਪਲ ਸ਼ਰਮਾ, ਪ੍ਰਿੰਸੀਪਲ ਸੁਰਜੀਤ ਸਿੰਘ ਕੈਂਥ, ਜਸਵਿੰਦਰ ਜੱਸੀ, ਐਡਵੋਕੇਟ ਸ਼ੇਰ ਸਿੰਘ ਗਿੱਲ, ਦਵਿੰਦਰ ਸਿੰਘ ਕਾਲੇਵਾਲ, ਅਮਰਜੀਤ ਸਿੰਘ,ਦੀਪ ਜ਼ੈਲਦਾਰ, ਗੁਰਮਿੰਦਰ ਕੈਂਡੋਵਾਲ, ਤਲਵਿੰਦਰ ਹੀਰ, ਅੰਮ੍ਰਿਤਪਾਲ ਸਿੰਘ ਲੰਗੇਰੀ, ਸੁਰਜੀਤ ਮੰਨਣਹਾਣਾ, ਵਿਜੇ ਬੰਬੇਲੀ, ਡਾਕਟਰ ਅਰਵਿੰਦ ਧੂਤ, ਕਰਮ ਸਿੰਘ, ਲਲਕਾਰ ਸਿੰਘ ਲਾਲੀ, ਦਵਿੰਦਰ ਸਿੰਘ ਬਾਹੋਵਾਲ, ਜਗਤਾਰ ਬਾਹੋਵਾਲ, ਹਰਵੇਲ ਸਿੰਘ ਸੈਣੀ, ਰੇਸ਼ਮ ਚਿੱਤਰਕਾਰ, ਸ਼ਾਮ ਸੁੰਦਰ, ਪਰਮਜੀਤ ਕਾਤਿਬ, ਰਣਜੀਤ ਪੋਸੀ ਕਰਨੈਲ ਸਿੰਘ ਜਾਂਗਣੀਵਾਲ, ਰਘਬੀਰ ਸਿੰਘ ਕਲੋਆ, ਸਾਰੰਗ ਆਦਿ ਕਵੀਆਂ ਨੇ ਆਪਣੀਆਂ ਕਵਿਤਾਵਾਂ ਸੁਣਾ ਕੇ ਹਾਜ਼ਰੀ ਲਗਵਾਈ। ਸਰਦਾਰ ਰਜਿੰਦਰ ਸਿੰਘ ਫਲੋਰਾ ਅਤੇ ਗੁਰਪ੍ਰੀਤ ਸਿੰਘ ਡੋਡ ਵੱਲੋਂ ਇਸ ਸਮਾਗਮ ਲਈ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਪਾਲ ਸਿੰਘ ਪ੍ਰਦੇਸੀ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।



13-AUG-PAGE-10.qxd 8/12/2025 10:24 PM Page 1



# ਸਮਾਰਟ ਮੀਟਰ ਸਮਝੌਤਾ ਤੁਰੰਤ ਰੱਦ ਕੀਤਾ ਜਾਵੇ : ਡਾ. ਕੇ ਨਾਰਾਇਣ

## ਖੱਬੇ-ਪੱਖੀ ਪਾਰਟੀਆਂ ਵੱਲੋਂ ਤਿਰੁਪਤੀ 'ਚ ਰੋਸ ਪ੍ਰਦਰਸ਼ਨ



ਤਿਰੁਪਤੀ/ਲੁਧਿਆਣਾ (ਐੱਮ ਐੱਸ ਭਾਟੀਆ) ਸਮਾਰਟ ਮੀਟਰ ਸਮਝੌਤਾ ਕਿਸਾਨਾਂ ਤੇ ਗਰੀਬਾਂ ਦੀ ਦਿਨ-ਦਿਹਾੜੇ ਲੁੱਟ ਤੋਂ ਇਲਾਵਾ ਕੁਝ ਨਹੀਂ ਹੈ ਅਤੇ ਇਸ ਨੂੰ ਤੁਰੰਤ ਰੱਦ ਕੀਤਾ ਜਾਣਾ ਚਾਹੀਦਾ ਹੈ। ਇਹ ਐਲਾਨ ਸੀਪੀਆਈ ਦੇ ਰਾਸ਼ਟਰੀ ਸਕੱਤਰ ਡਾ. ਕੇ. ਨਾਰਾਇਣ ਨੇ ਕੀਤਾ।ਤਿਰੁਪਤੀ ਦੇ ਬੈਰਾਗੀਪੱਟੇਡਾ ਵਿਖੇ ਏ.ਪੀ.ਐੱਸ.ਪੀ.ਡੀ.ਸੀ.ਐੱਲ. ਦਫਤਰ ਵਿਖੇ ਖੱਬੇ-ਪੱਖੀ ਪਾਰਟੀਆਂ ਦੇ ਇੱਕ ਵੱਡੇ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਦੇ ਹੋਏ ਉਨ੍ਹਾਂ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਤੇ ਟੀਡੀਪੀ ਜਨਰਲ ਸਕੱਤਰ ਨਾਰਾ ਲੋਕੇਸ਼ 'ਤੇ 'ਮੀਟਰ ਤੋੜਨ' ਦੇ ਆਪਣੇ ਚੋਣਾਂ ਤੋਂ ਪਹਿਲੇ ਵਾਅਦੇ ਨੂੰ ਤੋੜਨ ਦਾ ਦੋਸ਼ ਲਗਾਇਆ।

ਉਨ੍ਹਾਂ ਦੋਸ਼ ਲਗਾਇਆ ਕਿ ਜਗਨ ਮੋਹਨ ਰੈਡੀ ਸਰਕਾਰ ਵੇਲੇ ਨਿਊਯਾਰਕ ਤੋਂ ਵੱਡੀ ਰਿਸ਼ਵਤ ਅਡਾਨੀ ਤੇ ਤਿੰਨ ਹੋਰ ਕਾਰਪੋਰੇਟ ਕੰਪਨੀਆਂ ਨਾਲ 2 ਲੱਖ ਕਰੋੜ ਰੁਪਏ ਦੇ 20 ਸਾਲਾਂ ਦੇ ਇਕਰਾਰਨਾਮੇ 'ਤੇ ਦਸਤਖਤ ਕਰਨ ਲਈ ਭੇਜੀ ਗਈ।ਉਨ੍ਹਾਂ ਕਿਹਾ ਕਿ ਕਾਰਪੋਰੇਟ ਸ਼ੋਸ਼ਣ ਦੇ ਹੈਰਾਨ ਕਰਨ ਵਾਲੇ ਵੇਰਵੇ ਸਾਹਮਣੇ ਆਏ ਹਨ, ਜਿਵੇਂ ਕਿਸਾਨਾਂ ਤੇ ਘਰੇਲੂ ਖਪਤਕਾਰਾਂ ਨੂੰ ਸਿਰਫ਼ ਕਾਰਪੋਰੇਟਰਾਂ ਵੱਲੋਂ ਪ੍ਰਵਾਨਤ ਕੰਪਨੀਆਂ ਤੋਂ ਹੀ ਬਿਜਲੀ ਉਪਕਰਨ ਖ਼ਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਇੱਕ 63 ਕੇਵੀ ਬਿਜਲੀ ਲਾਈਨ ਅਸਲ ਵਿੱਚ 1,07,392 ਰੁਪਏ ਦੀ ਕੀਮਤ ਵਾਲੀ ਹੈ, ਪਰ ਇਸ ਨੂੰ 2,74,000 ਰੁਪਏ ਵਿੱਚ ਵੇਚਿਆ ਜਾ ਰਿਹਾ ਹੈ, ਇਸ ਤਰ੍ਹਾਂ ਪ੍ਰਤੀ ਲਾਈਨ 1.67 ਰੁਪਏ ਲੱਖ ਦੀ ਲੁੱਟ ਕੀਤੀ ਜਾ ਰਹੀ ਹੈ।ਸਮੱਗਰੀ ਅਸਲ ਕੀਮਤ ਤੋਂ ਦੁੱਗਣੀ ਜਾਂ ਤਿੰਨ ਗੁਣਾ ਕੀਮਤ ਵਿੱਚ ਵੇਚੀ ਜਾਂਦੀ ਹੈ, ਜਿਸ ਨਾਲ ਲੋਕਾਂ ਦੀ ਸਿੱਧੀ ਲੁੱਟ ਹੁੰਦੀ ਹੈ।ਨਾਰਾਇਣ ਨੇ ਕੇਂਦਰ ਤੇ ਰਾਜ ਸਰਕਾਰਾਂ ਦੋਵਾਂ 'ਤੇ ਗਰੀਬਾਂ, ਕਿਸਾਨਾਂ ਤੇ ਮੱਧ ਵਰਗ ਦੀ ਕੀਮਤ 'ਤੇ ਕਾਰਪੋਰੇਟ ਹਿੱਤਾਂ ਦੀ ਰੱਖਿਆ ਕਰਨ ਦਾ ਦੋਸ਼ ਲਗਾਇਆ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜਨਤਕ ਗੁੱਸੇ ਨੂੰ ਨਜ਼ਰਅੰਦਾਜ਼ ਕਰਨ ਨਾਲ ਵੱਡੇ ਪੱਧਰ 'ਤੇ ਬਗਾਵਤ ਹੋ ਸਕਦੀ ਹੈ, ਜਿਵੇਂ ਕਿ ਪਹਿਲਾਂ ਹੀ ਤ੍ਰਿਪੁਰਾ, ਅਸਾਮ, ਪੰਜਾਬ ਤੇ ਓਡੀਸ਼ਾ ਵਿੱਚ ਦੇਖਿਆ ਗਿਆ ਹੈ।

ਇਸ ਵਿਰੋਧ ਪ੍ਰਦਰਸ਼ਨ ਵਿੱਚ ਸੀਪੀਐੱਮ ਦੇ ਜ਼ਿਲ੍ਹਾ ਸਕੱਤਰ ਵੀ. ਨਾਗਰਾਜੂ ਤੇ ਸੀਪੀਆਈ (ਐੱਮ ਐੱਲ) ਨਿਊ ਡੈਮੋਕਰੇਸੀ ਦੇ ਨੇਤਾ ਵੈਂਕਟਰਤਨਮ ਤੋਂ ਇਲਾਵਾ ਹੋਰਨਾਂ ਆਗੂਆਂ ਤੇ ਕਾਰਕੁੰਨਾਂ ਨੇ ਭਾਰੀ ਸ਼ਮੂਲੀਅਤ ਕੀਤੀ।ਇਸ ਮੌਕੇ ਡਾ. ਨਾਰਾਇਣ ਨੇ ਚੇਤਾਵਨੀ ਦਿੱਤੀ ਕਿ ਜੇਕਰ ਨਾਇਡੂ ਸਰਕਾਰ ਇਸ ਸੌਦੇ ਨੂੰ ਰੱਦ ਕਰਨ ਵਿੱਚ ਅਸਫਲ ਰਹਿੰਦੀ ਹੈ, ਤਾਂ ਇਸ ਨੂੰ ਲੋਕਾਂ ਦੇ ਵਿਦਰੋਹ ਦਾ ਸਾਹਮਣਾ ਕਰਨਾ ਪਵੇਗਾ।

## ਲਿਖਾਰੀ ਸਭਾ ਵੱਲੋਂ ਜੋਧ ਸਿੰਘ ਦੀ ਪੁਸਤਕ 'ਬਾਤਾਂ' ਲੋਕ ਅਰਪਣ



ਮੋਗਾ (ਇਕਬਾਲ ਸਿੰਘ ਖਹਿਰਾ)-ਨੇਚਰ ਪਾਰਕ ਮੋਗਾ ਵਿਖੇ ਲਿਖਾਰੀ ਸਭਾ ਦੀ ਮੀਟਿੰਗ ਜਰਨਲ ਸਕੱਤਰ ਪਰਮਜੀਤ ਸਿੰਘ ਚੂਹੜਚੱਕ ਦੀ ਪ੍ਰਧਾਨਗੀ ਹੇਠ ਹੋਈ।ਮੰਚ ਸੰਚਾਲਨ ਦੀ ਭੂਮਿਕਾ ਮੀਤ ਗੁਰਮੀਤ ਨੇ ਨਿਭਾਈ।ਇਸ ਮੌਕੇ ਮੋਗਾ ਦੇ ਸਾਹਿਤਕਾਰਾਂ ਨੇ ਬਾਬਾ ਬੋਹੜ ਸ੍ਰ. ਜੋਧ ਸਿੰਘ ਦੀ ਨਵੀਂ ਪੁਸਤਕ 'ਬਾਤਾਂ' ਲੋਕ ਅਰਪਣ ਕੀਤੀ ਤੇ ਵਧਾਈ ਦਿੱਤੀ।ਇਸ ਮੌਕੇ 'ਸਾਵਣ ਕਵੀ ਦਰਬਾਰ' ਪੇਸ਼ ਕੀਤਾ ਗਿਆ, ਜਿਸ ਵਿੱਚ ਬਲਵਿੰਦਰ ਸਿੰਘ ਕੈਂਥ ਨੇ ਗੀਤ ਸਾਉਣ ਦੇ ਮਹੀਨੇ, ਪ੍ਰੇਮ ਕੁਮਾਰ ਨੇ ਗੀਤ ਮਾਹੀਆ, ਬਲਬੀਰ ਸਿੰਘ ਪਰਦੇਸੀ ਨੇ ਕਵਿਤਾ ਸਾਉਣ ਦੇ ਬੱਦਲ, ਚਮਕੌਰ ਸਿੰਘ ਨੇ ਗੀਤ [illegible], ਜੋਧ ਸਿੰਘ ਮੋਗਾ ਨੇ ਕਵਿਤਾ ਚਾਰ ਧਰਮ, ਨਾਵਲਕਾਰ ਨਛੱਤਰ ਸਿੰਘ ਪ੍ਰੇਮੀ ਨੇ ਨਵੇਂ ਨਾਵਲ ਤੁਸੀਂ ਕਦੋਂ ਲਲਕਾਰ ਬਣੋਗੇ ਦਾ ਕਾਂਡ 15, ਬਲਦੇਵ ਸਿੰਘ [illegible] ਨੇ ਸਾਵਣ ਤੇ ਕਵਿਤਾ, ਪਰਮਜੀਤ ਸਿੰਘ ਚੂਹੜਚੱਕ ਨੇ ਸਾਵਣ ਤੇ ਕਵਿਤਾ, ਮੀਤ ਗੁਰਮੀਤ ਗੀਤ ਨੇ ਉਧਮ ਸਿੰਘ, ਸੁਰਜੀਤ ਸਿੰਘ ਕਾਲੇਕੇ ਨੇ ਸਾਵਣ ਤੇ ਕਵਿਤਾ, ਵਿਵੇਕ ਕੋਟ ਈਸੇ ਖਾਂ ਨੇ ਧਰਤ ਮਹਿਕਾਈਏ ਪੇਸ਼ ਕੀਤਾ।ਇਸ ਮੌਕੇ ਸ੍ਰੀਮਤੀ ਭੁਪਿੰਦਰ ਕੌਰ ਕਵਿਤਰੀ ਦੀ ਮੌਤ 'ਤੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ।ਲਿਖਾਰੀ ਸਭਾ ਮੋਗਾ ਲਈ ਇਹ ਮਾਣ ਵਾਲੀ ਗੱਲ ਹੈ ਕਿ ਪਿਛਲੇ ਦਿਨੀਂ ਰੇਡੀਓ ਆਪਣਾ/ਟੀ ਵੀ ਆਪਣਾ ਵਿੰਨੀ ਪੈੱਗ ਕੈਨੇਡਾ ਵੱਲੋਂ ਕਰਵਾਏ ਆਨਲਾਈਨ ਕਵੀ ਦਰਬਾਰ ਵਿੱਚ ਸਭਾ ਦੇ ਮੈਂਬਰਾਂ ਪਰਮਜੀਤ ਸਿੰਘ ਚੂਹੜਚੱਕ, ਪ੍ਰੋਫੈਸਰ ਸੁਰਜੀਤ ਸਿੰਘ ਕਾਉਂਕੇ, ਮਾਸਟਰ ਪ੍ਰੇਮ ਕੁਮਾਰ, ਅਰਸ਼ਦੀਪ ਤੇ ਮੱਖਣ ਸਿੰਘ ਬੁੱਟਰ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸਾਉਣ ਮਹੀਨੇ ਦਾ ਅਨੰਦ ਮਾਣਿਆ।ਮੈਡਮ ਮਨਧੀਰ ਕੌਰ ਮੰਨੂ ਨੇ ਬੜੀ ਸ਼ਿੱਦਤ ਨਾਲ ਸੰਚਾਲਨਾ ਕਰਦਿਆਂ ਚੰਗਾ ਰੰਗ ਬੰਨ੍ਹਿਆ। ਇਸ ਪ੍ਰੋਗਰਾਮ ਦਾ ਆਯੋਜਨ ਕਰਨ ਲਈ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਵਧਾਈ ਦੇ ਪਾਤਰ ਹਨ।ਇਸ ਪ੍ਰੋਗਰਾਮ ਨੇ ਲਿਖਾਰੀ ਸਭਾ ਮੋਗਾ ਨੂੰ ਦੇਸ ਪਰਦੇਸ ਵਿੱਚ ਆਪਣੀ ਪਹਿਚਾਣ ਬਣਾਉਣ ਦਾ ਮਾਣ ਹਾਸਲ ਕੀਤਾ ਹੈ।

## ਭਾਕਿਯੂ ਮਹਿਲਾ ਇਕਾਈ ਸ਼ੇਰੋਂ ਦੀ ਸੁਖਪਾਲ ਕੌਰ ਪ੍ਰਧਾਨ ਬਣੀ



ਲੌਂਗੋਵਾਲ (ਪ੍ਰਦੀਪ ਸੱਪਲ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਸੰਗਰੂਰ ਵੱਲੋਂ ਬਲਾਕ ਜਰਨਲ ਸਕੱਤਰ ਜਗਤਾਰ ਸਿੰਘ ਲੱਡੀ ਤੇ ਬਲਾਕ ਖਜ਼ਾਨਚੀ ਕਰਮਜੀਤ ਸਿੰਘ ਮੰਗਵਾਲ, ਬਲਾਕ ਆਗੂ ਚਮਕੌਰ ਸਿੰਘ ਲੱਡੀ ਦੀ ਅਗਵਾਈ ਹੇਠ ਬਲਾਕ ਦੇ ਪਿੰਡ ਸ਼ੇਰੋਂ ਦੇ ਗੁਰਦੁਆਰਾ ਸਾਹਿਬ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਇਕਾਈ ਪ੍ਰਧਾਨ ਜਸਪਾਲ ਸਿੰਘ ਤੇ ਆਗੂ ਮੱਖਣ ਸਿੰਘ ਸਮੇਤ ਪਿੰਡ ਦੇ ਅਹੁਦੇਦਾਰ ਸ਼ਾਮਲ ਹੋਏ।ਇਸ ਦੌਰਾਨ ਪਿੰਡ ਦਾ ਵੱਡਾ ਇਕੱਠ ਕਰਕੇ ਸਰਬਸੰਮਤੀ ਨਾਲ ਔਰਤਾਂ ਦੀ ਨਵੀਂ ਕਮੇਟੀ ਚੁਣੀ ਗਈ, ਜਿਸ ਵਿੱਚ ਔਰਤ ਇਕਾਈ-1 ਦੀ ਪ੍ਰਧਾਨ ਸੁਖਪਾਲ ਕੌਰ ਪਤਨੀ ਗੁਰਮੀਤ ਸਿੰਘ ਭੁੱਲਰਾਂ ਪੱਤੀ, ਮੀਤ ਪ੍ਰਧਾਨ ਰਣਜੀਤ ਕੌਰ ਪਤਨੀ ਕਰਨੈਲ ਸਿੰਘ ਅੱਛਰਾ ਪੱਤੀ, ਖਜ਼ਾਨਚੀ ਬਲਜੀਤ ਕੌਰ ਪਤਨੀ ਜੈਲਾ ਸਿੰਘ ਚੋਟੀਆਂ ਪੱਤੀ, ਸੀਨੀਅਰ ਮੀਤ ਪ੍ਰਧਾਨ ਸੁਰਜੀਤ ਕੌਰ ਪਤਨੀ ਦਰਸ਼ਨ ਸਿੰਘ ਢਿੱਲੋਂ ਪੱਤੀ, ਜਰਨਲ ਸਕੱਤਰ ਸੁਰਜੀਤ ਕੌਰ ਪਤਨੀ ਭੋਲਾ ਸਿੰਘ ਵਿੱਘਾ ਪੱਤੀ, ਪ੍ਰੈੱਸ ਸਕੱਤਰ ਅਮਰਜੀਤ ਕੌਰ ਪਤਨੀ ਸਰਵੇਗ ਸਿੰਘ ਗੇਟ ਪੱਤੀ, ਸੰਗਠਨ ਸਕੱਤਰ ਅਮਰਜੀਤ ਕੌਰ ਪਤਨੀ ਸੀਰਾ ਸਿੰਘ ਹੰਢੂ ਪੱਤੀ, ਪ੍ਰਚਾਰ ਸਕੱਤਰ ਮਨਜੀਤ ਕੌਰ ਪਤਨੀ ਹਰਮੇਲ ਸਿੰਘ ਜੱਸੂ ਪੱਤੀ ਸਮੇਤ 40 ਮੈਂਬਰੀ ਔਰਤਾਂ ਦੀ ਕਮੇਟੀ ਚੁਣੀ ਗਈ।

## 6 ਪਿੰਡਾਂ ਦੇ ਵਾਸੀਆਂ ਵੱਲੋਂ ਰਾਜਪੁਰਾ ਹਲਕੇ ਨਾਲ ਜੋੜਨ ਦੀ ਮੰਗ

ਰਾਜਪੁਰਾ (ਰਮੇਸ਼ ਕਟਾਰੀਆ)-ਰਾਜਪੁਰਾ ਨੇੜਲੇ ਪਿੰਡਾਂ ਸੈਦ ਖੇੜੀ, ਖਾਨਪੁਰ ਬੜਿੰਗ, ਭੋਗਲਾਂ, ਗੰਡਾ ਖੇੜੀ, ਜਖੜਾਂ, ਗਾਜੀਪੁਰ ਸੂਰੋਂ ਦੇ ਵਾਸੀਆਂ ਨੇ ਪੰਜਾਬ ਸਰਕਾਰ ਤੋਂ ਬਹੁਤ ਸੰਜੀਦਗੀ ਨਾਲ ਵਿਚਾਰ ਕਰਕੇ ਮੰਗ ਕੀਤੀ ਹੈ ਕਿ ਇਨ੍ਹਾਂ ਪਿੰਡਾਂ ਦੇ ਵਾਸੀ ਪਹਿਲਾਂ ਕਾਫੀ ਲੰਬੇ ਸਮੇਂ ਤੋਂ ਰਾਜਪੁਰਾ ਹਲਕੇ ਨਾਲ ਜੁੜੇ ਹੋਏ ਸਨ ਤੇ ਸਾਰਾ ਕੰਮਕਾਰ ਖੇਤੀਬਾੜੀ, ਅਦਾਲਤਾਂ ਦਾ ਕੰਮ, ਥਾਣਾ ਤੇ ਹੋਰ ਜੋ ਵੀ ਕੰਮ ਹੁੰਦੇ ਸਨ, ਉਹ ਰਾਜਪੁਰਾ ਤੋਂ ਹੀ ਕਰਵਾਉਂਦੇ ਹਨ, ਜਿਸ ਦੇ ਨਾਲ ਲੋਕ ਬੜੇ ਖੁਸ਼ ਸਨ ਅਤੇ ਉਨ੍ਹਾਂ ਨੂੰ ਸਮੇਂ ਦੀ ਵੀ ਬਹੁਤ ਬੱਚਤ ਹੁੰਦੀ ਸੀ, ਪ੍ਰੰਤੂ ਜਦੋਂ ਦੀ ਹਲਕਾ ਬੰਦੀ ਨੇ ਇਨ੍ਹਾਂ ਪਿੰਡਾਂ ਨੂੰ ਹਲਕਾ ਘਨੌਰ ਦੇ ਨਾਲ ਜੋੜਿਆ ਹੈ, ਉਦੋਂ ਤੋਂ ਹੀ ਪਿੰਡਾਂ ਦੀ ਤਰੱਕੀ ਰੁਕ ਕੇ ਰਹਿ ਗਈ ਹੈ। ਇਥੋਂ ਦੇ ਵਾਸੀਆਂ ਨੇ ਇਹ ਵੀ ਮੰਗ ਕੀਤੀ ਕਿ ਇਹ ਪਿੰਡ ਰਾਜਪੁਰਾ ਟਾਊਨ ਤੋਂ ਕੇਵਲ ਦੋ-ਤਿੰਨ ਕਿਲੋਮੀਟਰ ਦੀ ਦੂਰੀ 'ਤੇ ਹਨ। ਇਨ੍ਹਾਂ ਪਿੰਡਾਂ ਨੂੰ ਬਿਜਲੀ ਦੀ 24 ਘੰਟੇ ਸਪਲਾਈ ਵੀ ਸ਼ਹਿਰ ਤੋਂ ਮੁਹੱਈਆ ਕਰਾਈ ਜਾਵੇ ਤਾਂ ਕਿ ਮੁਸ਼ਕਲ ਦਾ ਸਮਾਂ ਆਉਣ 'ਤੇ ਬਿਜਲੀ ਦੀਆਂ ਤਾਰਾਂ ਤੇ ਹੋਰ ਜੋ ਨੁਕਸ ਪੈਂਦੇ ਹਨ, ਉਹ ਛੇਤੀ ਠੀਕ ਹੋ ਸਕਣ ਅਤੇ ਲੋਕਾਂ ਨੂੰ ਬਿਜਲੀ ਸਪਲਾਈ ਨਿਰਵਿਘਨ ਜਾਰੀ ਹੋ ਸਕੇ। ਲੋਕਾਂ ਨੇ ਪੰਜਾਬ ਸਰਕਾਰ ਤੇ ਡਿਪਟੀ ਕਮਿਸ਼ਨਰ ਪਟਿਆਲਾ ਤੋਂ ਮੰਗ ਕੀਤੀ ਹੈ ਕਿ ਆਉਣ ਵਾਲੇ ਇਲੈਕਸ਼ਨਾਂ ਤੋਂ ਪਹਿਲਾਂ ਇਨ੍ਹਾਂ ਪਿੰਡਾਂ ਨੂੰ ਰਾਜਪੁਰਾ ਹਲਕੇ ਨਾਲ ਜੋੜਿਆ ਜਾਵੇ।

# ਅਮਿੱਟ ਛਾਪ ਛੱਡਦਾ ਸੰਪੰਨ ਹੋਇਆ ਸੱਤ ਰੋਜ਼ਾ ਤੀਆਂ ਤੇ ਸੱਭਿਆਚਾਰਕ ਮੇਲਾ



ਮੋਗਾ (ਇਕਬਾਲ ਸਿੰਘ ਖਹਿਰਾ)-ਦਸਮੇਸ਼ ਵੈੱਲਫੇਅਰ ਕਲੱਬ ਮੋਗਾ ਵੱਲੋਂ ਦਸਮੇਸ਼ ਪਾਰਕ ਵਿੱਚ ਹਫ਼ਤਾ ਭਰ ਚਲਿਆ ਤੀਆਂ ਦਾ ਮੇਲਾ ਸਮਾਪਤ ਸਮਾਗਮ ਹੋ ਗਿਆ, ਜਿਸ ਵਿੱਚ ਮੋਗਾ ਸ਼ਹਿਰ ਦੀਆਂ ਵਸਨੀਕ ਬੀਬੀਆਂ ਤੇ ਬੱਚੀਆਂ ਨੇ ਵੱਡੀ ਤਾਦਾਦ 'ਚ ਸ਼ਿਰਕਤ ਕੀਤੀ ਤੇ ਡੀ. ਜੇ. ਦੇ ਸੰਗੀਤ 'ਤੇ ਗਿੱਧਾ, ਭੰਗੜਾ ਤੇ ਬੋਲੀਆਂ ਪਾ ਕੇ ਧਮਾਲ ਪਾਈ।ਮੇਲੇ 'ਚ ਰਵਾਇਤੀ ਘਰੇਲੂ ਵਸਤਾਂ ਜਿਵੇਂ ਚਰਖਾ, ਮਧਾਣੀ, ਚਾਟੀਆਂ, ਹੱਥ ਪੱਖੀਆਂ, ਚੱਕੀ, ਬਾਗ ਤੇ ਫੁਲਕਾਰੀ ਆਦਿ ਦੀ ਨੁਮਾਇਸ਼ ਵੀ ਲਗਾਈ।

ਕਲੱਬ ਦੇ ਮੈਂਬਰ ਬੇਅੰਤ ਸਿੰਘ ਸਮਰਾ ਐਡਵੋਕੇਟ ਵੱਲੋਂ ਜਲੇਬੀਆਂ ਦਾ ਲੰਗਰ ਲਗਾਇਆ ਗਿਆ।ਕਲੱਬ ਦੇ ਹੀ ਮੈਂਬਰ ਅਮਰ ਸਿੰਘ ਵੱਡਾਘਰ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਤੇ ਬੱਚੀਆਂ ਲਈ ਮੁਫ਼ਤ ਚੂੜੀਆਂ ਦੀ ਸੇਵਾ ਕੀਤੀ ਗਈ।ਦਸਮੇਸ਼ ਵੈੱਲਫੇਅਰ ਕਲੱਬ ਮੋਗਾ ਵੱਲੋਂ ਧੀਆਂ-ਭੈਣਾਂ ਨੂੰ ਇੱਕ ਵਿਹੜੇ ਵਿੱਚ ਇਕੱਠਿਆਂ ਕਰਕੇ ਤੀਆਂ ਦੇ ਤਿਉਹਾਰ ਵਿੱਚ ਖੁਸ਼ੀ ਦਾ ਅਨੰਦ ਮਾਨਣ ਤੇ ਬੱਚਿਆਂ ਵਿੱਚ ਬਹੁਗੁਣ ਵਿਕਸਤ ਕਰਨ ਦਾ ਚੰਗਾ ਉਪਰਾਲਾ ਕੀਤਾ ਗਿਆ, ਜਿਸ ਰਾਹੀਂ ਬੱਚੀਆਂ ਨੇ ਪੰਜਾਬੀ ਸੱਭਿਆਚਾਰ ਦੀਆਂ ਝਲਕਾਂ ਦੇ ਨਾਲ ਨਾਲ ਗਿੱਧਾ, ਬੋਲੀਆਂ ਰਾਹੀਂ ਅਨੰਦ ਮਾਣਿਆ ਤੇ ਬਲੋ ਵੀ ਪਾਈ ਗਈ।ਤੀਆਂ ਦੇ ਤਿਉਹਾਰ ਨੂੰ ਰਵਾਇਤੀ ਤੌਰ 'ਤੇ ਮਨਾਉਣ ਲਈ ਦਰਸ਼ਨ ਕੌਰ ਬਰਾੜ, ਮਨਜੀਤ ਕੌਰ, ਚਰਨਜੀਤ ਕੌਰ, ਰਿੰਪੀ, ਤਰਨਜੀਤ ਕੌਰ, ਚਰਨਜੀਤ ਕੌਰ ਗਿੱਲ ਤੇ ਹੋਰ ਬਹੁਤ ਸਾਰੀਆਂ ਬੀਬੀਆਂ ਦਾ ਸਹਿਯੋਗ ਰਿਹਾ।ਦਸਮੇਸ਼ ਵੈੱਲਫੇਅਰ ਕਲੱਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਬੀਬੀਆਂ ਵੱਲੋਂ ਸਨਮਾਨਤ ਵੀ ਕੀਤਾ ਗਿਆ।ਅੰਤ ਵਿੱਚ ਕਲੱਬ ਦੇ ਪ੍ਰਧਾਨ ਹਰਜਿੰਦਰ ਸਿੰਘ ਬੇਦੀ ਨੇ ਸਾਰੇ ਕਲੱਬ ਮੈਂਬਰਾਂ ਤੇ ਸਹਿਯੋਗ ਦੇਣ ਲਈ ਸਾਰੇ ਲੋਕਾਂ ਦਾ ਧੰਨਵਾਦ ਕੀਤਾ।

## ਨਵਨਿਯੁਕਤ ਚੇਅਰਮੈਨ ਢਿੱਲੋਂ ਤੇ ਮਹਿਤਾ ਨੂੰ ਕੀਤਾ ਸਨਮਾਨਤ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ.ਆਰ.ਟੀ.ਸੀ. ਪੰਜਾਬ ਨੇ ਬਲਤੇਜ ਸਿੰਘ ਪੰਨੂ ਪੰਜਾਬ [illegible] ਦੀ ਮੌਜੂਦਗੀ ਵਿੱਚ ਨਵਨਿਯੁਕਤ ਬਲਜਿੰਦਰ ਸਿੰਘ ਢਿੱਲੋਂ ਨੂੰ ਪੰਜਾਬ ਐਗਰੋ ਫੂਡ ਗ੍ਰੇਨ ਕਾਰਪੋਰੇਸ਼ਨ ਲਿਮਟਿਡ ਚੇਅਰਮੈਨ ਤੇ ਤੇਜਿੰਦਰ ਮਹਿਤਾ ਜ਼ਿਲ੍ਹਾ ਪਲਾਨਿੰਗ ਬੋਰਡ ਚੇਅਰਮੈਨ ਨੂੰ ਆਪਣੇ ਦਫਤਰ ਵਿਖੇ ਸਨਮਾਨਤ ਕੀਤਾ। [illegible] ਬਲਜਿੰਦਰ ਢਿੱਲੋਂ ਤੇ ਤੇਜਿੰਦਰ ਮਹਿਤਾ ਆਮ ਆਦਮੀ ਪਾਰਟੀ ਨਾਲ ਪਿਛਲੇ ਲੰਬੇ ਸਮੇਂ ਤੋਂ ਜੁੜੇ ਹੋਏ ਹਨ, ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਇਨ੍ਹਾਂ ਦੀ ਇਮਾਨਦਾਰੀ, ਮਿਹਨਤ ਤੇ ਪਾਰਟੀ ਪ੍ਰਤੀ ਵਫ਼ਾਦਾਰੀ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵਿੱਚ ਵੱਡੀ ਜ਼ਿੰਮੇਵਾਰੀ ਵਾਲੇ ਅਹੁਦੇ ਸੌਂਪੇ ਹਨ, ਜਿਸ ਨਾਲ ਪੰਜਾਬ ਸਰਕਾਰ ਦੇ ਕੰਮਾਂ ਵਿੱਚ ਹੋਰ ਤੇਜ਼ੀ ਆਵੇਗੀ ਤੇ ਲੋਕਾਂ ਨੂੰ ਚੰਗੀਆਂ ਸਹੂਲਤਾਂ ਮਿਲਣਗੀਆਂ। ਇਸ ਮੌਕੇ ਮੇਘ ਚੰਦ ਸ਼ੇਰ ਮਾਜਰਾ ਚੇਅਰਮੈਨ ਨਗਰ ਸੁਧਾਰ ਟਰਸਟ ਪਟਿਆਲਾ, ਹਰਪਾਲ ਜੁਨੇਜਾ ਮੀਡੀਆ ਈਸਟ ਮਾਲਵਾ ਜ਼ੋਨ ਇੰਚਾਰਜ, ਮਨਿੰਦਰਪਾਲ ਸਿੰਘ ਵਿਕੀ ਘਨੌਰ ਵਾਈਸ ਚੇਅਰਮੈਨ ਸਿਹਤ ਵਿਭਾਗ ਪੰਜਾਬ, ਸੰਜੀਵ ਗੁਪਤਾ ਮੈਂਬਰ ਪਲਾਨਿੰਗ ਬੋਰਡ ਪੰਜਾਬ, ਸੁਖਦੇਵ ਸਿੰਘ ਔਲਖ ਜ਼ਿਲ੍ਹਾ ਸਕੱਤਰ, ਅਮਿਤ ਡਾਬੀ, ਮੁਖਤਿਆਰ ਸਿੰਘ ਗਿੱਲ, ਜਸਵੰਤ ਰਾਏ ਐੱਮ ਸੀ ਵਿੰਗ, ਸੁਮਿਤ ਟਕੇਜਾ ਇੰਚਾਰਜ ਸੋਸ਼ਲ ਮੀਡੀਆ, ਲਖਵਿੰਦਰ ਸਿੰਘ ਢਿੱਲੋਂ, ਮਨਦੀਪ ਜੋਲਾ, ਨਿਰਮਲ ਸਿੰਘ, ਗੁਰਮੇਲ ਸਿੰਘ ਤੋਂ ਇਲਾਵਾ ਹੋਰ ਸਾਥੀ ਮੌਜੂਦ ਸਨ।

## ਭਾਜਪਾ ਦੀ ਵੋਟ ਚੋਰੀ ਦੀ ਰਾਜਨੀਤੀ ਖਿਲਾਫ ਲੋਕਾਂ ਨੂੰ ਜਾਗਰੂਕ ਕਰਾਂਗੇ : ਨਛੱਤਰ ਸਿੰਘ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਨੂੰ ਆਮ ਲੋਕਾਂ ਨੂੰ ਰਾਜਭਾਗ ਦਾ ਸੁਪਨਾ ਵਿਖਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿਕਾਸ ਦੀ ਥਾਂ ਆਪਣੇ ਘਰ ਭਰਨ ਤੋਂ ਇਲਾਵਾ ਕੁਝ ਨਹੀਂ ਕੀਤਾ।ਇਹ ਪ੍ਰਗਟਾਵਾ ਕਰਦਿਆਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਸੀਨੀਅਰ ਕਾਂਗਰਸੀ ਆਗੂ ਤੇ ਕਾਂਗਰਸੀ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਨਛੱਤਰ ਸਿੰਘ ਅਰਾਈ ਮਾਜਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। [illegible] ਕੁਲਾਰਾਂ ਬਲਾਕ ਪ੍ਰਧਾਨ ਘੱਗਾ, ਪ੍ਰਿਤਪਾਲ ਸਿੰਘ ਬਿੱਟੂ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਨਰਿੰਦਰ ਸਿੰਗਲਾ ਸਾਬਕਾ ਪ੍ਰਧਾਨ ਨਗਰ ਕੌਂਸਲ ਪਾਤੜਾਂ, ਜੈ ਪ੍ਰਤਾਪ ਸਿੰਘ ਡੈਜੀ ਕਾਹਲੋਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਪਾਤੜਾਂ, ਕੁਲਦੀਪ ਕੁਮਾਰ ਰਿੰਕੂ ਪ੍ਰਧਾਨ ਸੇਵਾ ਦਲ ਜ਼ਿਲ੍ਹਾ ਪਟਿਆਲਾ ਦਿਹਾਤੀ, ਧਰਮਿੰਦਰ ਸਿੰਘ ਨਨਹੇੜਾ ਬਲਾਕ ਪ੍ਰਧਾਨ ਕਿਸਾਨ ਸੈੱਲ, ਗੁਰਜੀਤ ਸਿੰਘ ਬੁਜਰਕ ਮੰਡਲ ਪ੍ਰਧਾਨ, ਬਲਦੇਵ ਸਿੰਘ ਬੋਹੜੀਵਾਲਾ, ਸਾਬਕਾ ਸਰਪੰਚ ਦਵਿੰਦਰਦੀਪ ਸਿੰਘ ਬੂਟਾ ਮੌਲਵੀਵਾਲਾ, ਸਾਬਕਾ ਸਰਪੰਚ ਮਾਲਕ ਸਿੰਘ ਦਤਾਲ ਆਦਿ ਹਾਜ਼ਰ ਸਨ।

## ਸਮਾਜ ਸੇਵੀ ਪਰਮਿੰਦਰ ਮੌੜ ਨਾਲ ਵਿਧਾਇਕ ਡਿੰਪੀ ਢਿੱਲੋਂ ਵੱਲੋਂ ਦੁੱਖ ਪ੍ਰਗਟ



ਬਾਘਾ ਪੁਰਾਣਾ (ਮਨੀ ਸਿੰਗਲਾ)-ਹਲਕਾ ਬਾਘਾ ਪੁਰਾਣਾ 'ਚ ਹੀ ਨਹੀਂ ਸਗੋਂ ਮਾਲਵਾ ਖਿੱਤੇ ਵਿੱਚ ਸਮਾਜ ਸੇਵੀ ਵਜੋਂ ਵੱਡੀ ਪਛਾਣ ਬਣਾਉਣ ਵਾਲੇ ਪਿੰਡ ਮੌੜ ਨੌਂ ਅਬਾਦ ਦੇ ਨਿਵਾਸੀ ਪਰਮਿੰਦਰ ਮੌੜ ਦੀ ਸਤਿਕਾਰਯੋਗ ਦਾਦੀ ਮਾਤਾ ਬਚਨ ਕੌਰ (104) ਪਤਨੀ ਸਵ: ਜੀਤਾ ਸਿੰਘ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ।ਇਸ ਦੁੱਖ ਦੀ ਘੜੀ ਵਿੱਚ ਪਰਮਿੰਦਰ ਸਿੰਘ ਮੌੜ ਦੇ ਨਾਲ ਜਿੱਥੇ ਸੂਬਾ ਪੱਧਰ ਦੇ ਵੱਖ ਵੱਖ ਰਾਜਨੀਤਕ, ਸਮਾਜਿਕ, ਧਾਰਮਿਕ ਆਗੂਆਂ ਵੱਲੋਂ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਗਿਆ, ਉਥੇ ਹੀ ਪਰਮਿੰਦਰ ਸਿੰਘ ਮੌੜ ਦੇ ਨਾਲ ਉਨ੍ਹਾਂ ਦੀ ਸਤਿਕਾਰਯੋਗ ਦਾਦੀ ਜੀ ਦੀ ਮੌਤ 'ਤੇ ਦੁੱਖ ਪ੍ਰਗਟ ਕਰਨ ਲਈ ਪੰਜਾਬ ਵਿਧਾਨ ਸਭਾ ਹਲਕਾ ਗਿੱਦੜਬਾਹਾ ਦੇ ਐੱਮ.ਐੱਲ.ਏ. ਹਰਦੀਪ ਸਿੰਘ ਡਿੰਪੀ ਢਿੱਲੋਂ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜੇ ਤੇ ਉਨ੍ਹਾਂ ਨੇ ਮਾਤਾ ਜੀ ਦੀ ਮੌਤ 'ਤੇ ਪਰਮਿੰਦਰ ਮੌੜ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਉਨ੍ਹਾਂ ਆਖਿਆ ਕਿ ਮਾਤਾ ਬਚਨ ਕੌਰ ਜੀ ਨੇ ਆਪਣੇ ਬੱਚਿਆਂ ਨੂੰ ਉੱਚ ਕੋਟੀ ਦੀ ਤਾਲੀਮ ਦਿੱਤੀ, ਜਿਸ ਕਰਕੇ ਸਮੁੱਚਾ ਪਰਵਾਰ ਸੈਟਲਡ ਹੈ।ਉਨ੍ਹਾਂ ਆਖਿਆ ਕਿ ਮਾਤਾ ਦੇ ਆਸ਼ੀਰਵਾਦ ਸਦਕਾ ਸਮੁੱਚਾ ਪਰਵਾਰ ਸਮਾਜਿਕ, ਧਾਰਮਿਕ ਖੇਤਰ ਵਿਖੇ ਵਿਲੱਖਣ ਯੋਗਦਾਨ ਪਾ ਰਿਹਾ ਹੈ।ਸ੍ਰੀ ਢਿੱਲੋਂ ਨੇ ਆਖਿਆ ਕਿ ਪਰਮਿੰਦਰ ਸਿੰਘ ਮੌੜ ਆਪਣੀ ਦਾਦੀ ਬਚਨ ਕੌਰ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਸਮਾਜ ਵਿਚ ਵੱਡੇ ਪੱਧਰ 'ਤੇ ਸਮਾਜ ਸੇਵਾ ਦੇ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਮੇਰਾ ਮੌੜ ਪਰਵਾਰ ਨਾਲ ਨਿੱਜੀ ਸਬੰਧ ਹੈ ਅਤੇ ਉਨ੍ਹਾਂ ਕਿਹਾ ਕਿ ਦਾਦੀ ਬਚਨ ਕੌਰ ਜੀ ਦੇ ਚਲੇ ਜਾਣ ਨਾਲ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਜੋ ਕਦੇ ਵੀ ਪੂਰਾ ਨਹੀਂ ਹੋ ਸਕਦਾ।ਇਸ ਮੌਕੇ ਪ੍ਰਧਾਨ ਪਵਨ ਗੋਇਲ, ਜਗਤਾਰ ਸਿੰਘ ਤੇ ਹਰਵੀਰ ਸਿੰਘ ਮੌੜ ਹਾਜ਼ਰ ਸਨ।

# ਨੈਸ਼ਨਲ ਹਾਈਵੇ ਅਥਾਰਟੀ ਨੇ ਘਰਾਂ ਤੇ ਦੁਕਾਨਾਂ ਦੇ ਮਾਲਕਾਂ ਨੂੰ ਯੋਗ ਮੁਆਵਜ਼ਾ ਨਾ ਦਿੱਤਾ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ : ਸਿਮਰਨਜੀਤ ਮਾਨ

### ਅਕਵਾਇਰ ਕੀਤੀ ਜਗ੍ਹਾ 'ਤੇ ਨਹੀਂ ਹੋਣ ਦਿੱਤਾ ਜਾਵੇਗਾ ਨਿਰਮਾਣ



ਮੋਗਾ (ਇਕਬਾਲ ਸਿੰਘ ਖਹਿਰਾ)-ਪਿਛਲੇ ਦਿਨੀਂ ਨੈਸ਼ਨਲ ਹਾਈਵੇ ਵੱਲੋਂ ਮੋਗਾ-ਫਿਰੋਜ਼ਪੁਰ ਮੁੱਖ ਮਾਰਗ ਪਿੰਡ ਦੁੱਨੇਕੇ ਵਿਖੇ ਬਣ ਰਹੇ ਨੈਸ਼ਨਲ ਹਾਈਵੇ ਲਈ ਕਮਰਸ਼ਲ ਜਗ੍ਹਾ ਅਕਵਾਇਰ ਕੀਤੀ ਗਈ ਸੀ, ਪਰ ਦੁਕਾਨਾਂ ਤੇ ਘਰਾਂ ਦੇ ਮਾਲਕਾਂ ਨੂੰ ਉਸ ਦਾ ਮੁਆਵਜ਼ਾ ਘੱਟ ਦਿੱਤਾ ਜਾ ਰਿਹਾ ਹੈ, ਜਿਸ 'ਤੇ ਉਨ੍ਹਾਂ ਵੱਲੋਂ ਅਨੇਕਾਂ ਵਾਰ ਨੈਸ਼ਨਲ ਹਾਈਵੇ ਅਥਾਰਟੀ ਤੇ ਮੋਗਾ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਲਿਖ ਕੇ ਭੇਜਿਆ ਹੈ, ਪਰ ਉਨ੍ਹਾਂ ਨੂੰ ਕਮਰਸ਼ੀਅਲ ਜਗ੍ਹਾ ਮੁੱਲ ਨਾ ਦੇ ਕੇ ਪਿੰਡ ਦੀ ਜ਼ਮੀਨ ਦਾ ਆਮ ਮੁੱਲ ਦਿੱਤਾ ਜਾ ਰਿਹਾ ਹੈ, ਜੋ ਸਰਾਸਰ ਧੱਕਾ ਹੈ।ਇਸ ਧੱਕੇਸ਼ਾਹੀ ਖਿਲਾਫ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਵੱਲੋਂ ਉਚੇਚੇ ਤੌਰ 'ਤੇ ਪੀੜਤ ਪਰਵਾਰਾਂ ਨਾਲ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਤੁਰੰਤ ਮੋਗਾ ਦੇ ਡਿਪਟੀ ਕਮਿਸ਼ਨਰ, ਐੱਸ.ਡੀ.ਐੱਮ. ਤੇ ਹੋਰ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਪੀੜਤ ਪਰਵਾਰਾਂ ਨੂੰ ਯੋਗ ਮੁਆਵਜ਼ਾ ਦੇਣ ਦੀ ਗੱਲ ਆਖੀ।ਇਸ ਮੌਕੇ ਗੁਰੂ ਨਾਨਕ ਫਰਨੀਚਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਜੋ ਪੰਜਾਬ ਵਿੱਚ ਨਵੀਆਂ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਉਸ ਤਹਿਤ ਪਿੰਡ ਦੁੱਨੇਕੇ ਦੇ ਕਈ ਪਿੰਡ ਵਾਸੀਆਂ ਦੇ ਘਰ ਤੇ ਦੁਕਾਨਾਂ ਇਸ ਸੜਕ ਵਿੱਚ ਆਈਆਂ ਹਨ, ਪਰ ਨੈਸ਼ਨਲ ਹਾਈਵੇ ਅਥਾਰਟੀ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਵਾਰਾਂ ਨੂੰ ਸਹੀ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ।ਇਸ ਮੌਕੇ ਸਿਮਰਨਜੀਤ ਸਿੰਘ ਮਾਨ ਕਿਹਾ ਕਿ ਸਰਕਾਰਾਂ ਸੋਚੀ ਸਮਝੀ ਸਾਜ਼ਿਸ਼ ਤਹਿਤ ਭਾਈ ਗੁਰਮੀਤ ਸਿੰਘ ਬੁੱਕਣਵਾਲਾ ਜੋ ਐੱਨ.ਐੱਸ.ਏ. ਅਧੀਨ ਆਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਦੋ ਸਾਲ ਸਜਾ ਕੱਟਣ ਤੋਂ ਬਾਅਦ ਪਟਿਆਲਾ ਜੇਲ੍ਹ ਵਿੱਚ ਨਜ਼ਰਬੰਦ ਹਨ। ਉਨ੍ਹਾਂ ਦੇ ਦੁੱਨੇਕੇ ਵਿਖੇ ਬਣੇ ਗੁਰੂ ਨਾਨਕ ਫਰਨੀਚਰ ਸ਼ੋਅਰੂਮ ਉੱਤੇ ਕਬਜਾ ਕੀਤਾ ਜਾ ਰਿਹਾ ਹੈ, ਜਿਸ ਸਬੰਧੀ ਸਿਮਰਨਜੀਤ ਸਿੰਘ ਮਾਨ ਵੱਲੋਂ ਫੋਨ ਰਾਹੀਂ ਡਿਪਟੀ ਕਮਿਸ਼ਨਰ ਮੋਗਾ ਤੇ ਐਸ.ਡੀ.ਐਮ ਮੋਗਾ ਨੂੰ ਅਪੀਲ ਕੀਤੀ ਗਈ ਕਿ ਜੇਕਰ ਇਨ੍ਹਾਂ ਪਰਵਾਰਾਂ ਨੂੰ ਯੋਗ ਮੁਆਵਜ਼ਾ ਨਾ ਦਿੱਤਾ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਤਿੱਖਾ ਵਿਰੋਧ ਕੀਤਾ ਜਾਵੇਗਾ ਅਤੇ ਅਕਵਾਇਰ ਕੀਤੀ ਗਈ ਜਗ੍ਹਾ 'ਤੇ ਨਿਰਮਾਣ ਨਹੀਂ ਹੋਣ ਦਿੱਤਾ ਜਾਵੇਗਾ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਖਾਲਸਾ ਯੂਥ ਆਗੂ ਬਲਰਾਜ ਸਿੰਘ ਬਾਦਲ ਜੈਮਲਵਾਲਾ, ਸੀਨੀਅਰ ਆਗੂ ਬਲਦੇਵ ਸਿੰਘ ਗਗੜਾ, ਗੁਰਪ੍ਰੀਤ ਸਿੰਘ ਥਰਾਜ, ਕ੍ਰਿਸ਼ਨ ਸਿੰਘ ਮੋਗਾ, ਲਖਵੀਰ ਸਿੰਘ ਮੋਗਾ, ਗੁਰਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੀੜਤ ਪਰਵਾਰਾਂ ਦੇ ਮੈਂਬਰ ਹਾਜ਼ਰ ਸਨ।

## ਗੁੱਜਰਾਂ ਦੇ ਸੜਕਾਂ 'ਤੇ ਫਿਰਦੇ ਡੰਗਰਾਂ ਨੂੰ ਪ੍ਰਸ਼ਾਸਨ ਨੱਥ ਪਾਵੇ : ਕਮਾਂਡੈਂਟ/ਬਾਲਿਓਂ



ਸਮਰਾਲਾ (ਸੁਰਜੀਤ ਸਿੰਘ)-ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਸਮਰਾਲਾ ਦੀ ਮਾਸਿਕ ਮੀਟਿੰਗ ਫਰੰਟ ਦੇ ਸਰਪ੍ਰਸਤ ਕਮਾਂਡੈਂਟ ਰਸਪਾਲ ਸਿੰਘ, ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਦੀ ਅਗਵਾਈ ਹੇਠ 'ਬਾਗੀ ਭਵਨ' ਵਿਖੇ ਹੋਈ।ਮੀਟਿੰਗ ਵਿੱਚ ਸਭ ਤੋਂ ਪਹਿਲਾਂ ਕਸ਼ਮੀਰ ਦੇ ਕੁਲਗਾਮ 'ਚ ਸ਼ਹੀਦ ਹੋਏ ਫੌਜੀ ਜਵਾਨਾਂ ਮਾਨੂੰਪੁਰ ਵਸਨੀਕ ਪ੍ਰਿਤਪਾਲ ਸਿੰਘ ਤੇ ਬਦੀਨਪੁਰ ਵਾਸੀ ਹਰਮਿੰਦਰ ਸਿੰਘ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਵਿੱਚ ਸ਼ਹਿਰ ਦੀਆਂ ਸੜਕਾਂ ਦੀ ਤਰਸਯੋਗ ਹਾਲਤ, ਪਾਣੀ ਦੇ ਨਿਕਾਸ ਦੀ ਸਮੱਸਿਆ ਤੋਂ ਇਲਾਵਾ ਸੜਕਾਂ ਦੇ ਨਾਲ ਨਾਲ ਫਿਰਦੇ ਗੁੱਜਰਾਂ ਦੇ ਡੰਗਰਾਂ ਦੇ ਝੁੰਡਾਂ ਦੀਆਂ ਮਸ਼ਕਲਾਂ ਸਬੰਧੀ ਵਿਚਾਰ ਰੱਖੇ।ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਨੇ ਹਲਕਾ ਵਿਧਾਇਕ ਦਿਆਲਪੁਰਾ ਨੂੰ ਅਪੀਲ ਕੀਤੀ ਕਿ ਉਹ ਸੜਕਾਂ ਦੀ ਮਾੜੀ ਹਾਲਤ ਖਾਸ ਤੌਰ 'ਤੇ ਖੰਨਾ ਰੋਡ ਜਿੱਥੇ ਇੰਟਰਲਾਕ ਇੱਟਾਂ ਲਗਾਈਆਂ ਹੋਈਆਂ ਹਨ, ਉੱਥੋਂ ਗਟਰਾਂ ਦੇ ਡੱਕਣ ਟੁੱਟਣ ਕਾਰਨ ਵੱਡਾ ਹਾਦਸਾ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਅਤੇ ਪਿੰਡ ਰਾਜੇਵਾਲ ਤੋਂ ਲੈ ਕੇ ਏ. ਐੱਸ. ਕਾਲਜ ਤੱਕ ਸੜਕ ਕਾਫੀ ਟੁੱਟ ਚੁੱਕੀ ਹੈ, ਦੀ ਜਲਦ ਮੁਰੰਮਤ ਕਰਾਉਣ, ਤਾਂ ਜੋ ਲੋਕੀ ਸੁੱਖ ਦਾ ਸਾਹ ਲੈ ਸਕਣ।ਉਨ੍ਹਾਂ ਸਮਰਾਲਾ ਪ੍ਰਸ਼ਾਸਨ ਨੂੰ ਵੀ ਅਪੀਲ ਕੀਤੀ ਕਿ ਅੱਜਕੱਲ੍ਹ ਬਰਸਾਤ ਦੇ ਮੌਸਮ ਦੌਰਾਨ ਵਣ ਵਿਭਾਗ ਤੇ ਸਮਾਜਸੇਵੀ ਜਥੇਬੰਦੀਆਂ ਸੜਕਾਂ ਦੇ ਕੰਢਿਆਂ 'ਤੇ ਬੂਟੇ ਲਗਾ ਰਹੀਆਂ ਹਨ, ਪ੍ਰੰਤੂ ਗੁੱਜਰਾਂ ਦੇ ਡੰਗਰਾਂ ਦੇ ਝੁੰਡ ਇਨ੍ਹਾਂ ਬੂਟਿਆਂ ਨੂੰ ਨਾਲੋਂ ਨਾਲ ਖਤਮ ਕਰੀ ਜਾ ਰਹੇ ਹਨ।ਇਸ ਸਮੱਸਿਆ ਕਾਰਨ ਪੰਜਾਬ ਵਿੱਚ ਰੁੱਖਾਂ ਦਾ ਨਾ ਹੋਣਾ ਵੱਡੀ ਸਮੱਸਿਆ ਹੈ।ਇਸ ਲਈ ਪ੍ਰਸ਼ਾਸਨ ਇਸ ਵੱਲ ਖਾਸ ਧਿਆਨ ਦੇਵੇ।ਇਸ ਸਬੰਧੀ ਫਰੰਟ ਦਾ ਇੱਕ ਵਫਦ ਸਮਰਾਲਾ ਪ੍ਰਸ਼ਾਸਨ ਤੇ ਹਲਕਾ ਵਿਧਾਇਕ ਨਾਲ ਮੁਲਾਕਾਤ ਕਰੇਗਾ। ਮੀਟਿੰਗ ਵਿੱਚ ਫਰੰਟ ਦੇ ਸਾਰੇ ਵਲੰਟੀਅਰ ਹਾਜ਼ਰ ਸਨ।ਅਖੀਰ ਵਿੱਚ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ ਨੇ ਮੀਟਿੰਗ ਵਿੱਚ ਸ਼ਾਮਲ ਮੈਂਬਰਾ ਦਾ ਧੰਨਵਾਦ ਕੀਤਾ।

## ਅਕਾਲ ਅਕੈਡਮੀ ਚੀਮਾ ਸਾਹਿਬ ਦੇ ਵਿਦਿਆਰਥੀਆਂ ਦਾ ਐਥਲੈਟਿਕ ਤੇ ਗੱਤਕਾ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



ਚੀਮਾ ਮੰਡੀ (ਰਵਿੰਦਰ ਚੀਮਾ)-ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਚੀਮਾ ਸਾਹਿਬ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਹੋਏ ਐਥਲੈਟਿਕ ਜ਼ੋਨ ਮੁਕਾਬਲੇ ਤੇ ਜ਼ਿਲ੍ਹਾ ਪੱਧਰੀ ਗਤਕਾ ਮੁਕਾਬਲੇ ਵਿੱਚ ਆਪਣੀ ਸ਼ਾਨਦਾਰ ਪ੍ਰਦਰਸ਼ਨ ਨਾਲ ਅਕਾਲ ਅਕੈਡਮੀ ਦਾ ਨਾਮ ਰੌਸ਼ਨ ਕੀਤਾ।ਐਥਲੈਟਿਕ ਜ਼ੋਨ ਮੁਕਾਬਲੇ ਵਿੱਚ ਪ੍ਰਭਜੋਤ ਸਿੰਘ ਨੇ ਸੁਨਹਿਰੀ ਤਮਗਾ ਜਿੱਤ ਕੇ ਸਭ ਦਾ ਮਾਣ ਵਧਾਇਆ।ਇਸ ਤੋਂ ਇਲਾਵਾ ਮਨਰਾਜ ਸਿੰਘ, ਲਵਪ੍ਰੀਤ ਕੌਰ, ਮਨਪ੍ਰੀਤ ਕੌਰ, ਹੁਸਨਪ੍ਰੀਤ ਕੌਰ, ਨਵਜੋਤ ਸਿੰਘ, ਬਬਨਜੋਤ ਕੌਰ, ਜਸ਼ਨਦੀਪ ਸਿੰਘ ਨੇ ਦੂਜਾ ਸਥਾਨ ਹਾਸਲ ਕਰਕੇ ਸ਼ਾਨਦਾਰ ਖੇਡ ਦਰਸਾਈ।ਅਰਮਾਨਪ੍ਰੀਤ ਸਿੰਘ, ਹਰਪ੍ਰੀਤ ਸਿੰਘ ਤੇ ਪਰਦੀਪ ਸਿੰਘ ਨੇ ਤੀਸਰਾ ਸਥਾਨ ਜਿੱਤ ਕੇ ਸਕੂਲ ਦੀ ਖੇਡ ਉਪਲਬਧੀਆਂ ਵਿੱਚ ਹੋਰ ਚਮਕ ਜੋੜੀ।ਇਸੇ ਤਰ੍ਹਾਂ ਹੀ ਮਸਤੂਆਣਾ ਸਾਹਿਬ ਵਿਖੇ ਹੋਏ ਜ਼ਿਲ੍ਹਾ ਪੱਧਰੀ ਗਤਕਾ ਮੁਕਾਬਲੇ ਵਿੱਚ ਸਕੂਲ ਦੀ ਗਤਕਾ ਟੀਮ ਨੇ ਸੋਨ ਤਮਗਾ ਹਾਸਲ ਕੀਤਾ।ਇਸ ਟੀਮ ਵਿੱਚ ਹਰਪ੍ਰੀਤ ਸਿੰਘ, ਅਰਸ਼ਦੀਪ ਸਿੰਘ ਤੇ ਅਰਮਾਨਪ੍ਰੀਤ ਸਿੰਘ ਨੇ ਸ਼ਾਨਦਾਰ ਖੇਡ ਦਿਖਾਈ ਅਤੇ ਰਾਜ ਪੱਧਰੀ ਗਤਕਾ ਮੁਕਾਬਲੇ ਲਈ ਚੁਣੇ ਗਏ।ਅਕਾਲ ਅਕੈਡਮੀ ਚੀਮਾ ਸਾਹਿਬ ਦੇ ਮਾਨਯੋਗ ਪ੍ਰਿੰਸੀਪਲ ਨੀਨਾ ਸ਼ਰਮਾ ਨੇ ਜੇਤੂ ਵਿਦਿਆਰਥੀਆਂ ਤੇ ਕੋਚਿੰਗ ਟੀਮ ਦੀ ਸਿਫ਼ਤ ਕਰਦੇ ਹੋਏ ਕਿਹਾ ਕਿ ਇਹ ਸਫਲਤਾਵਾਂ ਵਿਦਿਆਰਥੀਆਂ ਦੀ ਮਿਹਨਤ, ਲਗਨ ਤੇ ਅਧਿਆਪਕਾਂ ਦੀ ਸਖਤ ਕੋਚਿੰਗ ਦਾ ਨਤੀਜਾ ਹਨ।ਉਨ੍ਹਾਂ ਵਿਸ਼ਵਾਸ ਜਤਾਇਆ ਕਿ ਇਹ ਉਪਲਬਧੀਆਂ ਹੋਰ ਬੱਚਿਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣਨਗੀਆਂ।

# ਡੀ ਏ ਵੀ ਕਕਰਾਲਾ ਦਾ ਕਲੱਸਟਰ ਪੱਧਰੀ ਖੇਡਾਂ 'ਚ ਇਤਿਹਾਸਕ ਪ੍ਰਦਰਸ਼ਨ

## ਕੁੱਲ 211 ਤਮਗਿਆਂ ਤੇ 15 ਟ੍ਰਾਫੀਆਂ ਨਾਲ ਐਥਲੈਟਿਕ ਚੈਂਪੀਅਨਸ਼ਿਪ ਜਿੱਤੀ



ਸਮਾਣਾ (ਇਕਬਾਲ ਸਿੰਘ ਬੱਲ) ਡੀ.ਏ.ਵੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਕਰਾਲਾ ਦੇ ਖਿਡਾਰੀਆਂ ਨੇ ਪ੍ਰਿੰਸੀਪਲ ਸ਼੍ਰੀ ਵਰੁਣ ਸ਼ਰਮਾ ਦੇ ਕੁਸ਼ਲ ਮਾਰਗਦਰਸ਼ਨ ਤੇ ਸਕੂਲ ਦੇ ਖੇਡ ਵਿਭਾਗ ਦੀ ਮਿਹਨਤ ਨਾਲ 4 ਤੋਂ 7 ਅਗਸਤ 2025 ਤੱਕ ਹੋਏ ਕਲੱਸਟਰ ਪੱਧਰੀ ਡੀ.ਏ.ਵੀ. ਖੇਡ ਮੁਕਾਬਲਿਆਂ ਵਿੱਚ ਇਤਿਹਾਸ ਰਚ ਦਿੱਤਾ।ਇਨ੍ਹਾਂ ਮੁਕਾਬਲਿਆਂ ਵਿੱਚ ਪਟਿਆਲਾ ਕਲੱਸਟਰ ਦੇ ਵੱਖ-ਵੱਖ ਡੀ.ਏ.ਵੀ. ਸਕੂਲਾਂ ਨੇ ਹਿੱਸਾ ਲਿਆ, ਪਰ ਡੀ.ਏ.ਵੀ. ਕਕਰਾਲਾ ਦੇ ਨੌਜਵਾਨ ਖਿਡਾਰੀਆਂ ਨੇ ਆਪਣੀ ਕਾਬਲੀਅਤ ਤੇ ਜਜ਼ਬੇ ਨਾਲ ਸਭ ਦਾ ਦਿਲ ਜਿੱਤ ਲਿਆ।ਖਿਡਾਰੀਆਂ ਨੇ ਕੁੱਲ 211 ਤਮਗੇ ਜਿੱਤ ਕੇ ਸਕੂਲ ਦਾ ਨਾਮ ਸਨਹਿਰੀ ਅੱਖਰਾਂ ਵਿੱਚ ਦਰਜ ਕਰਾਇਆ, ਜਿਸ ਵਿੱਚ 80 ਸੋਨੇ ਦੇ ਤਮਗੇ, 82 ਚਾਂਦੀ ਦੇ ਤਮਗੇ ਤੇ 49 ਕਾਂਸੇ ਦੇ ਤਮਗੇ ਸ਼ਾਮਲ ਹਨ।ਸਕੂਲ ਨੇ 15 ਟ੍ਰਾਫੀਆਂ ਆਪਣੇ ਨਾਮ ਕੀਤੀਆਂ, ਜਿਨ੍ਹਾਂ ਵਿੱਚ 6 ਜੇਤੂ ਟ੍ਰਾਫੀਆਂ, 7 ਰਨਰ-ਅੱਪ ਟ੍ਰਾਫੀਆਂ ਤੇ 2 ਸਕਿੰਡ ਰਨਰ-ਅੱਪ ਟ੍ਰਾਫੀਆਂ ਸ਼ਾਮਲ ਹਨ।ਸਭ ਤੋਂ ਵੱਡੀ ਉਪਲਬਧੀ ਇਹ ਰਹੀ ਕਿ ਸਕੂਲ ਨੇ ਪਹਿਲੀ ਵਾਰ ਓਵਰਆਲ ਐਥਲੈਟਿਕ ਚੈਂਪੀਅਨਸ਼ਿਪ ਜਿੱਤ ਕੇ ਨਵਾਂ ਕੀਰਤੀਮਾਨ ਬਣਾਇਆ।ਖਾਸ ਮਾਣ ਦੀ ਗੱਲ ਹੈ ਕਿ ਸਕੂਲ ਦੇ 131 ਖਿਡਾਰੀ ਆਉਣ ਵਾਲੀਆਂ ਰਾਜ ਪੱਧਰੀ ਡੀ.ਏ.ਵੀ. ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣਗੇ, ਜੋ ਅਕਤੂਬਰ ਮਹੀਨੇ ਵਿੱਚ ਲੁਧਿਆਣਾ ਤੇ ਜਲੰਧਰ ਵਿੱਚ ਹੋਣਗੇ।ਇਸ ਇਤਿਹਾਸਕ ਸਫਲਤਾ 'ਤੇ ਸਕੂਲ ਵਿੱਚ ਇੱਕ ਖਾਸ ਸਭਾ ਕਰਕੇ ਸਾਰੇ ਜੇਤੂ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ।ਪ੍ਰਿੰਸੀਪਲ ਵਰੁਣ ਸ਼ਰਮਾ ਨੇ ਖਿਡਾਰੀਆਂ ਨੂੰ ਪ੍ਰੇਰਨਾਦਾਇਕ ਸ਼ਬਦਾਂ ਨਾਲ ਸੰਬੋਧਤ ਕਰਦਿਆਂ ਉਨ੍ਹਾਂ ਦੀ ਮਿਹਨਤ, ਖੇਡ ਵਿਭਾਗ ਦੇ ਅਧਿਆਪਕਾਂ, ਮਾਪਿਆਂ ਤੇ ਸਾਰੇ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।ਉਨ੍ਹਾਂ ਖਿਡਾਰੀਆਂ ਨੂੰ ਰਾਜ ਪੱਧਰੀ ਮੁਕਾਬਲਿਆਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ।

## ਪੰਜਾਬ ਕਿਸਾਨ ਯੂਨੀਅਨ ਵੱਲੋਂ ਕਨਵੈਨਸ਼ਨ ਭਲਕੇ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਕਿਸਾਨ ਯੂਨੀਅਨ ਮਾਨਸਾ ਦੀ ਜ਼ਿਲ੍ਹਾ ਜਨਰਲ ਬਾਡੀ ਦੀ ਮੀਟਿੰਗ ਰਾਮਫਲ ਚੱਕ ਅਲੀਸ਼ੇਰ ਦੀ ਪ੍ਰਧਾਨਗੀ ਹੇਠ ਫਫੜੇ ਭਾਈਕੇ ਵਿਖੇ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ 14 ਅਗਸਤ ਨੂੰ ਭੂਰਾ ਸਿੰਘ ਮਾਨ ਦੀ ਬਰਸੀ ਦੌਰਾਨ ਲੈਂਡ ਪੂਲਿੰਗ ਨੀਤੀ ਤੇ ਅਮਰੀਕਾ ਵੱਲੋਂ ਟੈਰਿਫ ਵਧਾਉਣ ਦੇ ਮਸਲੇ ਨੂੰ ਲੈ ਕੇ 'ਕਨਵੈਨਸ਼ਨ' ਕੀਤੀ ਜਾਵੇਗੀ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਰੁਲਦੂ ਸਿੰਘ ਮਾਨਸਾ, ਗੋਰਾ ਸਿੰਘ ਭੈਣੀਬਾਘਾ, ਗੁਰਨਾਮ ਸਿੰਘ ਭੀਖੀ, ਗੁਰਜੰਟ ਸਿੰਘ ਮਾਨਸਾ ਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਇਸ ਕਨਵੈਨਸ਼ਨ ਨੂੰ ਬਾਬਾ ਬੂਝਾ ਸਿੰਘ ਭਵਨ ਵਿਖੇ ਡਾ. ਪਿਆਰੇ ਲਾਲ ਗਰਗ ਸੰਬੋਧਨ ਕਰਨਗੇ। ਉਨ੍ਹਾਂ ਦੱਸਿਆ ਕਿ ਮਾਲਵਾ ਜ਼ੋਨ ਦੀਆਂ ਜਥੇਬੰਦਕ ਇਕਾਈਆਂ ਵੀ ਇਸ ਵਿੱਚ ਸ਼ਾਮਲ ਹੋਣਗੀਆਂ।

## ਐੱਨ ਐੱਸ ਓ ਦੇ ਟੈਸਟ 'ਚ ਗਿਆਨ ਸਾਗਰ ਦੇ 7 ਵਿਦਿਆਰਥੀ ਚੁਣੇ



ਬਰੇਟਾ (ਰੀਤਵਾਲ)-ਸੈਸ਼ਨ 2024-25 ਵਿੱਚ ਐੱਨ ਐੱਸ ਓ (ਨੈਸ਼ਨਲ ਸਾਇੰਸ ਓਲੰਪੀਅਡ) ਦਾ ਟੈਸਟ ਕਰਵਾਇਆ ਗਿਆ ਸੀ, ਜਿਹੜਾ ਕਿ ਐੱਸ ਓ ਐੱਫ (ਸਾਇੰਸ ਓਲੰਪੀਅਡ ਫਾਉਂਡੇਸ਼ਨ) ਵੱਲੋਂ ਲਿਆ ਗਿਆ ਸੀ।ਇਸ ਟੈਸਟ ਵਿੱਚ 72 ਦੇਸ਼ਾਂ ਦੇ 1 ਲੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਕੰਪੀਟੀਸ਼ਨ ਵਿੱਚ ਅੱਸੀ ਲੱਖ ਵਿਦਿਆਰਥੀਆਂ ਵਿੱਚੋਂ ਅਲੱਗ-ਅਲੱਗ ਸਕੂਲਾਂ ਦੇ ਪੂਰੇ ਭਾਰਤ ਦੇਸ਼ ਵਿੱਚੋਂ 286 ਵਿਦਿਆਰਥੀ ਆਪਣੀ ਵਿਲੱਖਣ ਕਾਰਗੁਜ਼ਾਰੀ ਲਈ ਚੁਣੇ ਗਏ, ਜਿਸ ਵਿੱਚੋਂ 286 ਵਿਦਿਆਰਥੀਆਂ ਵਿੱਚੋਂ ਗਿਆਨ ਸਾਗਰ ਸਕੂਲ ਦੇ 7 ਵਿਦਿਆਰਥੀ ਵੀ ਸ਼ਾਮਲ ਹਨ, ਜਿਨ੍ਹਾਂ ਨੇ ਆਪਣੀ ਸ਼ਾਨਦਾਰ ਪ੍ਰਫੋਰਮੈਂਸ ਨਾਲ ਦੇਸ਼ ਭਰ ਦੇ ਇਨ੍ਹਾਂ ਬੱਚਿਆਂ ਵਿੱਚ ਆਪਣੀ ਜਗ੍ਹਾ ਬਣਾਈ।ਦੱਸਣਯੋਗ ਹੈ ਕਿ ਸਟੇਟ ਪੰਜਾਬ ਵਿੱਚ ਵੱਖ ਵੱਖ ਸਕੂਲਾਂ ਦੇ ਕੁੱਲ 41 ਵਿਦਿਆਰਥੀ ਹਨ, ਜਿਨ੍ਹਾਂ ਵਿੱਚੋਂ ਆਪਣੇ ਗਿਆਨ ਸਾਗਰ ਸਕੂਲ ਦੇ 7 ਬੱਚਿਆਂ ਪਰਵਨੂਰ ਕੌਰ, ਪ੍ਰਨੀਤ ਕੌਰ, ਰੂਹੀ, ਮਾਨਵਜੀਤ ਸਿੰਘ, ਹਰਮਨਪ੍ਰੀਤ ਸਿੰਘ, ਸਹਿਜਨੂਰ, ਵਸਥਿਕਾ ਨੇ ਆਪਣੀ ਉੱਘੀ ਛਾਪ ਛੱਡੀ ਤੇ ਆਪਣੇ ਮਾਪਿਆਂ, ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਇਨ੍ਹਾਂ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਅੱਜ ਗਿਆਨ ਸਾਗਰ ਕਾਨਵੈਂਟ ਸਕੂਲ ਕੈਂਪਸ ਵਿੱਚ ਐੱਸ ਓ ਐੱਫ ਦੀ ਟੀਮ ਵੱਲੋਂ ਸਟੇਟ ਪੰਜਾਬ ਇੰਚਾਰਜ ਮਨਜੀਤ ਸਿੰਘ ਆਏ।ਉਨ੍ਹਾਂ ਅਤੇ ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਤੇ ਬੱਚਿਆਂ ਨੇ ਤਾਲੀਆਂ ਨਾਲ ਹੌਸਲਾ ਅਫ਼ਜ਼ਾਈ ਕੀਤੀ।

## ਮਾਤਾ ਸੁੰਦਰੀ ਗਰੁੱਪ ਢੱਡੇ ਵੱਲੋਂ ਵੇਰਕਾ ਪਲਾਂਟ ਦਾ ਟੂਰ




ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਇਲਾਕੇ ਦੀ ਨਾਮਵਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸਨਜ਼ ਢੱਡੇ ਵੱਲੋਂ ਵੇਰਕਾ ਪਲਾਂਟ ਬਠਿੰਡਾ ਵਿੱਚ ਵਿੱਦਿਅਕ ਟੂਰ ਲਗਾਇਆ ਗਿਆ।ਇਸ ਟੂਰ ਵਿੱਚ ਸਾਇੰਸ ਤੇ ਕਮਰਸ ਵਿਭਾਗ ਦੇ ਲਗਭਗ 100 ਵਿਦਿਆਰਥੀਆਂ ਗਏ।ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਐੱਮ. ਡੀ. ਗੁਰਬਿੰਦਰ ਸਿੰਘ ਬੱਲੀ ਨੇ ਕਿਹਾ ਕਿ ਅਜਿਹੇ ਵਿੱਦਿਅਕ ਟੂਰ ਵਿਦਿਆਰਥੀਆਂ ਨੂੰ ਗਿਆਨਵਰਧਕ ਸਿੱਧ ਹੁੰਦੇ ਹਨ।ਜਦੋਂ ਵਿਦਿਆਰਥੀ ਪ੍ਰੈਕਟੀਕਲ ਹੁੰਦਾ ਵੇਖਦੇ ਹਨ ਤਾਂ ਉਨ੍ਹਾਂ ਦਾ ਇਹ ਗਿਆਨ ਸਦੀਵੀਂ ਬਣ ਜਾਂਦਾ ਹੈ।ਵਿਦਿਆਰਥੀਆਂ ਨੇ ਦੁੱਧ ਦੀ ਗੁਣਵੱਤਾ, ਸ਼ੁਧਤਾਂ ਤੇ ਦੁੱਧ ਤੋਂ ਬਣਦੇ ਪਦਾਰਥਾਂ ਨੂੰ ਪ੍ਰਤੱਖ ਰੂਪ ਵਿੱਚ ਵੇਖਿਆ।ਦੁੱਧ ਦੇ ਭੰਡਾਰ ਨੂੰ ਸੀਤਲ ਕਰਨ ਤੇ ਤਰਲ ਦੁੱਧ ਤੋਂ ਬਣਦੇ ਪਾਊਡਰ ਦੀ ਪ੍ਰਕਿਰਿਆ ਨੂੰ ਬਹੁਤ ਰੌਚਕ ਤਰੀਕੇ ਨਾਲ ਸਮਝਿਆ।ਸੰਸਥਾ ਦੇ ਡਾਇਰੈਕਟਰ ਐਡਮਿਨਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਸਾਡੀ ਸੰਸਥਾ ਵਿੱਚ ਜ਼ਿਆਦਾਤਰ ਪਿੰਡਾਂ ਦੇ ਵਿੱਦਿਆਰਥੀ ਆਉਂਦੇ ਹਨ, ਜਿਸ ਕਰਕੇ ਜਿਨ੍ਹਾਂ ਦੇ ਮਾਪੇ ਦੁੱਧ ਦੇ ਸਹਾਇਕ ਧੰਦੇ ਨਾਲ ਜੁੜੇ ਹੋਏ ਹਨ, ਇਸ ਤਰ੍ਹਾਂ ਦੇ ਵਿੱਦਿਆਕ ਟੂਰਾਂ ਰਾਹੀਂ ਵਿਦਿਆਰਥੀਆਂ ਦੀ ਜਾਣਕਾਰੀ ਵਿੱਚ ਵਾਧਾ ਹੁੰਦਾ ਹੈ ਤੇ ਉਹ ਮਾਪਿਆਂ ਨੂੰ ਡੇਅਰੀ ਫਾਰਮਿਗ ਰਾਹੀਂ ਦੁੱਧ ਉਤਪਾਦਨ ਨੂੰ ਵਧਾਉਣ ਲਈ ਪ੍ਰੇਰਤ ਕਰਦੇ ਹਨ।ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਕਿਹਾ ਕਿ ਸਾਨੂੰ ਪਸ਼ੂ ਧਨ ਕਿਸ ਤਰ੍ਹਾਂ ਸਾਡੀ ਆਰਥਿਕਤਾ ਵਿੱਚ ਯੋਗਦਾਨ ਪਾ ਸਕਦਾ ਤੇ ਭਵਿੱਖ ਵਿੱਚ ਵਿਦਿਆਰਥੀ ਦੁੱਧ ਉਤਪਾਦਨ ਨੂੰ ਕਿਸ ਤਰ੍ਹਾਂ ਆਪਣੇ ਸਵੈ-ਰੁਜ਼ਗਾਰ ਦਾ ਸਾਧਨ ਬਣਾ ਸਕਦੇ ਹਨ।ਸੰਸਥਾ ਦੀ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ, ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਤੇ ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ ਨੇ ਵਿੱਦਿਆਕ ਟੂਰ ਦੀ ਸ਼ਲਾਘਾ ਕੀਤੀ।ਇਸ ਟੂਰ ਦੀ ਅਗਵਾਈ ਸਾਇੰਸ ਵਿਭਾਗ ਦੇ ਮੁਖੀ ਪ੍ਰੋ. ਜਸਵਿੰਦਰ ਸਿੰਘ ਨੇ ਕੀਤੀ। ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ, ਪ੍ਰੋ. ਹਰਸ ਰਾਣੀ, ਪ੍ਰੋ. ਮਨਿੰਦਰਪ੍ਰੀਤ ਕੌਰ, ਪ੍ਰੋ. ਰੁਪਿੰਦਰ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਕਿਰਨਜੀਤ ਕੌਰ, ਪ੍ਰੋ. ਹਰਕਿਰਨ ਕੌਰ, ਪ੍ਰੋ. ਗੁਰਪ੍ਰੀਤ ਕੌਰ ਵੀ ਵਿਦਿਆਰਥੀਆਂ ਨਾਲ ਗਏ।

## ਭਜਨ ਗਾਇਕ ਲੱਕੀ ਸਿਖਾਵਤ ਦਾ ਬਾਬਾ ਖੇਤਰਪਾਲ ਮੰਦਰ ਵਿਖੇ ਪੋਸਟਰ ਰਿਲੀਜ਼




ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਬਾ ਖੇਤਰਪਾਲ ਮੰਦਰ ਬਾਘਾ ਪੁਰਾਣਾ ਵਿਖੇ ਲੱਕੀ ਸਿਖਾਵਤ ਜਲਾਲਾਬਾਦ ਵੱਲੋਂ ਬੀਤੇ 13 ਜੁਲਾਈ ਨੂੰ ਭਜਨ 'ਬਾਬਾ ਜੀ ਦੇ ਕੀਰਤਨ ਦੀ ਸਭ ਨੂੰ ਵਧਾਈ ਏ' ਦੀ ਸ਼ੂਟਿੰਗ ਕੀਤੀ ਗਈ, ਜਿਸ ਵਿੱਚ ਬਾਘਾ ਪੁਰਾਣਾ ਦੇ ਸ਼ਰਧਾਲੂਆਂ ਨੇ ਵੀ ਹਿੱਸਾ ਲਿਆ ਸੀ, ਉਸ ਭਜਨ ਤੇ ਪੋਸਟਰ ਨੂੰ ਲੱਕੀ ਸਿਖਾਵਤ ਵੱਲੋਂ ਰਿਲੀਜ਼ ਕੀਤਾ ਗਿਆ, ਜਿਸ ਦੀ ਬਾਬਾ ਜੀ ਦੇ ਸ਼ਰਧਾਲੂਆਂ ਵੱਲੋਂ ਖੁਸ਼ੀ ਪਾਈ ਜਾ ਰਹੀ ਹੈ।ਲੱਕੀ ਸਿਖਾਵਤ ਨੇ ਕਿਹਾ ਕਿ ਬਾਬਾ ਖੇਤਰਪਾਲ ਜੀ ਦੇ ਹੋਰ ਸ਼ਹਿਰਾਂ ਵਿਚ ਵੀ ਸ਼ੂਟਿੰਗ ਕੀਤੀ ਗਈ ਹੈ।ਹੋਰ ਵੀ ਬਾਬਾ ਜੀ ਦੇ ਭਜਨਾ ਜੀ ਸ਼ੂਟਿੰਗ ਕੀਤੀ ਜਾਵੇਗੀ।ਬਾਬਾ ਖੇਤਰਪਾਲ ਸੇਵਾ ਸੰਮਤੀ ਦੇ ਪ੍ਰਧਾਨ ਸੰਜੀਵ ਗਰਗ, ਚੇਅਰਮੈਨ ਵਿਜੇ ਬਾਂਸਲ, ਰਾਕੇਸ਼ ਜਿੰਦਲ ਤੋਤਾ ਨੇ ਲੱਕੀ ਸਿਖਾਵਤ ਜਲਾਲਾਬਾਦ ਦਾ ਧੰਨਵਾਦ ਕਰਦਿਆਂ ਕਿਹਾ ਹੈ।ਉਨ੍ਹਾਂ ਵੱਲੋਂ ਬਾਬਾ ਜੀ ਦੇ ਮੰਦਰ ਬਾਘਾ ਪੁਰਾਣਾ ਵਿੱਚ ਸ਼ੂਟਿੰਗ ਕਰ ਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ।ਇਸ ਨਾਲ ਸ਼ਰਧਾਲੂਆਂ ਵਿੱਚ ਖੁਸ਼ੀ ਪਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਬਾਬਾ ਜੀ ਦੇ ਮੰਦਰ ਵਿੱਚ ਹਰੇਕ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ।ਹਰੇਕ ਐਤਵਾਰ ਨੂੰ ਸ਼ਰਧਾਲੂਆਂ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਬਾਬਾ ਜੀ ਦੇ ਅਸ਼ੀਰਵਾਦ ਨਾਲ ਮੰਦਰ ਵਿਖੇ ਸ਼ਰਧਾਲੂਆਂ ਵੱਲੋਂ ਸਮੇਂ ਸਮੇਂ ਸਿਰ ਯੋਗਦਾਨ ਪਾਇਆ ਜਾ ਰਿਹਾ ਹੈ ਅਤੇ ਮੰਦਰ ਵਿਖੇ ਸਮਾਗਮ ਲਈ ਵੱਡਾ ਹਾਲ ਤਿਆਰ ਕੀਤਾ ਗਿਆ ਹੈ।

## ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਉਣ ਦਾ ਸਵਾਗਤ



ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)-ਅਕਾਲੀ ਆਗੂ ਮਾਸਟਰ ਹਰਦੇਵ ਸਿੰਘ ਜਵੰਧਾ ਜ਼ਿਲ੍ਹਾ ਡੈਲੀਗੇਟ ਸ੍ਰੋਮਣੀ ਅਕਾਲੀ ਦਲ ਭਰਤੀ ਕਮੇਟੀ ਨੇ ਸੂਬਾਈ ਡੈਲੀਗੇਟ ਅਜਲਾਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲੀ ਦਲ ਦਾ ਪ੍ਰਧਾਨ ਤੇ ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਬਣਾਉਣ ਦਾ ਸਵਾਗਤ ਕੀਤਾ।ਜਵੰਧਾ ਨੇ ਕਿਹਾ ਕਿ ਦੋਵੇਂ ਪੰਥ ਪ੍ਰਸਤ ਸ਼ਖ਼ਸੀਅਤਾਂ ਜਿੱਥੇ ਉੱਚ ਸਿੱਖਿਆ ਪ੍ਰਾਪਤ ਸਿੱਖ ਵਿਦਵਾਨ ਹਨ, ਉਥੇ ਪੰਥਕ ਵਿਚਾਰਧਾਰਾ ਨਾਲ ਜੁੜੀਆਂ ਹੋਈਆਂ ਹਨ।ਉਨ੍ਹਾਂ ਕਿਹਾ ਕਿ ਦਹਾਕਿਆਂ ਤੋਂ ਬਾਅਦ ਅਕਾਲੀ ਦਲ ਨੂੰ ਪੰਥਕ ਦਿਖ ਵਾਲਾ ਪ੍ਰਧਾਨ ਮਿਲਿਆ ਹੈ, ਜੋ ਮੀਰੀ ਤੇ ਪੀਰੀ ਦੇ ਸਿਧਾਂਤ ਤੇ ਪਹਿਰਾ ਦੇ ਕੇ ਪੰਜਾਬ, ਪੰਜਾਬੀਅਤ, ਕੌਮ ਅਤੇ ਪੰਥ ਦੀ ਸੇਵਾ ਕਰੇਗਾ। ਉਨ੍ਹਾਂ ਡੈਲੀਗੇਟ ਅਜਲਾਸ ਵੱਲੋਂ ਪਾਸ ਕੀਤੇ ਮਤਿਆਂ ਨੂੰ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਦੱਸਦਿਆਂ ਕਿਹਾ ਕਿ ਹੁਣ ਪੰਜਾਬ ਦੀ ਭਲਾਈ ਲਈ ਸਮੂਹ ਪੰਜਾਬ ਨਿਵਾਸੀਆਂ ਵੱਲੋਂ ਅਕਾਲੀ ਦਲ ਦਾ ਸਾਥ ਦੇਣ ਦਾ ਸਮਾਂ ਹੈ।

# ਗਿਆਨੀ ਗਿਆਨ ਸਿੰਘ ਦੇ ਨਾਂਅ 'ਤੇ ਬਣੇਗੀ ਲਾਇਬ੍ਰੇਰੀ



ਲੌਂਗੋਵਾਲ (ਪ੍ਰਦੀਪ ਸੱਪਲ)-ਸਥਾਨਕ ਬਾਬਾ ਫਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈੱਲਫੇਅਰ ਸੁਸਾਇਟੀ ਲੌਂਗੋਵਾਲ ਵੱਲੋਂ 52 ਸ਼ਹੀਦਾਂ ਦੀ ਯਾਦ ਵਿੱਚ ਚੇਤਨਾ ਸਮਾਗਮ ਤੇ ਸਿਲਾਈ ਮਸ਼ੀਨ ਵੰਡ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਪੰਜਾਬ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਲੌਂਗੋਵਾਲ ਦੇ ਪ੍ਰਸਿੱਧ ਇਤਿਹਾਸਕ ਗਿਆਨੀ ਗਿਆਨ ਸਿੰਘ ਦੇ ਨਾਮ 'ਤੇ ਡੇਢ ਕਰੋੜ ਦੀ ਲਾਗਤ ਨਾਲ ਆਧੁਨਿਕ ਲਾਇਬ੍ਰੇਰੀ ਬਣਾਈ ਜਾਵੇਗੀ।ਇਸ ਦੇ ਨਾਲ ਲੌਂਗੋਵਾਲ ਦੇ ਸ਼ਹੀਦਾਂ ਤੇ ਇਤਿਹਾਸ 'ਤੇ ਕਿਤਾਬ ਵੀ ਲਿਖਾਈ ਜਾਵੇਗੀ ਅਤੇ ਸੰਸਥਾ ਨੂੰ 20 ਕੰਪਿਊਟਰ, ਫਰਨੀਚਰ ਸਮੇਤ ਤੇ 12 ਕੰਪਿਊਟਰਾਈਜ਼ਡ ਕਢਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ।ਇਸ ਦੌਰਾਨ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ ਡਾ. ਭੀਮਇੰਦਰ ਸਿੰਘ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਲੌਂਗੋਵਾਲ ਦੇ ਇਤਿਹਾਸ ਸਬੰਧੀ ਅਹਿਮ ਗੱਲਾਂ ਸਾਂਝੀਆਂ ਕੀਤੀਆਂ।

ਉਨ੍ਹਾਂ ਦੱਸਿਆ ਕਿ ਲੌਂਗੋਵਾਲ ਦੇ ਲੋਕਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਆਜ਼ਾਦੀ ਦੀ ਲਹਿਰ ਵਿੱਚ ਸ਼ਹੀਦ ਹੋਏ, ਉਸ ਨਾਲ ਆਜ਼ਾਦੀ ਤੋਂ ਬਾਅਦ ਦੇ ਅੰਦੋਲਨਾਂ ਵਿੱਚ ਵੀ ਪਹਿਲੀ ਕਤਾਰ ਵਿੱਚ ਲੜੇ।ਇਸ ਸਮੇਂ ਬਰਾਂਸ ਫਾਉਂਡੇਸ਼ਨ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਖੋਖਰ ਨੇ ਬੱਚਿਆਂ ਨੂੰ ਪੜ੍ਹਾਈ ਨੂੰ ਮੁੱਖ ਰੱਖ ਕੇ ਕੰਮ ਕਰਨ ਲਈ ਪ੍ਰੇਰਿਆ।ਸੰਗਰਾਮੀ ਕਲਾ ਕੇਂਦਰ ਵੱਲੋਂ ਭੋਲਾ ਸਿੰਘ ਸੰਗਰਾਮੀ ਨੇ ਇਨਕਲਾਬੀ ਗੀਤ ਗਾਏ।ਇੱਥੇ ਪਾਵਨ ਜੋਗ ਮੇਕ ਬੈਟਰ ਫਾਉਂਡੇਸ਼ਨ ਵੱਲੋਂ ਪਵਨ ਗਰਗ ਸੰਗਰੂਰ, ਪਗੜੀ ਸੰਸਥਾ ਵੱਲੋਂ ਗੁਰਮੀਤ ਕੌਰ, ਸ਼ਹੀਦ ਭਾਈ ਮਤੀ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਦੀ ਟੀਮ ਨੇ ਗਦਰੀ ਗੁਲਾਬ ਕੌਰ ਤੇ ਨਾਟਕ ਖੇਡਿਆ, ਜੋਕਿ ਸਰੋਤਿਆਂ ਲਈ ਖਿੱਚ ਦਾ ਕੇਂਦਰ ਰਿਹਾ।ਸੰਸਥਾ ਪ੍ਰਧਾਨ ਕਮਲਜੀਤ ਸਿੰਘ ਵਿੱਕੀ ਨੇ ਸੰਸਥਾ ਦੇ ਉਦੇਸ਼ ਤੇ ਕਾਰਜ ਸੰਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਸੰਸਥਾ ਹੁਣ ਤੱਕ 2000 ਦੇ ਕਰੀਬ ਲੜਕੀਆਂ ਨੂੰ ਆਤਮ ਨਿਰਭਰ ਕਰ ਚੁੱਕੀ ਹੈ।ਇਸ ਸਮੇਂ ਬੀ ਆਰ ਅੰਬੇਡਕਰ ਹਿਊਮਨ ਰਾਈਟਸ ਸਭਾ ਬਰਨਾਲਾ ਵੱਲੋਂ ਭੁਪਿੰਦਰ ਸਿੰਘ ਨੇ ਪੂਰੀ ਟੀਮ ਨਾਲ ਹਾਜ਼ਰੀ ਲਗਵਾਈ।ਇਸ ਮੌਕੇ ਸੰਸਥਾ ਦੀਆਂ ਲੜਕੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਇਸ ਤੋਂ ਇਲਾਵਾ ਸੰਸਥਾ ਦੀਆਂ ਅਧਿਆਪਕਾ ਗੁਰਪ੍ਰੀਤ ਕੌਰ, ਕਾਜਲ, ਰਾਜਵੰਤ ਕੌਰ, ਅੰਜਲੀ ਗੋਇਲ ਨੇ ਵਿਸ਼ੇਸ਼ ਯੋਗਦਾਨ ਪਾਇਆ।

# ਕੇਂਦਰ ਸਰਕਾਰ ਨਰੇਗਾ ਕਾਨੂੰਨ ਖ਼ਤਮ ਕਰਨ ਦੇ ਰਾਹ ਤੁਰੀ : ਮਾੜੀਮੇਘਾ

ਭਿੱਖੀਵਿੰਡ (ਨਜ਼ਸ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਅਤੇ ਪੰਜਾਬ ਇਸਤਰੀ ਸਭਾ ਵੱਲੋਂ ਭਿੱਖੀਵਿੰਡ ਇਲਾਕੇ ਦੇ ਪਿੰਡ ਭਾਈ ਲੱਧੂ ਕਲਾਂ ਵਿਖੇ ਨਰੇਗਾ ਯੂਨੀਅਨ ਦੇ ਆਗੂ ਟਹਿਲ ਸਿੰਘ ਲੱਧੂ ਦੀ ਅਗਵਾਈ ਹੇਠ ਤੇ ਰਮਨਦੀਪ ਕੌਰ ਲੱਧੂ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਇਸਤਰੀ ਸਭਾ ਤਰਨਤਾਰਨ ਜ਼ਿਲ੍ਹੇ ਦੀ ਜਨਰਲ ਸਕੱਤਰ ਰੁਪਿੰਦਰ ਕੌਰ ਮਾੜੀਮੇਘਾ ਨੇ ਕਿਹਾ ਕਿ ਮੌਜੂਦਾ ਕੇਂਦਰ ਸਰਕਾਰ ਨਰੇਗਾ ਕਾਨੂੰਨ ਖ਼ਤਮ ਕਰਨ ਦੇ ਰਾਹ ਤੁਰੀ ਹੈ।ਨਰੇਗਾ ਕੰਮ ਵਿੱਚ ਸਰਕਾਰ ਵੱਲੋਂ ਅੜਚਣਾਂ ਡਾਹੀਆਂ ਜਾ ਰਹੀਆਂ ਹਨ।ਪੰਜਾਬ ਸਰਕਾਰ ਵੀ ਕੰਮ ਮੰਗਣ ਲਈ ਨਰੇਗਾ ਵਰਕਰਾਂ ਨੂੰ ਸਰਪੰਚ ਤੋਂ ਦਰਖਾਸਤ 'ਤੇ ਦਸਤਖਤ ਕਰਾਉਣ ਲਈ ਕਹਿ ਰਹੀ ਹੈ ਜਦੋਂ ਕਿ ਨਰੇਗਾ ਕਾਨੂੰਨ 2005 ਇਹ ਕਹਿੰਦਾ ਹੈ ਕਿ ਨਰੇਗਾ ਵਰਕਰ ਦੀ ਮਰਜ਼ੀ ਹੈ ਤੇ ਸਰਪੰਚ ਭਾਵ ਪੰਚਾਇਤ ਦੀ ਮੋਹਰ ਲਗਵਾਉਣ, ਜੇ ਨਹੀਂ ਤਾਂ ਸਿੱਧਾ ਕੰਮ ਮੰਗ ਸਕਦਾ ਹੈ।ਅਫ਼ਸਰਸ਼ਾਹੀ ਨਰੇਗਾ ਕਾਮਿਆਂ ਨੂੰ ਕੰਮ ਵੀ ਮਿਥੇ ਘੇਰੇ ਤੋਂ ਦੂਰ ਦਿੰਦੀ ਹੈ ਜਿਸ ਕਰਕੇ ਨਰੇਗਾ ਕਾਮਿਆਂ ਨੂੰ ਵਧੇਰੇ ਕਿਰਾਇਆ ਖਰਚਣਾ ਪੈਂਦਾ ਹੈ।ਕੀਤੇ ਕੰਮ ਦੇ ਪੈਸੇ ਦੇਣ ਵਿੱਚ ਖੱਜਲ ਖੁਆਰੀ ਕੀਤੀ ਜਾਂਦੀ ਹੈ।ਰੁਪਿੰਦਰ ਨੇ ਕਿਹਾ ਕਿ ਨਰੇਗਾ ਵਰਕਰਾਂ ਨੂੰ



ਇਸਤਰੀ ਸਭਾ ਵੀ ਜ਼ਰੂਰ ਜਥੇਬੰਦ ਕਰਨੀ ਚਾਹੀਦੀ ਹੈ, ਤਾਂ ਜੀ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਸਨਮਾਨ ਦੇਣਾ ਸ਼ੁਰੂ ਕਰੇਗੀ।ਉਨ੍ਹਾਂ ਕਿਹਾ ਕਿ ਗਦਰੀ ਗੁਲਾਬ ਦੇ ਵਿਛੋੜੇ ਦਾ 100ਵਾਂ ਸਾਲ ਜਾ ਰਿਹਾ ਅਤੇ ਉਨ੍ਹਾਂ ਦੀ ਯਾਦ ਵਿੱਚ ਅਤੇ ਉਨ੍ਹਾਂ ਦੇ ਅਧੂਰੇ ਕਾਰਜ ਦੀ ਪੂਰਤੀ ਲਈ ਸ਼ਹੀਦ ਮਦਨ ਲਾਲ ਢੀਂਗਰਾ ਦੇ ਸ਼ਹੀਦੀ ਦਿਵਸ ਤੇ ਪੰਜਾਬ ਇਸਤਰੀ ਸਭਾ ਵੱਲੋਂ ਭਿੱਖੀਵਿੰਡ ਵਿਖੇ ਸੈਮੀਨਾਰ ਕੀਤਾ ਜਾ ਰਿਹਾ ਹੈ।ਅਖੀਰ 'ਚ ਚੋਣ ਵਿੱਚ ਪ੍ਰਧਾਨ ਵੀਰੋ, ਸਕੱਤਰ ਮਨਜੀਤ ਕੌਰ, ਮੀਤ ਪ੍ਰਧਾਨ ਬਲਜੀਦ ਕੌਰ, ਮੀਤ ਸਕੱਤਰ ਸ਼ਿੰਦਰ ਕੌਰ ਅਤੇ ਖਜ਼ਾਨਚੀ ਕੰਵਲਜੀਤ ਕੌਰ ਚੁਣੀਆਂ ਗਈਆਂ।

# ਦਰਿਆ ਬਿਆਸ ਦਾ ਧੁੱਸੀ ਬੰਨ੍ਹ ਪੂਰੀ ਤਰ੍ਹਾਂ ਸੁਰੱਖਿਅਤ, ਲੋਕ ਅਫ਼ਵਾਹਾਂ ਤੋਂ ਬਚਣ : ਡਿਪਟੀ ਕਮਿਸ਼ਨਰ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਜ਼ਿਲ੍ਹੇ ਵਿੱਚ ਫ਼ਿਲਹਾਲ ਦਰਿਆ ਬਿਆਸ ਤੇ ਰਾਵੀ ਵਿੱਚ ਕਿਸੇ ਤਰ੍ਹਾਂ ਦੇ ਹੜ੍ਹ ਦਾ ਕੋਈ ਖ਼ਤਰਾ ਨਹੀਂ ਹੈ ਅਤੇ ਦੋਵੇਂ ਦਰਿਆ ਆਪਣੀ ਹੱਦ ਵਿੱਚ ਵਹਿ ਰਹੇ ਹਨ।ਜਗਤਪੁਰ ਟਾਂਡਾ ਵੱਲ ਦਰਿਆ ਬਿਆਸ ਦੇ ਧੁੱਸੀ ਬੰਨ੍ਹ ਨੂੰ ਪਾਣੀ ਨਾਲ ਨੁਕਸਾਨ ਪਹੁੰਚਣ ਦੀਆਂ ਅਫ਼ਵਾਹਾਂ ਦਾ ਖੰਡਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦਰਿਆ ਬਿਆਸ ਦਾ ਧੁੱਸੀ ਬੰਨ੍ਹ ਪੂਰੀ ਤਰ੍ਹਾਂ ਸੁਰੱਖਿਅਤ ਹੈ।ਉਨ੍ਹਾਂ ਕਿਹਾ ਕਿ ਦਰਿਆ ਬਿਆਸ ਆਪਣੀ ਹੱਦ ਵਿੱਚ ਵਹਿ ਰਿਹਾ ਹੈ ਅਤੇ ਇਸ ਦਾ ਨਾਲ ਲੱਗਦੇ ਖੇਤਰ ਨੂੰ ਕੋਈ ਖ਼ਤਰਾ ਨਹੀਂ ਹੈ।ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਸਾਲ 2023 ਵਿੱਚ ਜਗਤਪੁਰ ਟਾਂਡਾ ਲਾਗੇ ਦਰਿਆ ਬਿਆਸ ਦੇ ਧੁੱਸੀ ਬੰਨ੍ਹ ਨੂੰ ਜਿੱਥੋਂ ਨੁਕਸਾਨ ਪਹੁੰਚਿਆ ਸੀ ਉਸ ਨੂੰ ਉਦੋਂ ਹੀ ਠੀਕ ਕਰ ਦਿੱਤਾ ਗਿਆ ਸੀ ਅਤੇ ਹੁਣ ਓਥੋਂ ਕਿਸੇ ਵੀ ਤਰ੍ਹਾਂ ਦਾ ਕੋਈ ਖ਼ਤਰਾ ਨਹੀਂ ਹੈ।ਇਸ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਧੁੱਸੀ ਬੰਨ੍ਹ ਨੂੰ ਹੋਰ ਵੀ ਮਜ਼ਬੂਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜਿੱਥੇ ਹੁਣ ਦਰਿਆ ਬਿਆਸ ਦਾ ਪਾਣੀ ਚੜ੍ਹਿਆ ਹੋਇਆ ਹੈ ਉਹ ਦਰਿਆ ਦਾ ਹੀ ਰਕਬਾ ਹੈ ਅਤੇ ਲੋਕਾਂ ਦੀ ਅਬਾਦੀ ਧੁੱਸੀ ਬੰਨ੍ਹ ਤੋਂ ਪਾਰ ਹੈ।ਉਨ੍ਹਾਂ ਕਿਹਾ ਕਿ ਧੁੱਸੀ ਬੰਨ੍ਹ ਨੂੰ ਕੋਈ ਖ਼ਤਰਾ ਨਹੀਂ ਹੈ। ਇਸ ਲਈ ਲੋਕਾਂ ਨੂੰ ਘਬਰਾਉਣ ਦੀ ਬਿਲਕੁਲ ਵੀ ਲੋੜ ਨਹੀਂ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸੀ ਵਰਤ ਰਿਹਾ ਹੈ ਅਤੇ ਜਦੋਂ ਵੀ ਦਰਿਆਵਾਂ ਵਿੱਚ ਵੱਧ ਪਾਣੀ ਛੱਡਣ ਦਾ ਕੋਈ ਅਲਰਟ ਹੋਵੇਗਾ ਤਾਂ ਲੋਕਾਂ ਨੂੰ ਸਮਾਂ ਰਹਿੰਦੇ ਸੂਚਿਤ ਕਰ ਦਿੱਤਾ ਜਾਵੇਗਾ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਧੁੱਸੀ ਬੰਨ੍ਹ ਤੋਂ ਪਾਰ ਦਰਿਆਵਾਂ ਵੱਲ ਨਾ ਜਾਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਕਿਸੇ ਵੀ ਤਰ੍ਹਾਂ ਦੀ ਸੂਚਨਾ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਫਲੱਡ ਕੰਟਰੋਲ ਰੂਮ ਦੇ ਨੰਬਰ 01874-266376 ਜਾਂ 1800-180-1852 ਉੱਪਰ ਸੰਪਰਕ ਕਰ ਸਕਦੇ ਹਨ।

# ਮਨਰੇਗਾ ਵਰਕਰਜ਼ ਯੂਨੀਅਨ ਨੇ ਡਿਪਟੀ ਕਮਿਸ਼ਨਰ ਤਰਨਤਾਰਨ ਦੇ ਦਫ਼ਤਰ ਅੱਗੇ ਦਿੱਤਾ ਧਰਨਾ

ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਜ਼ਿਲੇ ਦੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਅੱਗੇ ਸੈਂਕੜੇ ਵਰਕਰਾਂ ਵੱਲੋਂ ਵਿਸ਼ਾਲ ਧਰਨਾ ਦਿੱਤਾ ਗਿਆ ਜਿਸ ਦੀ ਅਗਵਾਈ ਜ਼ਿਲਾ ਪ੍ਰਧਾਨ ਮੀਨਾ ਕੌਰ ਸਰਪੰਚ ਸ਼ੁਕਰਚੱਕ, ਜਸਬੀਰ ਕੌਰ ਕੈਰੋਵਾਲ, ਕਮਲਜੀਤ ਸਿੰਘ ਨਾਗੋਕੇ ਨੇ ਕੀਤੀ।ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਮਨਰੇਗਾ ਵਰਕਰਜ਼ ਯੂਨੀਅਨ ਦੇ ਜ਼ਿਲਾ ਸਕੱਤਰ ਬਲਦੇਵ ਸਿੰਘ ਪੰਡੋਰੀ, ਸੂਬਾਈ ਆਗੂ ਮੰਗਲ ਸਿੰਘ ਟਾਂਡਾ, ਨਰਿੰਦਰ ਸਿੰਘ ਰਟੌਲ, ਦਿਹਾਤੀ ਮਜ਼ਦੂਰ ਸਭਾ ਦੇ ਜਿਲਾ ਸਕੱਤਰ ਚਮਨ ਲਾਲ ਦਰਾਜਕੇ, ਜਸਬੀਰ ਸਿੰਘ ਵੈਰੋਵਾਲ, ਕਰਮ ਸਿੰਘ ਪੰਡੋਰੀ ਨੇ ਸੰਬੋਧਨ ਕੀਤਾ।ਉਕਤ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਮਨਰੇਗਾ ਸਕੀਮ ਦਾ ਬਜਟ ਦਿਨੋ ਦਿਨ ਘਟਾਈ ਜਾ ਰਹੀ ਹੈ, ਮਨਰੇਗਾ ਕਾਮਿਆਂ ਨੂੰ 100 ਦਿਨ ਕੰਮ ਨਹੀਂ ਦਿੱਤਾ ਜਾ ਰਿਹਾ ਅਤੇ ਨਾ ਹੀ ਉਨ੍ਹਾਂ ਨੂੰ ਬਣਦਾ ਮਿਹਨਤਾਨਾ ਸਮੇਂ ਸਿਰ ਦਿੱਤਾ ਜਾ ਰਿਹਾ ਹੈ।ਆਗੂਆਂ ਨੇ ਮੋਦੀ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਪੰਜਾਬ



ਅੰਦਰ ਮਨਰੇਗਾ ਵਰਕਰਾਂ ਦਾ ਕੰਮ ਬੰਦ ਪਿਆ ਹੈ। ਜਿਸ ਕਰਕੇ ਮਨਰੇਗਾ ਵਰਕਰ ਕੰਮ ਤੋਂ ਵਿਹਲੇ ਫਿਰ ਰਹੇ ਹਨ ਅਤੇ ਨਾ ਹੀ ਹੋਰ ਕੋਈ ਦੂਸਰਾ ਬਦਲਵਾਂ ਪ੍ਰਬੰਧ ਕੀਤਾ ਹੋਇਆ ਹੈ।ਮਨਰੇਗਾ ਦਾ ਕੰਮ ਹਾਕਮ ਧਿਰ ਦੇ ਰਹਿਮੋ ਕਰਮ 'ਤੇ ਹੀ ਦਿੱਤਾ ਜਾ ਰਿਹਾ ਹੈ। ਪੰਚਾਂ, ਸਰਪੰਚਾਂ ਅਤੇ ਹਲਕੇ ਦੇ ਵਿਧਾਇਕਾਂ ਦੀ ਦਖਲਅੰਦਾਜ਼ੀ ਕਰਕੇ ਕੰਮ ਮੰਗਦੇ ਲੋਕਾਂ ਨੂੰ ਵੀ ਕੰਮ ਨਹੀਂ ਦਿੱਤਾ ਜਾ ਰਿਹਾ।ਜੌਬ ਕਾਰਡ ਬਣਾਉਣ ਜਾਂਦੇ ਵਰਕਰਾਂ ਨੂੰ ਬਲਾਕਾਂ ਅੰਦਰ ਖੱਜਲ ਖੁਆਰ ਕੀਤਾ ਜਾ ਰਿਹਾ।ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਬੰਦ ਪਿਆ ਕੰਮ ਤੁਰੰਤ ਚਾਲੂ ਕੀਤਾ ਜਾਵੇ ਅਤੇ ਮਿਹਨਤਾਨਾ ਘੱਟੋ-ਘੱਟ 700 ਰੁਪਏ ਮਸਟੋਲ ਖ਼ਤਮ ਹੋਣ ਉਪਰੰਤ ਵਰਕਰਾਂ ਦੇ ਖਾਤਿਆਂ ਵਿੱਚ ਤੁਰੰਤ ਪਾਇਆ ਜਾਵੇ।ਮਨਰੇਗਾ ਵਰਕਰਾਂ ਦੀ ਸਿਹਤ ਸੰਭਾਲ ਦੀ ਸੁਰੱਖਿਆ ਵਾਸਤੇ ਘੱਟੋ-ਘੱਟ 20 ਲੱਖ ਰੁਪਏ ਦਾ ਬੀਮਾ ਫਰੀ ਕੀਤਾ ਜਾਵੇ ਅਤੇ ਵਰਤੋਂ ਵਾਲਾ ਸਾਰਾ ਸਮਾਨ ਮੁਹੱਈਆ ਕੀਤਾ ਜਾਵੇ।ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੂੰ ਦੋ ਵਾਰ ਮੰਗ ਪੱਤਰ ਵੀ ਭੇਜ ਚੁੱਕੇ ਹਾਂ। ਇਸ ਮੌਕੇ ਜਰਨੈਲ ਸਿੰਘ ਰਸੂਲਪੁਰ, ਕੁਲਦੀਪ ਸਿੰਘ ਰਟੌਰ, ਬਲਜਿੰਦਰ ਸਿੰਘ ਮੰਜੂਪੁਰ, ਪਰਮਜੀਤ ਸਿੰਘ ਗੰਡੀਵਿੰਡ, ਹਰਪ੍ਰੀਤ ਕੌਰ ਲੇਹੀਆ, ਸੰਤੋਖ ਸਿੰਘ ਮੱਖੀ ਕਲਾਂ ਆਦਿ ਨੇ ਸੰਬੋਧਨ ਕੀਤਾ।

# ਲੈਂਡ ਪੂਲਿੰਗ ਪਾਲਿਸੀ ਕਿਸਾਨਾਂ ਦੇ ਵੱਡੇ ਸੰਘਰਸ਼ ਤੇ ਵਿਰੋਧ ਨੂੰ ਵੇਖਦਿਆਂ ਵਾਪਸ ਲਈ : ਬਹਿਰੂ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਕੁਲਵੰਤ ਸਿੰਘ ਭਲਾਈਪੁਰ ਦੀ ਪ੍ਰਧਾਨਗੀ ਹੇਠ ਕਿਸਾਨਾਂ ਦੇ ਭਖਦਿਆ ਮਸਲਿਆਂ ਉਤੇ ਹੰਗਾਮੀ ਮੀਟਿੰਗ ਹੋਈ ਜਿਸ ਵਿਚ ਪੰਜਾਬ ਦੇ ਪ੍ਰਧਾਨ ਹਰਿੰਦਰ ਸਿੰਘ ਨੰਡਿਆਲੀ ਅਤੇ ਬਜ਼ੁਰਗ ਕਿਸਾਨ ਆਗੂ ਸਤਨਾਮ ਸਿੰਘ ਬਹਿਰੂ ਵੀ ਵਿਸ਼ੇਸ਼ ਤੌਰ 'ਤੇ ਪੁੱਜੇ। ਕਿਸਾਨ ਜਥੇਬੰਦੀ ਨਾਲ ਜੁੜੇ ਸਰਗਰਮ ਵਰਕਰ ਅਤੇ ਆਲ਼ੇ ਦੁਆਲ਼ੇ ਦੇ ਪਿੰਡਾਂ ਤੋਂ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼੍ਰੀ ਬਹਿਰੂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਲੈਂਡ ਪੂਲਿੰਗ ਪਾਲਿਸੀ ਨੂੰ ਕਿਸਾਨਾਂ ਦੇ ਵੱਡੇ ਸੰਘਰਸ਼ ਅਤੇ ਵਿਰੋਧ ਨੂੰ ਵੇਖਦਿਆਂ ਵਾਪਸ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਜਥੇਬੰਦੀ ਦੇ ਪੰਜਾਬ ਦੇ ਪ੍ਰਧਾਨ ਖੇਤੀ ਨਾਲ ਸਬੰਧਤ ਕਿਸਾਨਾਂ ਦੀਆਂ ਮੰਗਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਨਕਲੀ ਖਾਦਾਂ, ਕੀੜੇਮਾਰ ਦਵਾਈਆਂ ਵੇਚਣ ਵਾਲੀਆਂ



ਕੰਪਨੀਆਂ ਅਤੇ ਸਰਕਾਰੀ ਅਫਸਰਾਂ ਨੂੰ ਕਿਸਾਨਾਂ ਨਾਲ ਧ੍ਰੋਹ ਕਮਾਉਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਮੀਟਿੰਗ ਵਿੱਚ ਜੁੜੀ ਸੰਗਤ ਨੂੰ ਨੰਡਿਆਲੀ ਨੇ ਅਪੀਲ ਕੀਤੀ ਕਿ ਕੇਂਦਰ ਸਰਕਾਰ ਦੀ ਸੁੱਤੀ ਜ਼ਮੀਰ ਨੂੰ ਜਗਾਉਣ ਲਈ 15 ਅਗਸਤ ਨੂੰ ਕੌਮੀ ਇਨਸਾਫ਼ ਮੋਰਚੇ ਦੇ ਸੱਦੇ 'ਤੇ ਇੱਕ ਵੱਡੀ ਪੰਥਕ ਰੈਲੀ ਹੋ ਰਹੀ ਹੈ ਉਸ ਵਿੱਚ ਵੀ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇ। ਮੀਟਿੰਗ ਦਾ ਪ੍ਰਬੰਧ ਜੱਥੇਬੰਦੀ ਦੇ ਪੰਜਾਬ ਦੇ ਮੀਤ ਪ੍ਰਧਾਨ ਕੁਲਦੀਪ ਸਿੰਘ ਕੰਬੋਜ ਅਤੇ ਤਰਨਤਾਰਨ ਜ਼ਿਲ੍ਹੇ ਦੇ ਪ੍ਰੈੱਸ ਸੈਕਟਰੀ ਚਰਨਜੀਤ ਸਿੰਘ ਦਿਉਲ ਨੇ ਕੀਤਾ।

# ਚੋਣ ਕਮਿਸ਼ਨ ਦਾ ਡਾਟਾ ਵਿਖਾ ਕੇ ਰਾਹੁਲ ਗਾਂਧੀ ਨੇ ਚੋਣ ਪ੍ਰਕਿਰਿਆ ਦੀ ਅਸਲੀਅਤ ਨੂੰ ਲੋਕਾਂ ਸਾਹਮਣੇ ਲਿਆਂਦਾ : ਸੱਚਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਪਿਛਲੇ ਲੰਮੇਂ ਸਮੇਂ ਤੋਂ ਵੱਖ-ਵੱਖ ਸਿਆਸੀ ਪਾਰਟੀਆਂ ਚੋਣ ਪ੍ਰਕਿਰਿਆ 'ਤੇ ਸਵਾਲੀਆ ਨਿਸ਼ਾਨ ਚੁੱਕਦੀਆਂ ਸਨ, ਪਰ ਹਰ ਵਾਰ ਸਬੂਤਾਂ ਦੀ ਘਾਟ ਕਾਰਨ ਉਨਾਂ ਦੀ ਆਵਾਜ਼ ਨੂੰ ਦਬਾਇਆ ਗਿਆ ਪਰ ਹੁਣ ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਰਨਾਟਕ ਲੋਕ ਸਭਾ ਅਧੀਨ ਆਉਂਦੇ ਇੱਕ ਵਿਧਾਨ ਸਭਾ ਹਲਕੇ ਮਹਾਦੇਵਪੁਰਾ 'ਚ ਡੁਪਲੀਕੇਟ, ਜਾਅਲੀ ਅਤੇ ਗਲਤ ਪਤੇ ਦਰਜ 100250 ਵੋਟਾਂ ਨੇ ਚੋਣ ਪ੍ਰਕਿਰਿਆ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ ਜਿਸ ਦਾ ਪਰਦਾਫਾਸ਼ ਲੋਕਾਂ ਦੇ ਸਾਹਮਣੇ ਕਰ ਦਿੱਤਾ।ਉਕਤ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਤੋਂ ਕਾਂਗਰਸੀ ਇੰਚਾਰਜ ਭਗਵੰਤਪਾਲ ਸਿੰਘ ਸੱਚਰ ਨੇ ਕਾਂਗਰਸੀ ਵਰਕਰਾਂ ਦੀ ਬੁਲਾਈ ਮੀਟਿੰਗ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਭਾਜਪਾ ਬੈਂਗਲੂਰੂ ਕੇਂਦਰੀ ਲੋਕ ਸਭਾ ਹਲਕੇ ਅਧੀਨ ਆਉਦੇ 7 ਹਲਕਿਆਂ ਵਿੱਚੋਂ 6 ਵਿਚ ਹਾਰ ਗਈ ਪਰ ਇੱਕ ਹਲਕਾ ਮਹਾਦੇਵਪੁਰਾ 'ਚ ਇਕਤਰਫਾ ਭਾਜਪਾ ਨੂੰ ਵੋਟਾਂ ਮਿਲੀਆਂ ਜਿਸ ਤੋਂ ਗੜਬੜੀ ਹੋਣ ਦਾ ਪਤਾ ਲੱਗਦਾ ਹੈ।ਸੱਚਰ ਨੇ ਕਿਹਾ ਕਿ ਇੱਕ ਵਿਅਕਤੀ ਦਾ ਵੱਖ-ਵੱਖ ਸੂਬਿਆਂ ਵਿਚ ਬਣੀਆਂ ਵੋਟਾਂ ਮਹਾਰਾਸ਼ਟਰ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਸਰਵੇਖਣ ਸਾਡੇ ਹੱਕ ਵਿਚ ਸਨ, ਪਰ ਨਤੀਜੇ ਕੁਝ ਹੋਰ ਆਏ ਹਨ।ਉਨ੍ਹਾਂ ਕਿਹਾ ਕਿ ਜਦੋਂ ਈਵੀਐੱਮ ਨਹੀਂ ਸਨ ਉਦੋਂ ਪੂਰਾ ਦੇਸ਼ ਇੱਕ ਦਿਨ ਵੋਟ ਪਾਉਂਦਾ ਸੀ, ਪਰ ਅੱਜ ਦੇ ਯੁੱਗ ਵਿਚ ਵੋਟਿੰਗ ਕਈ ਪੜਾਵਾਂ ਵਿਚ ਹੁੰਦੀ ਹੈ ਜਿਸ ਲਈ ਲੰਬੇ ਸਮੇਂ ਤੋਂ ਸ਼ੱਕ ਜਤਾਇਆ ਜਾ ਰਿਹਾ ਸੀ।ਸੱਚਰ ਨੇ ਕਿਹਾ ਕਿ ਮਹਾਰਾਸ਼ਟਰ ਅੰਦਰ ਪੰਜ ਮਹੀਨੇ ਵਿਚ ਇੰਨੀਆਂ ਜ਼ਿਆਦਾ ਵੋਟਾਂ ਬਣੀਆਂ ਜਿਹੜੀਆਂ ਪਿਛਲੇ ਪੰਜ ਸਾਲਾਂ



ਵਿਚ ਵੀ ਨਹੀਂ ਬਣੀਆਂ ਅਤੇ ਮਹਾਰਾਸ਼ਟਰ 'ਚ ਲੋਕ ਸਭਾ ਅਤੇ ਵਿਧਾਨ ਸਭਾ ਵਿਚ ਲਗਭਗ ਇੱਕ ਕਰੋੜ ਵੋਟਰ ਵਧੇ ਜਿਸ ਕਰਕੇ ਅਸੀਂ ਚੋਣ ਕਮਿਸ਼ਨ ਕੋਲ ਵੀ ਗਏ ਪਰ ਉਨ੍ਹਾਂ ਨੇ ਕਾਂਗਰਸ ਹਾਈਕਮਾਂਡ ਨੂੰ ਵੋਟਰ ਸੂਚੀ ਦੇਣ ਤੋਂ ਇਨਕਾਰ ਕਰ ਦਿੱਤਾ।ਅਖੀਰ ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਇਸ ਗੱਲ ਦਾ ਦਾਅਵਾ ਕਰਦਿਆਂ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਕਿਹਾ ਕਿ ਜਿੰਨੀ ਵੀ ਜਾਣਕਾਰੀ ਪ੍ਰਾਪਤ ਕੀਤੀ ਹੈ ਉਹ ਸਾਰੀ ਚੋਣ ਕਮਿਸ਼ਨ ਦੇ ਡਾਟਾ ਤੋਂ ਹੀ ਲਈ ਗਈ ਹੈ ਜਿਸ ਕਾਰਨ ਆਮ ਲੋਕਾਂ ਵਿਚ ਹੁਣ ਇਸ ਚੋਣ ਪ੍ਰਕਿਰਿਆ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਮੌਕੇ ਮਜੀਠਾ ਕਾਂਗਰਸ ਸ਼ਹਿਰੀ ਦੇ ਪ੍ਰਧਾਨ ਨਵਦੀਪ ਸਿੰਘ ਸੋਨਾ ਮਜੀਠਾ, ਪ੍ਰਧਾਨ ਨਵਤੇਜਪਾਲ ਸਿੰਘ ਸੋਹੀਆਂ, ਡਾ. ਸੁਖਵਿੰਦਰ ਸਿੰਘ ਰੰਧਾਵਾ, ਡਾ. ਮੋਹਨ ਸਿੰਘ, ਸੇਵਾਮੁਕਤ ਇੰਸਪੈਕਟਰ ਸੁਲੱਖਣ ਸਿੰਘ, ਲਾਡੀ, ਦਵਿੰਦਰ ਸਿੰਘ ਭੁੱਲਰ ਆਦਿ ਆਗੂ ਵੀ ਸ਼ਾਮਲ ਸਨ।

# ਐਂਟੀ ਡਰੋਨ ਸਿਸਟਮ ਸਰਹੱਦ ਪਾਰੋਂ ਹੋਣ ਵਾਲੀ ਨਸ਼ੇ ਤੇ ਹਥਿਆਰਾਂ ਦੀ ਸਮੱਗਲਿੰਗ ਨੂੰ ਠੱਲ੍ਹੇਗਾ : ਸਰਬ ਸੰਧੂ, ਪਹਿਲਵਾਨਕੇ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਜ਼ਿਲ੍ਹੇ ਵਿੱਚ ਲਾਂਚ ਕੀਤਾ ਗਿਆ ਬਾਜ ਅੱਖ ਐਂਟੀ ਡ੍ਰੋਨ ਸਿਸਟਮ ਸਰਹੱਦ ਪਾਰੋਂ ਹੋਣ ਵਾਲੀ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਨੂੰ ਠੱਲ੍ਹ ਪਾਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਰਬ ਸੰਧੂ ਅਤੇ ਸਰਪੰਚ ਦਿਲਬਾਗ ਸਿੰਘ ਪਹਿਲਵਾਨਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਮੱਗਲਿੰਗ ਨੂੰ ਰੋਕਣ ਐਂਟੀ ਡ੍ਰੋਨ ਸਿਸਟਮ 'ਤੇ 51.4 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ ਤਾਂ ਜੋ ਸੂਬੇ ਦੀ ਜਵਾਨੀ ਨੂੰ ਮੌਤ ਦੇ ਖੂਹ 'ਚ ਡਿੱਗਣੋਂ ਬਚਾਇਆ ਜਾ ਸਕੇ।ਸਰਬ ਸੰਧੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਨਸ਼ਾ ਤਸਕਰੀ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਇਹ ਸਿਸਟਮ ਨਾ ਸਿਰਫ਼ ਡਰੋਨ ਰਾਹੀਂ ਤਸਕਰੀ ਨੂੰ ਰੋਕੇਗਾ ਸਗੋਂ ਸਰਹੱਦੀ ਖੇਤਰਾਂ ਵਿਚ ਸ਼ਾਂਤੀ ਅਤੇ ਸੁਰੱਖਿਆ ਨੂੰ ਵੀ ਯਕੀਨੀ ਬਣਾਏਗਾ। ਇਸ ਸਿਸਟਮ ਦੀ ਸਥਾਪਨਾ ਨਾਲ



ਪੰਜਾਬ ਪੁਲਸ ਅਤੇ ਬੀਐੱਸਐੱਫ ਨੂੰ ਸਰਹੱਦ 'ਤੇ ਨਜ਼ਰ ਰੱਖਣ ਵਿਚ ਵਧੇਰੇ ਸਮਰੱਥਾ ਮਿਲੇਗੀ, ਜਿਸ ਨਾਲ ਨਸ਼ਿਆਂ ਦੀ ਸਮੱਸਿਆ ਤੇ ਪ੍ਰਭਾਵੀ ਢੰਗ ਨਾਲ ਕਾਬੂ ਪਾਇਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਇਸ ਫ਼ੈਸਲੇ ਨੂੰ ਸਥਾਨਕ ਲੋਕਾਂ ਅਤੇ ਪਿੰਡਾਂ ਦੇ ਨੁਮਾਇੰਦਿਆਂ ਵੱਲੋਂ ਵੀ ਸਰਾਹਿਆ ਜਾ ਰਿਹਾ ਹੈ।ਇਸ ਮੌਕੇ ਸਰਪੰਚ ਦਿਲਬਾਗ ਸਿੰਘ ਪਹਿਲਵਾਨਕੇ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨਸ਼ਾ ਤਸਕਰਾਂ ਖਿਲਾਫ਼ ਡਟ ਕੇ ਕਾਰਵਾਈ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਲਾਂਚ ਕੀਤਾ ਗਿਆ ਐਂਟੀ ਡ੍ਰੋਨ ਸਿਸਟਮ ਨਸ਼ੇ ਤੇ ਹਥਿਆਰਾਂ ਦੀ ਤਸਕਰੀ ਨੂੰ ਰੋਕਣ ਲਈ ਅਹਿਮ ਭੂਮਿਕਾ ਨਿਭਾਵੇਗਾ।

# ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਅੰਤਰਰਾਸ਼ਟਰੀ ਯੁਵਾ ਦਿਵਸ ਮਨਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ, ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ-ਰੇਖ ਅਧੀਨ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਰੈੱਡ ਰਿਬਨ ਕਲੱਬ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ ਹੇਠ ਅੰਤਰਰਾਸ਼ਟਰੀ ਯੁਵਾ ਦਿਵਸ ਮਨਾਇਆ ਗਿਆ।ਇਸ ਮੌਕੇ ਕਾਲਜ ਪ੍ਰੋਫ਼ੈਸਰ ਪ੍ਰੀਮਲਜੀਤ ਕੌਰ, ਬਾਟਨੀ ਵਿਭਾਗ ਨੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਯੁਵਾ ਦਿਵਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਕਾਲਜ ਪ੍ਰੋਫ਼ੈਸਰ ਮਨਜੀਤ ਕੌਰ, ਨੋਡਲ ਅਫ਼ਸਰ ਰੈੱਡ ਰਿਬਨ ਕਲੱਬ ਨੇ ਵੀ ਯੁਵਾ ਦਿਵਸ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰਿੰ. ਡਾ. ਗੁਰਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨੌਜਵਾਨ ਦੇਸ਼ ਦਾ ਬਹੁਮੁੱਲਾ ਸਰਮਾਇਆ ਹੁੰਦੇ ਹਨ।ਅੰਤਰਰਾਸ਼ਟਰੀ ਯੁਵਾ ਦਿਵਸ ਮਨਾਉਣ ਦਾ ਮਨੋਰਥ ਵਿਦਿਆਰਥੀਆਂ ਨੂੰ ਸਮਾਜ ਵਿੱਚ ਉਨ੍ਹਾਂ ਦੀ




ਅਹਿਮੀਅਤ ਤੋਂ ਜਾਣੂ ਕਰਵਾਉਣਾ ਅਤੇ ਇਹ ਦੱਸਣਾ ਹੈ ਕਿ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਸਿਹਤਮੰਦ, ਅਨੁਸ਼ਾਸਨ ਦੀ ਪਾਲਣਾ ਕਰਨ ਵਾਲੇ ਅਤੇ ਸਮਾਜਿਕ ਕਦਰਾਂ-ਕੀਮਤਾਂ ਵਿੱਚ ਪ੍ਰਪੱਕ ਯੁਵਕ ਹੀ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾ ਸਕਦੇ ਹਨ।ਇਸ ਮੌਕੇ ਕਾਲਜ ਦੇ ਸਮੂਹ ਸਟਾਫ਼ ਮੈਂਬਰ ਸਾਹਿਬਾਨ ਹਾਜ਼ਰ ਸਨ।

# ਕ੍ਰਿਸ਼ਨ ਜਨਮ ਅਸ਼ਟਮੀ 16 ਤੋਂ 18 ਤੱਕ



ਅਜਨਾਲਾ, (ਸੁੱਖਤਿੰਦਰ ਸਿੰਘ ਰਾਜੂ)-ਸਥਾਨਕ ਸ਼ਹਿਰ ਅਜਨਾਲਾ ਦੇ ਵਾਰਡ ਨੰਬਰ 7 ਨਵੀਂ ਆਬਾਦੀ ਵਿੱਚ ਸਥਿਤ ਮੰਦਿਰ ਲਕਸ਼ਮੀ ਨਾਰਾਇਣ ਵਿਖੇ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ 16,17,18 ਅਗਸਤ ਨੂੰ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਦੇ ਨਾਲ ਮਨਾਇਆ ਜਾਵੇਗਾ ਜਿਸ ਵਿੱਚ ਵਰਿੰਦਾਵਨ ਤੋਂ ਮਹਾਰਾਜ ਭਾਰਤ ਭੂਸ਼ਨ ਸ਼ਾਮ 7 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਸ੍ਰੀ ਕ੍ਰਿਸ਼ਨ ਮਹਾਰਾਜ ਦੀ ਲੀਲਾ ਦਾ ਗੁਣਗਾਨ ਕਰਨਗੇ। ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਜਾਵੇਗਾ।ਸਭ ਪਰਿਵਾਰਾਂ ਨੂੰ ਬੇਨਤੀ ਹੈ ਕੀ ਸਭ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਸ਼੍ਰੀ ਕ੍ਰਿਸ਼ਨ ਮਹਾਰਾਜ ਦਾ ਅਸ਼ੀਰਵਾਦ ਪ੍ਰਾਪਤ ਕਰੋ।ਇਹ ਜਾਣਕਾਰੀ ਲਕਸ਼ਮੀ ਨਾਰਾਇਣ ਮੰਦਰ ਦੇ ਸੁਆਮੀ ਸੱਤ ਪ੍ਰਕਾਸ਼ ਸ਼ਰਮਾ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਦੌਰਾਨ ਸਾਂਝੀ ਕੀਤੀ।ਇਸ ਮੌਕੇ ਬਾਊ ਜਸਪਾਲ ਮਹਿਤਾ, ਰਾਮ ਮੂਰਤੀ, ਪ੍ਰੈੱਸ ਸਕੱਤਰ ਮਨੀਸ਼ ਕੁਮਾਰ, ਪ੍ਰਦੀਪ ਕੁਮਾਰ ਠਾਕੁਰ, ਧਾਰਮਿਕ ਗਾਇਕ ਹਰਸ਼ ਕੁਮਾਰ ਅਰੋੜਾ, ਦਕਸ਼ ਕੁਮਾਰ, ਅਸ਼ੋਕ ਕੁਮਾਰ, ਅਨੁਰਾਗ ਸ਼ਰਮਾ, ਅਸ਼ਵਨੀ ਮਹਿਤਾ, ਪਵਨ ਮਹਿਤਾ, ਅਜੈ ਕੁਮਾਰ ਮਹਿਤਾ, ਜਤਿਨ ਕੁਮਾਰ, ਪ੍ਰਦੀਪ ਕੁਮਾਰ ਕੁਮਾਰ ਆਦਿ ਹਾਜ਼ਰ ਸਨ

# 76ਵੀਆਂ ਜ਼ੋਨਲ ਖੇਡਾਂ 'ਚ ਸੇਂਟ ਜੋਸਫ ਕੌਨਵੈਂਟ ਸਕੂਲ ਨੇ ਮਾਰੀਆਂ ਮੱਲਾਂ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-76ਵੀਆਂ ਜ਼ੋਨਲ ਖੇਡਾਂ ਜੋ ਕਿ ਪਿਛਲੇ ਦਿਨੀਂ ਸਸਸ ਜੋਗੀ ਚੀਮਾ ਵਿੱਚ ਹੋਈਆਂ, ਵਿੱਚ ਯੋਗਾ ਦਾ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ ਸੇਂਟ ਜੋਸਫ਼ ਕਾਨਵੈਂਟ ਸਕੂਲ ਦੇ ਅੰਡਰ -14 ਕੁੜੀਆਂ ਪਰਨੀਤ ਕੌਰ, ਸੇਜਲ ਪ੍ਰੀਤ ਕੌਰ, ਮਨਪ੍ਰੀਤ ਕੌਰ, ਸਮਰੀਤ ਕੌਰ ਮਹਿਨਾਜ ਬੀਰ ਕੌਰ ਅਤੇ ਹਰ ਸੀਰਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ।ਅੰਡਰ-14 ਲੜਕੀਆਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਅੰਡਰ -17 ਲੜਕੀਆਂ ਰਹਿਤ ਪ੍ਰੀਤ ਕੌਰ, ਨਵਦੀਪ ਕੌਰ ਮਾਨਿਆ, ਅਮਾਨਤ ਪ੍ਰੀਤ ਕੌਰ, ਪਰਸਿਸ ਮੱਟੂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਲੜਕੇ ਪਰਮਪ੍ਰੀਤ ਸਿੰਘ, ਵਿਸ਼ਾਲ ਮੱਟੂ, ਹਰਮਨਪ੍ਰੀਤ ਸਿੰਘ, ਸੁਖਮਨਦੀਪ ਸਿੰਘ ਅਤੇ ਬਹਾਦਰ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।ਖੇਡਾਂ ਦੇ ਅੰਤ ਵਿੱਚ ਜ਼ੋਨਲ ਹੈੱਡ ਨੇ ਜੇਤੂ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ। ਸਕੂਲ ਆਉਣ ਤੇ ਵਿਦਿਆਰਥੀਆਂ ਦਾ ਤੇ ਯੋਗਾ ਮੈਡਮ ਸੋਨਮ ਦਾ ਸਕੂਲ ਦੇ ਪ੍ਰਿੰਸੀਪਲ ਸਿਸਟਰ ਜੋਸੀਆ ਤੇ ਸਮੂਹ ਸਟਾਫ ਮੈਂਬਰਾਂ ਨੇ ਨਿੱਘਾ ਸਵਾਗਤ ਕੀਤਾ।



# ਮਾਨ ਸਰਕਾਰ ਨੇ ਹਮੇਸ਼ਾ ਕਿਸਾਨਾਂ ਦੇ ਹਿੱਤਾਂ ਨੂੰ ਤਰਜੀਹ ਦਿੱਤੀ: ਸ਼ੈਰੀ ਕਲਸੀ

ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹਮੇਸ਼ਾ ਕਿਸਾਨੀ ਹਿੱਤਾਂ ਨੂੰ ਤਰਜੀਹ ਦਿੱਤੀ ਹੈ ਅਤੇ ਕਿਸਾਨਾਂ ਪੱਖੀ ਕਦਮ ਉਠਾਏ ਹਨ।ਚਾਹੇ ਕਿਸਾਨਾਂ ਦੀ ਕਰਜ਼ਾ ਮਾਫੀ ਹੋਵੇ, ਫਸਲਾਂ ਲਈ ਵਧੀਆ ਭਾਅ ਦੀ ਲੜਾਈ ਹੋਵੇ, ਸਿੰਚਾਈ ਸਹੂਲਤਾਂ ਦਾ ਵਾਧਾ ਹੋਵੇ ਜਾਂ ਬਿਜਲੀ ਬਿੱਲਾਂ ਵਿੱਚ ਰਾਹਤ, ਹਰ ਕਦਮ ਕਿਸਾਨਾਂ ਦੀ ਭਲਾਈ ਲਈ ਹੀ ਚੁੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸੇ ਸੋਚ ਦੇ ਤਹਿਤ ਲੈਂਡ ਪੂਲਿੰਗ ਨੀਤੀ 2025 ਵੀ ਬਣਾਈ ਗਈ ਸੀ, ਜਿਸ ਦਾ ਮਕਸਦ ਕਿਸਾਨਾਂ ਨੂੰ ਵਿਕਾਸ ਵਿੱਚ ਸਿੱਧਾ ਹਿੱਸੇਦਾਰ ਬਣਾਉਣਾ, ਉਨ੍ਹਾਂ ਦੀ ਜ਼ਮੀਨ ਦੀ ਕੀਮਤ ਕਈ ਗੁਣਾ ਵਧਾਉਣਾ ਅਤੇ ਉਨ੍ਹਾਂ ਨੂੰ ਆਧੁਨਿਕ ਸਹੂਲਤਾਂ ਨਾਲ ਜੋੜਨਾ ਸੀ। ਉਨ੍ਹਾਂ ਅੱਗੇ ਕਿਹਾ ਕਿ ਪਰ ਕਿਸਾਨ ਇਸ ਨੀਤੀ ਤੋਂ ਅਸ਼ਤੁੰਟ ਸਨ, ਜਿਸ ਕਾਰਨ ਨੀਤੀ ਨੂੰ ਲਾਗੂ ਕਰਨਾ ਜਨਹਿੱਤ ਅਤੇ ਲੋਕਤੰਤਰਕ ਸਿਧਾਂਤਾਂ ਦੇ ਖਿਲਾਫ਼ ਹੈ।ਇਸ ਕਰਕੇ ਸਰਕਾਰ ਨੇ ਕਿਸਾਨਾਂ ਦੀ ਰਾਇ ਨੂੰ ਸਰਵੋਤਮ ਮੰਨਦਿਆਂ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਦਾ ਵੱਡਾ ਅਤੇ ਇਤਿਹਾਸਕ ਫ਼ੈਸਲਾ ਲਿਆ ਹੈ।ਉਨ੍ਹਾਂ ਨੇ ਕਿਹਾ ਕਿ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਪੰਜਾਬੀਅਤ ਦੀ ਅਸਲੀ ਪਛਾਣ ਮਿੱਟੀ, ਮਿਹਨਤ ਅਤੇ ਮਾਣ ਨੂੰ ਬਚਾਉਣ ਵਿੱਚ ਹੈ।ਕਿਸਾਨਾਂ ਦੀ ਖੁਸ਼ਹਾਲੀ ਹੀ ਪੰਜਾਬ ਦੀ ਖੁਸ਼ਹਾਲੀ ਹੈ ਅਤੇ ਇਹੀ ਸੂਬਾ ਸਰਕਾਰ ਦਾ ਸਭ ਤੋਂ ਵੱਡਾ ਟੀਚਾ ਹੈ।

# ਬਾਰਸ਼ਾਂ ਦੇ ਝੰਬੇ ਦੁਨੇਰਾ ਮਾਰਗ 'ਤੇ ਵੱਡੀਆਂ ਗੱਡੀਆਂ ਲੰਘਣ 'ਤੇ ਪਾਬੰਦੀ



ਪਠਾਨਕੋਟ (ਦਵਿੰਦਰ ਸਿੰਘ)-ਜ਼ਿਲ੍ਹਾ ਪਠਾਨਕੋਟ ਅੰਦਰ ਹੋ ਰਹੀ ਤੇਜ਼ ਬਾਰਿਸ਼ ਦੇ ਚਲਦਿਆਂ ਪਠਾਨਕੋਟ ਡਲਹੌਜ਼ੀ ਰੋਡ ਨਜ਼ਦੀਕ ਦੁਨੇਰਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਜਿਸ ਨੂੰ ਦੇਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਪਠਾਨਕੋਟ ਵੱਲੋਂ ਵੱਡੇ ਵਾਹਨਾਂ ਦੇ ਲਈ ਇਸ ਮਾਰਗ ਨੂੰ ਅਗਲੇ ਹੁਕਮਾਂ ਤੱਕ ਬੰਦ ਕੀਤਾ ਗਿਆ ਹੈ। ਇਹ ਜਾਣਕਾਰੀ ਹਰਦੀਪ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਵੱਲੋਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਦੁਨੇਰਾ ਤੇਜ਼ ਬਾਰਿਸ਼ ਦੇ ਕਾਰਨ ਧਸ ਜਾਣ ਕਰਕੇ ਆਵਾਜਾਈ ਪਿਛਲੀ ਰਾਤ ਤੋਂ ਬੰਦ ਕਰ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਨੂੰ ਲੈ ਕੇ ਪੈਦਲ ਚੱਲਣ ਵਾਲੇ ਰਾਹਗੀਰਾਂ, ਦੋਪਹੀਆ ਵਾਹਨ ਅਤੇ ਛੋਟੀਆਂ ਗੱਡੀਆਂ ਦੇ ਲਈ ਇਸ ਮਾਰਗ ਨੂੰ ਠੀਕ ਕਰ ਦਿੱਤਾ ਗਿਆ ਹੈ ਪਰ ਇਸ ਮਾਰਗ 'ਤੇ ਵੱਡੀਆਂ ਗੱਡੀਆਂ ਦੇ ਗੁਜ਼ਰਨ 'ਤੇ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਜਨਤਾ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਪ੍ਰਭਾਵਿਤ ਮਾਰਗ ਦੇ ਦੋਵੇਂ ਸਾਈਡਾਂ 'ਤੇ ਪੁਲਸ ਪੋਸਟਾਂ ਬਣਾਈਆਂ ਗਈਆਂ ਹਨ ਤਾਂ ਜੋ ਕਿਸੇ ਕਿਸਮ ਦਾ ਜਾਨੀ ਜਾਂ ਮਾਲੀ ਨੁਕਸਾਨ ਨਾ ਹੋ ਸਕੇ।

# ਬੀਬੀ ਜਗੀਰ ਕੌਰ ਰੰਧਾਵਾ ਨੂੰ ਵੱਖ-ਵੱਖ ਸਿਆਸੀ ਤੇ ਸਮਾਜ ਸੇਵੀ ਆਗੂਆਂ ਵੱਲੋਂ ਸ਼ਰਧਾਂਜਲੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੇ ਨਜ਼ਦੀਕੀ ਪਿੰਡ ਠੇਠਰਕੇ ਦੇ ਸਾਬਕਾ ਸਰਪੰਚ ਤੇ ਆਪ ਆਗੂ ਹਰਜੀਤ ਸਿੰਘ ਰੰਧਾਵਾ ਦੇ ਮਾਤਾ ਅਤੇ ਸਵਰਗਵਾਸੀ ਜਸਵੰਤ ਸਿੰਘ ਰੰਧਾਵਾ ਦੇ ਧਰਮ ਸੁਪਤਨੀ ਜਗੀਰ ਕੌਰ ਰੰਧਾਵਾ (87) ਜੋ ਕੁਝ ਦਿਨ ਪਹਿਲਾਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਸਵਰਗਵਾਸ ਹੋ ਗਏ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਠੇਠਰਕੇ ਵਿਖੇ ਪਾਏ ਗਏ। ਉਪਰੰਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਬਾਬਾ ਸਿੰਧ ਸੋਹ ਪਿੰਡ ਠੇਠਰਕੇ ਵਿਖੇ ਕਰਵਾਇਆ ਗਿਆ ।

ਇਸ ਮੌਕੇ ਹਜ਼ੂਰੀ ਰਾਗੀ ਭਾਈ ਬਖ਼ਸ਼ੀਸ਼ ਸਿੰਘ ਮਲਕਵਾਲ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਸ਼ਰਧਾਂਜਲੀ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਐੱਸਜੀਪੀਸੀ ਮੈਂਬਰ ਜਥੇਦਾਰ ਅਮਰੀਕ ਸ਼ਿੰਘ ਸ਼ਾਹਪੁਰ ਗੋਰਾਇਆ, ਕਾਮਰੇਡ ਗੁਲਜ਼ਾਰ ਸਿੰਘ ਬਸੰਤ ਕੋਟ, ਯੁੱਧ ਨਸ਼ਿਆਂ ਵਿਰੁੱਧ ਦੇ ਹਲਕਾ ਕੋਆਰਡੀਨੇਟਰ ਪਲਵਿੰਦਰ ਸਿੰਘ ਘਣੀਆਂ, ਸਾਬਕਾ ਚੇਅਰਮੈਨ ਮਨਮੋਹਨ ਸਿੰਘ ਪੱਖੋਕੇ, ਪੱਤਰਕਾਰ ਬਲਵਿੰਦਰ ਸਿੰਘ ਪੱਖੋਕੇ ਅਤੇ ਗੁਰਪ੍ਰੀਤ ਸਿੰਘ ਠੇਠਰਕੇ ਸਮੇਤ ਵੱਖ-ਵੱਖ ਬੁਲਾਰਿਆਂ ਨੇ ਬੀਬੀ ਜਗੀਰ ਕੌਰ ਰੰਧਾਵਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਨਾਲ ਰੰਧਾਵਾ ਪਰਿਵਾਰ ਨੂੰ ਬਹੁਤ ਵੱਡਾ ਘਾਟਾ



ਪਿਆ ਹੈ, ਜੋ ਕਦੇ ਪੂਰਾ ਨਹੀਂ ਹੋ ਸਕਦਾ ।ਉਹ ਬਹੁਤ ਹੀ ਨਿੱਘੇ ਸੁਭਾਅ ਦੇ ਮਾਲਕ ਸਨ ਅਤੇ ਧਾਰਮਿਕ ਰੁਚੀ ਰੱਖਦੇ ਸਨ ।ਉਨ੍ਹਾਂ ਦੀ ਪ੍ਰੇਰਨਾ ਸਦਕਾ ਅੱਜ ਉਨ੍ਹਾਂ ਦੀਆਂ ਬੇਟੀਆਂ ਅਤੇ ਸਪੁੱਤਰ ਹਰਜੀਤ ਸਿੰਘ ਰੰਧਾਵਾ ਵੀ ਆਪਣੀ ਮਾਤਾ ਦੇ ਨਕਸ਼ੇ ਕਦਮ ਉਤੇ ਚੱਲਦਿਆਂ ਰਾਜਨੀਤੀ, ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਬਾਖੂਬੀ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ ।ਉਨ੍ਹਾਂ ਦੀ ਬੇਟੀ ਅਧਿਆਪਕਾ ਹਰਮੀਤ ਕੌਰ ਵੱਲੋਂ ਆਈਆਂ ਸੰਗਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਸਾਬਕਾ ਚੇਅਰਮੈਨ ਗੋਪਾਲ ਸਿੰਘ ਠੇਠਰਕੇ, ਸਰਪੰਚ ਕੈਪਟਨ ਨਰਿੰਦਰ ਸਿੰਘ, ਪੀਏ ਲਵਪ੍ਰੀਤ ਸਿੰਘ, ਪ੍ਰਧਾਨ ਰਾਜੇਸ਼ ਕੁਮਾਰ ਬਿੱਟਾ, ਵਾਈਸ ਪ੍ਰਧਾਨ ਕੁਲਵਿੰਦਰ ਸਿੰਘ ਬੇਦੀ, ਕੌਂਸਲਰ ਹਰਵਿੰਦਰ ਸਿੰਘ ਰੰਧਾਵਾ, ਕੌਂਸਲਰ ਬਲਦੇਵ ਰਾਜ ਡਾਇਮੰਡ, ਕੌਂਸਲਰ ਬਲਕਾਰ ਸਿੰਘ ਘੁੰਮਣ, ਕੌਂਸਲਰ ਧਰਮਪਾਲ ਸਿੰਘ ਮੱਤਰੀ, ਅਸ਼ੋਕ ਕਾਮਰੇਡ, ਸਰਪੰਚ ਹਰਪ੍ਰੀਤ ਸਿੰਘ ਹੈਪੀ, ਇੰਦਰਜੀਤ ਸਿੰਘ ਚਾਕਾਂਵਾਲੀ, ਕਿਸਾਨ ਆਗੂ ਸਰਵਨ ਸਿੰਘ, ਸਰਬਜੀਤ ਸਿੰਘ, ਜਗਜੀਤ ਸਿੰਘ, ਉਂਕਾਰ ਸਿੰਘ, ਮੇਜਰ ਸਿੰਘ ਠੇਠਰਕੇ, ਜੋਗਾ ਸਿੰਘ ਮਾਨ, ਜਗਜੀਤ ਸਿੰਘ ਠੇਠਰਕੇ, ਹੈੱਡਮਾਸਟਰ ਅਰਵਿੰਦਰ ਪਾਲ ਸਿੰਘ, ਹੈੱਡਮਾਸਟਰ ਹਰਜੀਤ ਸਿੰਘ ਬੇਦੀ, ਫੌਜੀ ਗੁਰਨਾਮ ਸਿੰਘ ਠੇਠਰਕੇ, ਹਰਜਿੰਦਰ ਸਿੰਘ ਬੱਲ, ਸਰਪੰਚ ਹਰਭਜਨ ਸਿੰਘ ਰੱਤੜ੍ਹ-ਛੱਤੜ, ਕੁਲਵਿੰਦਰ ਸਿੰਘ ਸ਼ਹਿਜ਼ਾਦਾ, ਬਲਰਾਜ ਸਿੰਘ ਲੰਬੜਦਾਰ, ਰਾਜਵਿੰਦਰ ਸਿੰਘ, ਹਰਭਜਨ ਸਿੰਘ, ਸਰਪੰਚ ਹਰਪਿੰਦਰ ਸਿੰਘ ਭੁੱਲਰ, ਵੈਟਰਨਰੀ ਪ੍ਰਧਾਨ ਸਰਵਨ ਸਿੰਘ, ਚੰਦਾ ਸਿੰਘ ਹੁਰਵਾਲ ਸਮੇਤ ਵੱਖ-ਵੱਖ ਪਿੰਡਾਂ ਦੇ ਪੰਚ ਸਰਪੰਚ,ਵੱਖ-ਵੱਖ ਮਹਿਕਮਿਆਂ ਦੇ ਕਰਮਚਾਰੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰੰਧਾਵਾ ਪਰਿਵਾਰ ਦੇ ਰਿਸ਼ਤੇਦਾਰ ਹਾਜ਼ਰ ਸਨ ।

# ਕਲਾਸਵਾਲਾ ਖਾਲਸਾ ਸਕੂਲ ਵੱਲੋਂ ਜ਼ੋਨਲ ਪੱਧਰੀ ਖੇਡ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- 76ਵੀਆਂ ਖੇਤਰੀ ਖੇਡਾਂ ਪਿੰਡ ਹਰਚੋਵਾਲ ਕਰਵਾਈਆਂ ਗਈਆਂ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਖਿਡਾਰੀਆਂ 'ਚ ਅੰਡਰ -17 ਵਰਗ 'ਚ ਕੁੜੀਆਂ ਨੇ ਰੱਸਾ-ਕੱਸੀ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।

ਅੰਡਰ -19 ਵਰਗ ਵਾਲੀਬਾਲ ਵਿੱਚ ਦੂਸਰਾ ਸਥਾਨ ਅਤੇ ਅੰਡਰ -19 ਖੋ-ਖੋ ਵਿੱਚ ਦੂਸਰਾ ਸਥਾਨ, 88 ਵੇਟ ਲਿਫਟਿੰਗ ਵਿੱਚ ਵੀ ਸਕੂਲ ਦੀ ਟੀਮ ਪਹਿਲੇ ਸਥਾਨ 'ਤੇ ਰਹੀ, ਰੱਸਾ-ਕੱਸੀ ਅੰਡਰ -19 ਵਰਗ ਵਿੱਚ ਲੜਕਿਆਂ ਨੇ ਤੀਸਰਾ ਸਥਾਨ ਹਾਸਿਲ ਕੀਤਾ।

ਖੇਡਾਂ ਦੇ ਅੰਤ ਵਿੱਚ ਜੇਤੂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਵਿਸ਼ੇਸ਼ ਮੈਡਲ ਦੇ ਕੇ ਸਨਮਾਨਿਤ ਕੀਤਾ।

ਇਸ ਜਿੱਤ ਲਈ ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਸ਼ਾਲਿਨੀ ਦੱਤਾ ਨੇ ਡੀ. ਪੀ. ਰਛਪਾਲ ਸਿੰਘ ਅਤੇ ਬੱਚਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਆਰਪੀਐੱਸ ਸਕੂਲ ਦੇ ਚੇਅਰਮੈਨ ਗਗਨਦੀਪ ਸਿੰਘ ਵਿਰਕ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਸਕੂਲਾਂ ਦੇ ਅਧਿਆਪਕ ਮੌਜੂਦ ਸਨ।

# ਕਿਸਾਨ ਵਿੰਗ ਦਾ ਪ੍ਰਧਾਨ ਬਣਨ 'ਤੇ ਗਿੱਲ ਨੇ ਬੋਪਾਰਾਏ ਦਾ ਮੂੰਹ ਮਿੱਠਾ ਕਰਵਾਇਆ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ-ਆਮ ਆਦਮੀ ਪਾਰਟੀ (ਆਪ) ਨੇ ਜ਼ਿਲਾ ਅੰਮ੍ਰਿਤਸਰ ਵਿਚ ਆਪਣੀ ਸੰਗਠਨਾਤਮਕ ਸਰਗਰਮੀਆਂ ਨੂੰ ਹੋਰ ਮਜ਼ਬੂਤ ਕਰਨ ਲਈ ਸਰਪੰਚ ਬਲਬੀਰ ਸਿੰਘ ਬੋਪਾਂਰਾਏ ਨੂੰ 'ਆਪ' ਦਾ ਦੂਜੀ ਵਾਰ ਜ਼ਿਲਾ ਅੰਮ੍ਰਿਤਸਰ ਦਿਹਾਤੀ ਕਿਸਾਨ ਵਿੰਗ ਦਾ ਪ੍ਰਧਾਨ ਨਿਯੁਕਤ ਕੀਤੇ ਜਾਣ ਉਪਰੰਤ ਹਲਕਾ ਮਜੀਠਾ ਦੇ ਆਮ ਆਦਮੀ ਪਾਰਟੀ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਬੋਪਾਰਾਏ ਦਾ ਮੂੰਹ ਮਿੱਠਾ ਕਰਵਾਇਆ ਤੇ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਬੀਰ ਸਿੰਘ ਬੋਪਾਰਾਏ ਨੇ ਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਇਸ ਮਿਲੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਨਿਭਾਵਾਂਗਾ।ਮੇਰਾ ਮੁੱਖ ਟੀਚਾ ਕਿਸਾਨਾਂ ਨੂੰ ਆਮ ਆਦਮੀ ਪਾਰਟੀ ਦੇ ਵਿਕਾਸ ਅਤੇ ਸੁਧਾਰ ਦੇ ਏਜੰਡੇ ਨਾਲ ਜੋੜਨਾ ਹੈ।ਇਸ ਮੌਕੇ ਨਵ-ਨਿਯੁਕਤ ਜ਼ਿਲਾ ਪ੍ਰਧਾਨ ਸਰਪੰਚ ਬਲਬੀਰ ਸਿੰਘ ਬੋਪਾਰਾਏ ਨੂੰ ਇਸ ਮਿਲੀ ਜ਼ਿੰਮੇਵਾਰੀ ਲਈ ਵਧਾਈ ਦੇਣ ਵਾਲਿਆਂ ਵਿਚ



ਤਰਵਿੰਦਰ ਸਿੰਘ ਸਾਧਪੁਰ, ਨਿਸ਼ਾਨ ਸਿੰਘ ਅਰਜਨ ਮਾਂਗਾ, ਹਰਜੀਤ ਸਿੰਘ ਬਾਬੋਵਾਲ, ਹਰਜੀਤ ਸਿੰਘ ਉਦੋਕੇ, ਬਲਜਿੰਦਰ ਸਿੰਘ ਉਦੋਕੇ, ਜੋਗਾ ਸਿੰਘ ਉਦੋਕੇ, ਜਸਬੀਰ ਸਿੰਘ ਭੋਏ, ਗੁਰਨਾਮ ਸਿੰਘ ਖਿੱਦੋਵਾਲੀ, ਰਾਜਵਿੰਦਰ ਸਿੰਘ ਖਿੱਦੋਵਾਲੀ, ਕੈਪਟਨ ਸਿੰਘ ਖਿੱਦੋਵਾਲੀ, ਪਰਮਜੀਤ ਸਿੰਘ ਤਾਹਰਪੁਰ ਆਦਿ ਸ਼ਾਮਲ ਸਨ।

EZ CAPITAL
CRISIL Rating: BBB- Stable

**EXCLUSIVE LEASING AND FINANCE PRIVATE LIMITED**
**(Formerly known as EXCLUSIVE LEASING AND FINANCE LIMITED)**

Regd. Off. Add: 321 & 322. 3rd Floor. Narain Manzil Building. 23 Barakhambha Road. New Delhi - 110-001
Corp. Off. Add: 87, Radio Colony, Mahavir Marg. Near BMC Chowk. Jalandhar-144001
Tel.: 78370 78390 | E-mail: info@ezcapital.in | CIN : U65921DL1984PTC018746

**ਵਿਸ਼ਾ : ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ("ਸਰਫੇਸੀ ਐਕਟ, 2002") ਦੇ ਸੈਕਸ਼ਨ 13(2) ਅਧੀਨ ਨੋਟਿਸ**

**ਕਰਜ਼ਾ ਖਾਤਾ ਨੰ. : ਐੱਲ ਏ ਪੀ-ਜੇ ਡੀ ਐੱਚ-1090**
**ਕਰਜ਼ਦਾਰ ਅਤੇ ਗਰੰਟਰ :** 1) ਸ੍ਰੀ ਸੁਰਜੀਤ ਸਿੰਘ ਪੁੱਤਰ ਜੋਗਾ ਸਿੰਘ, ਵਾਸੀ ਡਾਕਖਾਨਾ ਫਤਹਿਗੜ੍ਹ ਪੰਜਤੂਰ, ਮਹਿਲੇਵਾਲਾ, ਫਿਰੋਜ਼ਪੁਰ, ਪੰਜਾਬ-142043, 2) ਸ੍ਰੀਮਤੀ ਭਜਨ ਕੌਰ ਪਤਨੀ ਸੁਰਜੀਤ ਸਿੰਘ, ਵਾਸੀ ਡਾਕਖਾਨਾ ਫਤਹਿਗੜ੍ਹ ਪੰਜਤੂਰ, ਮਹਿਲੇਵਾਲਾ, ਫਿਰੋਜ਼ਪੁਰ, ਪੰਜਾਬ-142043
**ਗਰੰਟਰ :** ਸ੍ਰੀ ਬਲਿਹਾਰ ਸਿੰਘ ਪੁੱਤਰ ਮੇਜਰ ਸਿੰਘ, ਵਾਸੀ ਮਹਿਲੇਵਾਲਾ, ਤਹਿਸੀਲ ਜ਼ੀਰਾ, ਫਿਰੋਜ਼ਪੁਰ, ਪੰਜਾਬ-142043
**ਬਕਾਇਆ ਰਕਮ :** ਰੁ. 15,36,331,00 ਸਮੇਤ ਭਵਿੱਖੀ ਵਿਆਜ ਅਤੇ ਚਾਰਜਿਜ਼
**ਜਾਇਦਾਦ ਦਾ ਵੇਰਵਾ :** ਖੇਵਟ ਨੰ. 302, ਖਤੌਨੀ ਨੰ. 353, ਖਸਰਾ ਨੰ. 19 ਐੱਮ//2/1(4-0) ਜਮ੍ਹਾਂਬੰਦੀ ਸਾਲ 2019-2020, ਵਾਕਿਆ ਰਕਬਾ ਮਹਿਲੇਵਾਲਾ, ਨੇੜੇ ਸੋਨੂ ਕਰਿਆਨਾ ਸਟੋਰ, ਜਾਇਦਾਦ ਭਜਨ ਕੌਰ ਪਤਨੀ ਸੁਰਜੀਤ ਸਿੰਘ ਦੇ ਨਾਂਅ 'ਤੇ ਤਹਿਸੀਲ ਜ਼ੀਰਾ, ਫਤਹਿਗੜ੍ਹ ਪੰਜਤੂਰ, ਜ਼ਿਲ੍ਹਾ ਫਿਰੋਜ਼ਪੁਰ।

**ਕਰਜ਼ਾ ਖਾਤਾ ਨੰ. : ਐੱਲ ਏ ਪੀ-ਜੇ ਡੀ ਐੱਚ-598**
**ਕਰਜ਼ਦਾਰ ਅਤੇ ਗਰੰਟਰ :** (1) ਸ੍ਰੀ ਜਗਤਾਰ ਸਿੰਘ ਪੁੱਤਰ ਭਾਗ ਸਿੰਘ, ਵਾਸੀ ਪਿੰਡ ਆਲੇਵਾਲਾ, ਫਿਰੋਜ਼ਪੁਰ, ਪੰਜਾਬ-152021 (2) ਸ੍ਰੀਮਤੀ ਰੁਪਿੰਦਰਜੀਤ ਕੌਰ ਪਤਨੀ ਸ੍ਰੀ ਜਗਤਾਰ ਸਿੰਘ, ਵਾਸੀ ਪਿੰਡ ਆਲੇਵਾਲਾ, ਫਿਰੋਜ਼ਪੁਰ, ਪੰਜਾਬ-152021 **ਗਰੰਟਰ :** ਸ੍ਰੀ ਬੁੱਧ ਸਿੰਘ ਪੁੱਤਰ ਸ਼ਿੰਗਾਰਾ ਸਿੰਘ, ਵਾਸੀ ਪਿੰਡ ਸਰਹਾਲੀ ਜ਼ੀਰਾ, ਫਿਰੋਜ਼ਪੁਰ, ਪੰਜਾਬ-142044
**ਬਕਾਇਆ ਰਕਮ :** ਰੁ. 20,33,913.00 ਸਮੇਤ ਭਵਿੱਖੀ ਵਿਆਜ ਅਤੇ ਚਾਰਜਿਜ।
**ਜਾਇਦਾਦ ਦਾ ਵੇਰਵਾ :** ਤਬਾਦਲਾ ਬੈਨਾਮਾ ਨੰ. 2021-22/117/1/2754 ਮਿਤੀ 31 ਜਨਵਰੀ 2022, ਜਾਇਦਾਦ ਦੇ ਗ੍ਰਹਿਣ ਅਧਿਕਾਰ ਦੀ ਨਿਸ਼ਾਨਦੇਹੀ 1 ਕਨਾਲ, ਖਸਰਾ ਨੰ. 23 ਐੱਮ.//10/2 (5-2), 11 (7-8), 12 (8-0), 13(3-0) 20/1 (0-16) ਖੱਤਾ ਨੰ. 107, ਜਮ੍ਹਾਂਬੰਦੀ ਸਾਲ 2019-2020, ਆਲੇਵਾਲਾ, ਤਹਿਸੀਲ ਜ਼ੀਰਾ, ਪੰਜਾਬ, ਸ੍ਰੀ ਜਗਤਾਰ ਸਿੰਘ ਪੁੱਤਰ ਭਾਗ ਸਿੰਘ, ਪਿੰਡ ਆਲੇਵਾਲਾ, ਫਿਰੋਜ਼ਪੁਰ, ਪੰਜਾਬ-152021 (ਇਸ ਤੋਂ ਬਾਅਦ "ਉਕਤ ਜਾਇਦਾਦ ਵਜੋਂ" ਹਵਾਲਾ)

**ਕਰਜ਼ਾ ਖਾਤਾ ਨੰ. : ਐੱਲ ਏ ਪੀ-ਜੇ ਡੀ ਐੱਚ-718**
**ਕਰਜ਼ਦਾਰ ਅਤੇ ਗਰੰਟਰ :** (1) ਸ੍ਰੀ ਕੁਲਵੰਤ ਸਿੰਘ ਪੁੱਤਰ ਮਹੈਣ ਸਿੰਘ, ਵਾਸੀ ਬੁਰਜ ਮੁਹੰਮਦ ਸ਼ਾਹ, ਫਤਹਿਗੜ੍ਹ, ਪੰਜਾਬ 142044 (2) ਸ੍ਰੀਮਤੀ ਕੁਲਜੀਤ ਕੌਰ ਪਤਨੀ ਕੁਲਵੰਤ ਸਿੰਘ, ਵਾਸੀ ਬੁਰਜ ਮੁਹੰਮਦ ਸ਼ਾਹ, ਫਤਹਿਗੜ੍ਹ, ਪੰਜਾਬ 142044, **ਗਰੰਟਰ :** ਸ੍ਰੀ ਹਰਜਿੰਦਰ ਸਿੰਘ ਪੁੱਤਰ ਲਖਵਿੰਦਰ ਸਿੰਘ, ਵਾਸੀ ਬੁਰਜ ਮੁਹੰਮਦ ਸ਼ਾਹ, ਫਤਹਿਗੜ੍ਹ, ਪੰਜਾਬ-142044
**ਬਕਾਇਆ ਰਕਮ :** ਰੁ. 21,32,999.00/- ਸਮੇਤ ਭਵਿੱਖੀ ਵਿਆਜ ਅਤੇ ਚਾਰਜਿਜ਼।
**ਜਾਇਦਾਦ ਦਾ ਵੇਰਵਾ :** ਕੁਲਜੀਤ ਕੌਰ ਪਤਨੀ ਕੁਲਵੰਤ ਸਿੰਘ, ਵਾਸੀ ਬੁਰਜ ਮੁਹੰਮਦ ਸ਼ਾਹ, ਫਤਹਿਗੜ੍ਹ, ਪੰਜਾਬ 142044 ਦੇ ਨਾਂਅ 'ਤੇ ਰਕਬਾ 12 ਮਰਲੇ, 1/2 ਸਰਸਾਈ, ਵਾਕਿਆ ਰਕਬਾ ਬੁਰਜ ਮੁਹੰਮਦ ਸ਼ਾਹ, ਜ਼ੀਰਾ, ਫਿਰੋਜ਼ਪੁਰ-142044, ਬੈਨਾਮਾ ਨੰ. 2023/24/119/1/495 ਮਿਤੀ 01.08.2023 (ਇਸ ਤੋਂ ਬਾਅਦ ਉਕਤ ਜਾਇਦਾਦ ਵਜੋਂ ਹਵਾਲਾ)

**ਕਰਜ਼ਾ ਖਾਤਾ ਨੰ. : ਐੱਲ ਏ ਪੀ-ਜੇ ਡੀ ਐੱਚ-419**
**ਕਰਜ਼ਦਾਰ ਅਤੇ ਗਰੰਟਰ :** (1) ਸ੍ਰੀ ਸਤਨਾਮ ਸਿੰਘ ਪੁੱਤਰ ਨਛੱਤਰ ਸਿੰਘ, ਵਾਸੀ ਡਾਕਖਾਨਾ ਫਤਹਿਗੜ੍ਹ ਪੰਜਤੂਰ, ਮਹਿਲੇਵਾਲਾ, ਫਿਰੋਜ਼ਪੁਰ, ਪੰਜਾਬ-142043, (2) ਸ੍ਰੀਮਤੀ ਜਸਵਿੰਦਰ ਕੌਰ ਪਤਨੀ ਸਤਨਾਮ ਸਿੰਘ, ਵਾਸੀ ਡਾਕਖਾਨਾ ਫਤਹਿਗੜ੍ਹ ਪੰਜਤੂਰ, ਮਹਿਲੇਵਾਲਾ, ਫਿਰੋਜ਼ਪੁਰ, ਪੰਜਾਬ 142043 **ਗਰੰਟਰ :** ਸ੍ਰੀ ਸਤਨਾਮ ਸਿੰਘ ਪੁੱਤਰ ਗੁਰਚਰਨ ਸਿੰਘ, ਵਾਸੀ ਮਹਿਲੇਵਾਲਾ, ਫਿਰੋਜ਼ਪੁਰ, ਪੰਜਾਬ-142043
**ਬਕਾਇਆ ਰਕਮ :** ਰੁ. 18,56,476.00 ਸਮੇਤ ਭਵਿੱਖੀ ਵਿਆਜ ਅਤੇ ਚਾਰਜਿਜ਼।
**ਜਾਇਦਾਦ ਦਾ ਵੇਰਵਾ :** ਬੈਨਾਮਾ ਨੰ. 2022-23/119/1/523 ਮਿਤੀ 25.08.2022 ਅਨੁਸਾਰ ਸ੍ਰੀਮਤੀ ਜਸਵਿੰਦਰ ਕੌਰ ਪਤਨੀ ਸਤਨਾਮ ਸਿੰਘ ਵਾਸੀ ਡਾਕਖਾਨਾ ਫਤਹਿਗੜ੍ਹ ਪੰਜਤੂਰ, ਮਹਿਲੇਵਾਲਾ, ਫਿਰੋਜ਼ਪੁਰ, ਪੰਜਾਬ-142043 ਦੇ ਨਾਂਅ 'ਤੇ ਉਚਿਤ ਗਿਰਵੀਨਾਮਾ/ਜਾਇਦਾਦ ਦੀ ਨਿਸ਼ਾਨਦੇਹੀ ਰਕਬਾ 17 ਮਰਲੇ, ਖਸਰਾ ਨੰ. 8//15/1 (7-0), 16/1 (4-0), 25/2 (4-0) 9//8 (8-0) 9/1 (6-0), 10 (7-4), 12/1 (6-0), 13 (8-0) ਖੱਤਾ ਨੰ. 148, ਜਮ੍ਹਾਂਬੰਦੀ ਸਾਲ 2019-2020, ਪਿੰਡ ਮਹਿਲੇਵਾਲਾ, ਤਹਿਸੀਲ ਜ਼ੀਰਾ, ਫਿਰੋਜ਼ਪੁਰ, ਪੰਜਾਬ (ਇਸ ਤੋਂ ਬਾਅਦ "ਉਕਤ ਜਾਇਦਾਦ" ਵਜੋਂ ਹਵਾਲਾ)

**ਕਰਜ਼ਾ ਖਾਤਾ ਨੰ. : ਐੱਲ ਏ ਪੀ-ਜੇ ਡੀ ਐੱਚ-967**
**ਕਰਜ਼ਦਾਰ ਅਤੇ ਗਰੰਟਰ :** (1) ਸ਼ਾਮ ਸਿੰਘ ਪੁੱਤਰ ਕੱਕਾ ਸਿੰਘ ਵਾਸੀ ਪਿੰਡ ਮੰਡਾਲਾ ਛਨਾ, ਯੂਸਫਪੁਰ ਦਾਰੇਵਾਲ, ਜਲੰਧਰ, ਪੰਜਾਬ-144629 (2) ਸ੍ਰੀਮਤੀ ਸ਼ਿੰਦਰਪਾਲ ਕੌਰ ਪਤਨੀ ਸ਼ਾਮ ਸਿੰਘ, ਵਾਸੀ ਪਿੰਡ ਮੰਡਾਲਾ ਛੰਨਾ, ਯੂਸਫਪੁਰ ਦਾਰੇਵਾਲ, ਜਲੰਧਰ, ਪੰਜਾਬ 144629 (3) ਸ੍ਰੀ ਕੱਕਾ ਸਿੰਘ ਪੁੱਤਰ ਮਹਾਲਾ ਸਿੰਘ, ਵਾਸੀ ਪਿੰਡ ਮੰਡਾਲਾ ਛੰਨਾ, ਯੂਸਫਪੁਰ ਦਾਰੇਵਾਲ, ਜਲੰਧਰ, ਪੰਜਾਬ-144629 **ਗਰੰਟਰ :** ਸ੍ਰੀ ਬਲਕਾਰ ਸਿੰਘ ਪੁੱਤਰ ਭਾਗ ਸਿੰਘ, ਵਾਸੀ ਪਿੰਡ ਮੰਡਾਲਾ ਛੰਨਾ, ਯੂਸਫਪੁਰ, ਦਾਰੇਵਾਲ, ਜਲੰਧਰ, ਪੰਜਾਬ-144629
**ਬਕਾਇਆ ਰਕਮ :** 15,85,677.00 ਸਮੇਤ ਭਵਿੱਖੀ ਵਿਆਜ ਅਤੇ ਚਾਰਜਿਜ਼
**ਜਾਇਦਾਦ ਦਾ ਵੇਰਵਾ :** ਤਬਾਦਲਾ ਬੈਨਾਮਾ ਨੰ. 2023-24/178/1/698 ਮਿਤੀ 19.12.2023 ਅਨੁਸਾਰ ਰਕਬਾ 1 ਕਨਾਲ 00 ਮਰਲਾ, ਵਾਕਿਆ ਰਕਬਾ ਪਿੰਡ ਮੰਡਾਲਾ ਛੰਨਾ, ਨੇੜੇ ਗੁਰਦੁਆਰਾ ਸਾਹਿਬ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ 144629, ਖੇਵਟ ਖਤੌਨੀ ਨੰ. 390/499, ਖਸਰਾ ਨੰ. 50//21 (7-12), ਹਦਬਸਤ ਨੰ. 211, ਜਮ੍ਹਾਂਬੰਦੀ ਸਾਲ 2020-2021, ਵਾਕਿਆ ਰਕਬਾ ਪਿੰਡ ਮੰਡਾਲਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144629 (ਇਸ ਤੋਂ ਬਾਅਦ "ਉਕਤ ਜਾਇਦਾਦ" ਵਜੋਂ ਹਵਾਲਾ)

ਅਸੀਂ ਨੋਟਿਸ ਸੈਕਸ਼ਨ 13(2)- ਡਿਮਾਂਡ ਨੋਟਿਸ ਸਾਡੀ ਕੰਪਨੀ ਐਕਸਕਲਿਊਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਬੀ ਐੱਮ ਸੀ ਚੌਂਕ, ਨੇੜੇ ਟੀ ਵੀ ਐੱਸ ਸ਼ੋਅਰੂਮ, ਜਲੰਧਰ, ਪੰਜਾਬ ਦੀ ਤਰਫੋਂ ਜਾਰੀ ਕਰ ਰਹੇ ਹਾਂ ਅਤੇ ਤੁਹਾਨੂੰ ਸੰਬੋਧਿਤ ਕਰ ਰਹੇ ਹਾਂ ਅਤੇ ਹੇਠਲਾ ਨੋਟਿਸ ਹੇਠ ਅਨੁਸਾਰ ਜਾਰੀ ਕਰ ਰਹੇ ਹਾਂ :

1. ਸਾਡੀ ਕੰਪਨੀ ਦੱਸਦੀ ਹੈ ਕਿ ਪਹਿਲੇ ਤੁਸੀਂ ਕਰਜ਼ਾ ਸਹੂਲਤ ਲੈਣ ਲਈ ਸਾਡੀ ਕੰਪਨੀ ਤੱਕ ਪਹੁੰਚ ਕੀਤੀ ਹੈ। ਸਾਡੀ ਕੰਪਨੀ ਦੱਸਦੀ ਹੈ ਕਿ ਉਸ ਸਮੇਂ ਤੁਸੀਂ ਆਪਣੇ ਆਪ ਨੂੰ ਵਿੱਤੀ ਤੌਰ 'ਤੇ ਮਜ਼ਬੂਤ ਦੱਸਿਆ ਸੀ ਅਤੇ ਕੀਤੇ ਜਾਣ ਵਾਲੇ ਪ੍ਰਬੰਧ ਅਧੀਨ ਤੁਹਾਡੇ ਵਚਨ ਸਤਕਾਰ ਕਰਨ ਦੀ ਪੁਜ਼ੀਸ਼ਨ 'ਚ ਹੋਣਗੇ, ਸਾਡੀ ਕੰਪਨੀ ਨੇ ਤੁਹਾਡੀ ਬੇਨਤੀ ਦੇ ਅਧਾਰ 'ਤੇ ਅਜਿਹਾ ਕੀਤਾ ।
2. ਇਕ ਕਰਜ਼ਾ ਇਕਰਾਰਨਾਮਾ ਜਿਸ 'ਚ ਕਰਜ਼ਾ ਖਾਤਾ ਨੰ. ਜਿਵੇਂ ਉਪਰ ਦਰਸਾਇਆ ਗਿਆ (ਇਸ ਤੋਂ ਬਾਅਦ "ਸਹੂਲਤ ਇਕਰਾਰਨਾਮਾ" ਵਜੋਂ ਹਵਾਲਾ) ਤੁਹਾਡੇ ਅਤੇ ਐਕਸਕਲਿਊਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਵਿਚਾਲੇ ਲਾਗੂ ਹੋਇਆ ਸੀ (ਇਸ ਤੋਂ ਬਾਅਦ "ਕਰਜ਼ਦਾਤਾ" ਵਜੋਂ ਹਵਾਲਾ) ਜਿਸ ਤਹਿਤ ਤੁਸੀਂ ਵਿੱਤੀ ਸਹੂਲਤ/ਕਰਜ਼ਾ ਪ੍ਰਾਪਤ ਕੀਤਾ ਸੀ (ਇਸ ਤੋਂ ਬਾਅਦ "ਸਹੂਲਤ" ਵਜੋਂ ਹਵਾਲਾ)
3. ਕਰਜ਼ਾ ਇਕਰਾਰਨਾਮਾ ਦੀਆਂ ਸ਼ਰਤਾਂ ਤਹਿਤ ਤੁਸੀਂ ਦਰਸਾਈ ਜਾਇਦਾਦ ਸੰਬੰਧੀ ਰਹਿਣ ਕਰਨ ਲਈ, ਹੋਰ ਗੱਲਾਂ ਤੋਂ ਇਲਾਵਾ ਕੁਝ ਦਸਤਾਵੇਜ਼, ਜਿਨ੍ਹਾਂ 'ਚ ਉਕਤ ਜਾਇਦਾਦ ਦਾ ਬੈਨਾਮਾ, ਉਕਤ ਸਹੂਲਤ ਹਾਸਿਲ ਕਰਨ ਲਈ ਜਮ੍ਹਾਂ ਕਰਵਾਏ ਸਨ।
4. ਕਰਜ਼ਦਾਤਾ ਵਜੋਂ ਸਾਡੇ ਖਾਤੇ ਦੀ ਸਟੇਟਮੈਂਟ ਅਤੇ ਰਿਕਾਰਡਜ਼ ਅਨੁਸਾਰ, ਤੁਸੀਂ ਸਹੂਲਤ ਦੀਆਂ ਮੂਲ ਕਿਸ਼ਤਾਂ ਅਤੇ ਵਿਆਜ ਦੀ ਅਦਾਇਗੀ ਕਰਨ 'ਚ ਅਸਫਲ ਰਹੇ ਹੋ ਅਤੇ ਉਕਤ ਬਕਾਏ ਨਿਪਟਾਉਣ 'ਚ ਵੀ ਨਾਕਾਮ ਰਹੇ ਹੋ। ਨਤੀਜੇ ਵਜੋਂ, ਭਾਰਤੀ ਰਿਜ਼ਰਵ ਬੈਂਕ ਵੱਲੋਂ ਸਮੇਂ-ਸਮੇਂ 'ਤੇ ਐਸਟ ਵਰਗੀਕਰਨ ਸੰਬੰਧੀ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕਿਉਰਡ ਕ੍ਰੈਡਿਟਰ ਦੇ ਵਹੀ-ਖਾਤਿਆਂ 'ਚ ਕਰਜ਼ਾ ਖਾਤਾ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ।
5. 04.08.2025 ਨੂੰ ਬਿਜਨਸ ਦੇ ਆਮ ਕੰਮ-ਕਾਜ 'ਚ ਤੁਹਾਡੇ ਖਾਤੇ 'ਚ ਕਾਇਮ ਵੇਰਵੇ ਅਨੁਸਾਰ, ਉਥੇ ਕੁਲ ਬਕਾਇਆ ਰਕਮ, ਜਿਵੇਂ ਉਪਰ ਦਰਸਾਇਆ ਗਿਆ ਹੈ, ਤੁਹਾਡੇ ਵੱਲ ਅਦਾਇਗੀ ਲਈ ਬਕਾਇਆ ਹੈ। ਉਕਤ ਬਕਾਏ ਦੇ ਨਾਲ ਤੁਸੀਂ 04.08.2025 ਤੋਂ ਬਾਅਦ ਕਰਜ਼ਾ ਖਾਤੇ 'ਤੇ ਲਾਗੂ ਵਿਆਜ ਅਤੇ ਚਾਰਜਿਜ ਅਦਾ ਕਰਨ ਲਈ ਵੀ ਜਵਾਬਦੇਹ ਹੋ।
6. ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਨੋਟਿਸ ਐਕਟ ਦੇ ਸੈਕਸ਼ਨ 13 (2) ਤਹਿਤ ਜਾਰੀ ਕੀਤਾ ਗਿਆ ਹੈ। ਮੌਜੂਦਾ ਨੋਟਿਸ ਦੇ ਅਨੁਸਾਰ ਅਸੀਂ ਤੁਹਾਨੂੰ ਉਕਤ ਰਕਮ ਉਪਰੋਕਤ ਦਰਸਾਏ 60 ਦਿਨਾਂ ਦੇ ਅੰਦਰ ਐਕਸਕਲਿਊਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਦੇ ਹੱਕ 'ਚ ਅਦਾਇਗੀ ਕਰਨ ਦਾ ਸੱਦਾ ਦਿੰਦੇ ਹਾਂ, ਅਸਫਲ ਰਹਿਣ 'ਤੇ ਉਕਤ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 'ਚ ਦਰਸਾਏ ਅਧਿਕਾਰਾਂ ਦੀ ਵਰਤੋਂ ਕਰਾਂਗੇ, ਜਿਸ ਵਿੱਚ ਸਕਿਉਰਡ ਐੱਸਟ ਦਾ ਕਬਜ਼ਾ ਲੈਣਾ ਅਤੇ ਸਾਡੇ ਬਕਾਏ ਦੀ ਵਸੂਲੀ ਲਈ ਉਸ ਨੂੰ ਵਿਕਰੀ ਕਰਨਾ ਸ਼ਾਮਲ ਹੈ।
7. ਤੁਹਾਨੂੰ ਅੱਗੇ ਧਿਆਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਐਕਟ ਦੇ ਸੈਕਸ਼ਨ 13 (13) ਅਨੁਸਾਰ, ਸਾਡੀ ਲਿਖਤੀ ਅਗਾਊਂ ਮਨਜ਼ੂਰੀ ਤੋਂ ਬਿਨਾਂ ਤੁਹਾਡੇ 'ਤੇ ਉਪਰੋਕਤ ਸਕਿਉਰਡ ਐੱਸਟਸ ਨੂੰ ਸੌਦੇਬਾਜ਼ੀ ਜਾਂ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ (ਸਿਵਾਏ ਆਮ ਕੰਮਕਾਜ ਦੇ ਇਲਾਵਾ) ਨਿਪਟਾਰਾ ਕਰਨ ਸੰਬੰਧੀ ਰੋਕ/ਪਾਬੰਦੀ ਹੈ।

ਅਸੀਂ ਦੱਸਦੇ ਹਾਂ ਕਿ ਉਕਤ ਐਕਟ ਦੇ ਸੈਕਸ਼ਨ 13(13) ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰਨਾ ਉਕਤ ਐਕਟ ਦੇ ਸੈਕਸ਼ਨ 29 ਤਹਿਤ ਦੰਡਯੋਗ ਜੁਰਮ ਹੈ।

8. ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਇਹ ਨੋਟਿਸ ਸਾਨੂੰ ਉਪਲਬਧ ਅਧਿਕਾਰਾਂ ਅਤੇ ਹੱਲਾਂ ਤਹਿਤ ਬਿਨਾਂ ਕਿਸੇ ਪੱਖਪਾਤ ਦੇ ਤੁਹਾਨੂੰ ਭੇਜਿਆ ਗਿਆ ਹੈ, ਜਿਸ ਵਿੱਚ ਉਕਤ ਬਕਾਇਆ ਰਕਮ ਦੀ ਵਸੂਲੀ ਲਈ ਸੰਬੰਧਤ ਅਦਾਲਤਾਂ ਅਤੇ/ਜਾਂ ਟ੍ਰਿਬਿਊਨਲ ਸਨਮੁੱਖ ਕਾਨੂੰਨੀ ਕਾਰਵਾਈ ਕਰਨਾ ਵੀ ਸ਼ਾਮਲ ਹੈ।
9. ਇਸ ਸੰਬੰਧੀ ਕਿਸੇ ਤਰ੍ਹਾਂ ਦਾ ਪੱਤਰ ਵਿਹਾਰ ਅਧਿਕਾਰਤ ਅਫਸਰ ਦੇ ਹੇਠਾਂ ਦਰਸਾਏ ਪਤੇ :- ਕਾਰਪੋਰੇਟ ਦਫਤਰ : ਐਕਸਕਲਿਊਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਬੀ ਐੱਮ ਸੀ ਚੌਂਕ ਨੇੜੇ ਟੀ ਵੀ ਐੱਸ ਸ਼ੋਅਰੂਮ, ਜਲੰਧਰ, ਪੰਜਾਬ 'ਤੇ ਕੀਤਾ ਜਾ ਸਕਦਾ ਹੈ। ਇਸ ਲਈ ਤੁਹਾਨੂੰ ਡਿਮਾਂਡ ਨੋਟਿਸ ਤਹਿਤ ਇਸ ਨੋਟਿਸ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਤਹਿਤ ਅਗਲੀ ਕਾਰਵਾਈ ਟਾਲੀ ਜਾ ਸਕੇ, ਜੋ ਤੁਹਾਡੀਆਂ ਲਾਗਤਾਂ ਅਤੇ ਨਤੀਜਿਆਂ 'ਤੇ ਹੋਵੇਗੀ, ਜਿਸ ਵੱਲ ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ।

ਵਾਸਤੇ ਐਕਸਕਲਿਊਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ
ਮਿਤੀ : 06.08.2025 ਅਧਿਕਾਰਤ ਅਫਸਰ।


THE LANDMARK SCHOOL
THE LANDMARK SCHOOL · DREAM · AIM · ACHIEVE
ADMISSION OPEN
SESSION 2026-27
BE A PART OF INDIA'S TOP SCHOOL
THE PREMIER CBSE SCHOOL
ADAMPUR ROAD, BHOGPUR
M : 708 708 9356 | www.thelandmarkedu.com


WE CARE FOR YOUR HEALTH
NITIKA PATH LABS
ਨੀਤੀਕਾ ਪੈਥ ਲੈਬਸ
ਲੈਬੋਰੇਟਰੀ
88724-46992
e-mail : nitikapathlabs@gmail.com
ਪਹਿਲੀ ਲੈਬੋਰੇਟਰੀ ਬੀ ਪੀ ਓ ਪੱਜੋਦਿਓਤਾ, ਭੋਗਪੁਰ - ਬੁੱਲੋਵਾਲ ਰੋਡ ਜਿਲ੍ਹਾ ਹੁਸ਼ਿਆਰਪੁਰ
ਦੂਜੀ ਲੈਬੋਰੇਟਰੀ ਸਾਹਮਣੇ ਪੁਲਿਸ ਸਟੇਸ਼ਨ, ਡੇਅਰੀ ਵਾਲੀ ਗਲੀ, ਨੇੜੇ ਪ੍ਰਾਇਮਰੀ ਸਕੂਲ ਭੋਗਪੁਰ



ਭੰਡਾਰੀ ਕਾਰ ਬਜ਼ਾਰ
ਦੋ ਘੰਟੇ ਵਿੱਚ ਲੋਨ ਕਰਵਾ ਕੇ ਆਪਣੀ ਮਨਪਸੰਦ ਕਾਰ ਆਪਣੇ ਘਰ ਲਿਜਾ ਸਕਦੇ ਹੋ
ਤਨਖਾਹ 10 ਹਜ਼ਾਰ ਤੋਂ 15 ਹਜ਼ਾਰ
ਕਲੈਰੀਕਲ ਕੰਮ ਕਰਨ ਵਾਸਤੇ ਲੜਕੇ ਲੜਕੀਆਂ ਅਤੇ ਗੱਡੀਆਂ ਦੀ ਧੁਵਾਈ ਵਾਸਤੇ ਲੜਕਿਆਂ ਦੀ ਜ਼ਰੂਰਤ ਹੈ। ਮਿਲਣ ਦਾ ਸਮਾਂ ਸਵੇਰੇ 9 ਵਜੇ ਤੋਂ 10 ਤੱਕ,
ਜੀ.ਟੀ. ਰੋਡ, ਭੋਗਪੁਰ 62800-30861


ਨਿਰਾਸ਼ ਰੋਗੀ ਮਿਲੋ
ਰਣਜੀਤ ਹਸਪਤਾਲ
Dr. Ranjit Singh (MBBS, MD, AM)
Dr. Ravinder Singh (MD, Medicine PB), Prem Parkash (MBBS, Ex. PCMS-1)
Dr. Ramandeep Kaur (BAMS)
ਗੋਡੇ ਦੀ ਦਰਦ ਇੱਕ ਘੰਟੇ 'ਚ ਖ਼ਤਮ
ਮਰੀਜ਼ ਨੂੰ ਚੈਕ ਕਰਨ ਜਾਂ ਸਲਾਹ ਲੈਣ ਦੀ ਕੋਈ ਫੀਸ ਨਹੀਂ
ਇੱਥੇ ਜੋੜਾਂ ਦੀਆਂ ਦਰਦਾਂ, ਰੀਹ, ਗਠੀਆ, ਸਰਵਾਈਕਲ, ਡਿਸਕ ਦਾ ਹਿੱਲ ਜਾਣਾ ਜਾਂ ਆਪਣੀ ਜਗ੍ਹਾ ਤੋਂ ਖਿਸਕ ਜਾਣਾ, ਗੋਡਿਆਂ ਦੀਆਂ ਦਰਦਾਂ ਦਾ ਇਲਾਜ, ਪੇਟ ਦਰਦ, ਗੈਸ, ਕਬਜ਼, ਕਿੱਲ, ਸ਼ਾਹੀਆਂ, ਪੀਲੀਆ, ਹੱਥਾਂ-ਪੈਰਾਂ ਦਾ ਸੌਣਾ ਜਾਂ ਸੋਜ, ਟੁੱਟੀਆਂ ਹੱਡੀਆਂ ਦਾ ਇਲਾਜ, ਛਾਤੀ ਦੀਆਂ ਬਿਮਾਰੀਆਂ ਅਤੇ ਗੁਰਦੇ ਦੀ ਪੱਥਰੀ ਦਾ ਇਲਾਜ ਤਸੱਲੀਬਖਸ਼ ਕੀਤਾ ਜਾਂਦਾ ਹੈ।
ਪਤਾ : ਲੜੋਈ ਰੋਡ, ਭੋਗਪੁਰ, ਮੋ. : 92179-89271


ਵਿਸ਼ਵਕਰਮਾ ਟਰੇਡਿੰਗ ਕੰਪਨੀ
ਮਾਣਕਰਾਏ ਵਾਲੇ
ਸਨਮਾਈਕਾ ਬੋਰਡ, ਪਲਾਈ, ਸ਼ੀਸ਼ਾ, ਹਾਰਡਵੇਅਰ, ਚਿਮਨੀਆਂ ਚੁੱਲ੍ਹੇ, ਕਿਚਨ ਸੈਸਰੀ, ਫੈਂਸੀ ਮੋਲਡਿੰਗ
Adampur Road, Bhogpur (Jalandhar)
Office : 98764-68441, Ph. 0181-5050362
Prop. : Kundan Singh Rehsi
Mob. 98720-32361
ਕੁੰਦਨ ਸਿੰਘ ਰਹਿਸੀ
ਪ੍ਰਧਾਨ ਵਿਸ਼ਵਕਰਮਾ ਭਵਨ ਕਮੇਟੀ
ਜਸਦੀਪ ਸਿੰਘ ਜੱਸੀ, ਪ੍ਰੋਪ.
ਕੰਮ ਕਰਨ ਲਈ ਕਾਰਗੀਗਰਾਂ ਦਾ ਖਾਸ ਪ੍ਰਬੰਧ ਹੈ।


ਪ੍ਰੀਤ ਸਾਊਂਡ 94636-82748
PREET HI-FI DJ
ਡੀ.ਜੇ + ਜਾਗੋ + ਢੋਲੀ+ਲੜੀਆਂ+ ਸਾਊਂਡ
+ ਰਾਤ ਦੇ ਖਾਣੇ ਤੇ ਲਾਈਟ + ਜਨਰੇਟਰ + ਐਲ.ਈ.ਡੀ ਸਕਰੀਨ, ਨੇਮ ਪਲੇਟ
ਸਪੈਸ਼ਲ ਆਫਰ
ਸਾਰਾ ਕੁਝ ਸਿਰਫ 21,000 ਰੁ: ਵਿੱਚ
ਪ੍ਰੀਤ ਸਾਊਂਡ
ਇੱਥੇ ਧਾਰਮਿਕ ਪ੍ਰੋਗਰਾਮਾਂ, ਵਿਆਹ ਸ਼ਾਦੀਆਂ ਤੇ ਵਧੀਆ ਸਾਊਂਡ ਦਾ ਖਾਸ ਪ੍ਰਬੰਧ ਹੈ
ਨੋਟ:- ਇੱਥੇ ਟੈਂਟ ਅਤੇ ਕੈਟਰਿੰਗ ਦਾ ਵੀ ਖਾਸ ਪ੍ਰਬੰਧ ਹੈ ਨੋਟ:- ਖਾਣੇ ਦਾ ਠੇਕਾ ਵੀ ਕੀਤਾ ਜਾਂਦਾ ਹੈ
ਗੁਰੂ ਨਾਨਕ ਮਾਰਕਿਟ, ਨੇੜੇ ਸ਼ਹੀਦ ਭਗਤ ਸਿੰਘ ਚੌਂਕ ਭੋਗਪੁਰ
ਇੱਥੇ ਹਰ ਪ੍ਰਕਾਰ ਦੇ ਜਨਰੇਟਰ ਕਿਰਾਏ ਤੇ ਮਿਲਦੇ ਹਨ
ਮੋਬਾ :- 94636-82748


ARORA HOSPITAL BHOGPUR
ਅਰੋੜਾ ਹਸਪਤਾਲ
ਮੈਟਰਨਿਟੀ ਹੋਮ ਅਤੇ ਲੈਪਰੋਸਕੋਪੀ ਸੈਂਟਰ
ਸਿਹਤਮੰਦ ਮਾਂ ਸਿਹਤਮੰਦ ਬੱਚਾ
ਖੁਸ਼ਹਾਲ ਪਰਿਵਾਰ!
ਨੌਰਮਲ ਅਤੇ ਸਿਜ਼ੇਰਿਯਨ ਡਿਲੀਵਰੀ
ਔਰਤਾਂ ਦੇ ਰੋਗਾਂ ਦਾ ਇਲਾਜ
ਬੱਚੇਦਾਨੀ ਦਾ ਆਪ੍ਰੇਸ਼ਨ
ਨਵਜੰਮੇ ਬੱਚੇ ਦੀ ਦੇਖਭਾਲ
DR. MANDEEP KAUR ARORA
M.S GYNE & OBST
FELLOWSHIP IN LAPAROSCOPY
& INFERTILITY
181-5050300, 98154-61983
OPPOSITE ELECTRICITY BOARD, G.T. ROAD BHOGPUR.


ST. SOLDIER DIVINE PUBLIC SCHOOL BHOGPUR
AFFILIATED TO CBSE DELHI VIDE NO.1630227
VICTORY WITH DETERMINATION
ST. SOLDIER DIVINE PUBLIC SCHOO BHOGPUR
AFFILIATED TO CBSE VIDE NO. 1630227
12TH CLASS TOPPERS 2025-26
AMRITPAL SINGH (94.4 % COMM)
AMRITPAL SINGH (91.4% COMM)
KARANVEER SINGH (91.2% COMM)
NAVNEET KAUR (91% SUPER.MED)
HARLEEN KAUR (90% COMM)
TOPPERS 12TH CLASS 2025-26
ST. SOLDIER DIVINE PUBLIC SCHOOL BHOGPUR
10th class TOPPERS 2025-26
DIVYA (94.2%)
GURKIRAN KAUR (93.8%)
KIRANLEEN KAUR (92%)
PUNEET KAUR (91.6%)
NAVDEEP KAUR (91.4%)
GURWINDEP SINGH (90.8%)
DIVYA ANAND (90%)
THE PROGRAMS INCLUDES:
EXPERIENCED TEACHERS
SAFE ENVIRONMENT
ACADEMIC EXCELLENCE
MODERN FACILITIES
SPORTS & ACTIVITIES
WELL EQUIPPED SCI LABS
CHARACTER DEVELOPMENT
"UNLOCK YOUR CHILD'S FUTURE REGISTER TODAY FOR A BRIGHTER TOMORROW"
Register Now
98726-75675
62831-50767
PRINCIPAL:-MR.AMRIK SINGH
BACK SIDE POLICE STATION LAROI ROAD BHOGPUR


St. Mary's Convent School
Affiliated with INDIAN SCHOOL CERTIFICATE EXAMINATIONS, NEW DELHI
BHOGPUR
Where Excellence Meets Values
Why Choose Us?
SPACIOUS, WELL VENTILATED, SMART CLASSROOMS.
WELL FURNISHED MODERN SCIENCE & COMPUTER LABS.
SPORTS ARTS AND CULTURAL EVENTS.
WELL STOCKED LIBRARY & SEMINAR HALLS.
CCTV SURVEILLANCE & SECURE CAMPUS.
SAFE, COLOURFUL KINDERGARTEN WING.
24*7 POWER SUPPLY.
FULLY AIR CONDITIONED JUNIOR WING
Our Uniqueness
VALUE BASED EDUCATION ROOTED IN FAITH & INTEGRITY.
HOLISTIC DEVELOPMENT.
EXPERIENCED & DEDICATED FACULTY.
RESPECTING EVERY CHILD'S POTENTIAL.
BLEND OF MODERN PEDAGOGY & TRADITIONAL VALUES.
Enrichment Programmes
ACADEMIC COMPETITIONS, DEBATES, QUIZZES
INTER-HOUSE & INTER-SCHOOL TOURNAMENTS
EXCURSIONS & FIELD TRIPS
SCIENCE EXHIBITIONS & CARNIVALS
EUROLINK ASSISTED LEARNING
mariansbhogpur
Mariansbhogpur
Contact us:-
+91 9878204843
0181-2724839
St. Mary's Convents School Sadha Chak Bhogpur
St. Mary's Convent School, Sadha Chak, Bhogpur


SAMRAT SWEETS
ਸਮਰਾਟਸ ਸਵੀਟਸ
ਲੁਹਾਰਾਂ ਚਾੜ੍ਹਕੇ ਰੋਡ, ਭੋਗਪੁਰ
ਇੱਥੇ ਹਰ ਪ੍ਰਕਾਰ ਦੀਆਂ ਮਠਿਆਈਆ ਦੇ ਹੋਲਸੇਲ ਰੇਟ 'ਤੇ ਆਰਡਰ ਬੁੱਕ ਕੀਤੇ ਜਾਂਦੇ ਹਨ।
ਭੋਗਪੁਰ ਇਲਾਕੇ ਵਿੱਚ ਸਭ ਤੋਂ ਵੱਡਾ ਸ਼ੋਅ ਰੂਮ ਬਣ ਕੇ ਤਿਆਰ ਹੈ।
ਮੋਬਾ. 90840-00047, 98721-14356


ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਬਲਵਿੰਦਰ ਸਿੰਘ
ਹੈੱਡ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ ਲੁਹਾਰਾਂ ਜਾਣਕਰਾਏ ਬਲਾਕ ਅਲਾਵਲਪੁਰ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਬਲਜੀਤ ਸਿੰਘ
ਸਕੂਲ ਇੰਚਾਰਜ ਸਰਕਾਰੀ ਮਿਡਲ ਸਕੂਲ, ਸਨੌਰਾ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਭੁਪਿੰਦਰ ਸਿੰਘ
ਜੀ ਪੀ ਐੱਸ ਰਾਸਤਗੋ ਸਕੂਲ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਭੁਪਿੰਦਰ ਸਿੰਘ
ਇੰਚਾਰਜ ਸਰਕਾਰੀ ਪ੍ਰਾਇਮਰੀ ਸਕੂਲ ਸੰਧਮ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਦੀਕਸ਼ਿਤ ਕੁਮਾਰ
ਇੰਚਾਰਜ ਜੀ. ਐੱਮ. ਐੱਸ ਇੱਟਾਂ ਬੱਧੀ ਬਲਾਕ ਭੋਗਪੁਰ ਜਿਲਾ ਜਲੰਧਰ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਮੈਡਮ ਗੁਰਪ੍ਰੀਤ ਕੌਰ
ਸਕੂਲ ਇੰਚਾਰਜ ਸਰਕਾਰੀ ਪ੍ਰਾਇਮਰੀ ਸਕੂਲ, ਬਿਨਪਾਲਕੇ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸਰਪੰਚ ਜਸਵਿੰਦਰ ਕੌਰ
ਪਿੰਡ ਨੰਗਲ ਅਰਾਈਆਂ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਪਰਮਵੀਰ ਸਿੰਘ ਸੈਣੀ
ਸਮਾਜ ਸੇਵਕ ਪਿੰਡ ਨੰਗਲ ਅਰਾਈਆਂ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਜਸਵਿੰਦਰ ਸਿੰਘ
ਹੈਡ ਮਾਸਟਰ ਸਰਕਾਰੀ ਹਾਈ ਸਕੂਲ ਲੁਹਾਰਾ (ਮ)
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਕੁਲਵਿੰਦਰ ਸਿੰਘ
ਸਰਪੰਚ ਪਿੰਡ ਇੱਟਾਂ ਬੱਧੀ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਜਸਵੰਤ ਸਿੰਘ
ਹੈਡ ਟੀਚਰ ਜੀ ਪੀ ਐੱਸ ਚੱਕ ਸੰਧਾ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਪ੍ਰਭਜੀਤ ਬਾਂਸਲ
ਸੀ ਐੱਚ ਟੀ ਮਾਣਕਰਾਏ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਰਜਿੰਦਰ ਸਿੰਘ
ਹੈੱਡ ਮਾਸਟਰ ਜੀ ਪੀ ਐੱਸ ਰਾਸਤਗੋ ਸਕੂਲ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਰਣਵਿਜੇ ਸਿੰਘ ਬੰਗੜ
ਇੰਚਾਰਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜੋਆ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸਤਿੰਦਰ ਕੁਮਾਰ
ਇੰਚਾਰਜ ਸਰਕਾਰੀ ਪ੍ਰਾਇਮਰੀ ਸਕੂਲ, ਪਤਿਆਲਾ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸ਼ਾਂਤੀ ਰਾਣੀ
ਈ ਟੀ ਟੀ ਟੀਚਰ ਜੀ ਪੀ ਐੱਸ, ਚੱਕ ਸੰਧਾ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸ਼ੁਭਮ
ਇੰਚਾਰਜ ਸਰਕਾਰੀ ਪ੍ਰਾਇਮਰੀ ਸਕੂਲ ਸਨੌਰਾ
ਸੁਤੰਤਰਤਾ ਦਿਵਸ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਤਰਸੇਮ ਸਿੰਘ
ਸਰਪੰਚ ਪਿੰਡ ਰਾਜਪੁਰ
ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਰਾਜਪੁਰ, ਹੈੱਡ ਮਾਸਟਰ ਮੈਡਮ ਬਲਜਿੰਦਰ ਕੌਰ ਨਾਲ ਸਕੂਲ ਸਟਾਫ।


DIPS Bhogpur
Where Learning Meets Excellence
Classes Offered: Pre-Nursery onwards
Special Offer:
50% Transport Fee for Pre-Nursery & Nursery students.
Fully Air-Conditioned Campus for a comfortable learning environment.
Why Choose DIPS Bhogpur?
Experienced and caring faculty
Smart classes & computer-aided learning lab
Library & well-equipped playground
Co-curricular & extra-curricular activities for all-round development
Safe & secure environment with CCTV surveillance
ADMISSIONS OPEN SESSION 2025–26
Playgrounds for volley ball, basket ball, football, pickle ball, cricket pitch, skating, shooting range etc in school
Add.: Binpalke Nangal, Adampur Road, Bhogpur, Jalandhar
Contact: 9501349639, 9878448375
Website: dipsbhogpur.in